# ਕੈਨੇਡਾ ਦਰਪਣ

ਜੁਲਾਈ 1-14, 1988

**July 1-14, 1988**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

JULY 1-14, 1988 Vol. 07 No. 18 Out of Greater Vancouver 75¢ Second Class Mail Reg. No. 5991

# ਕੈਨੇਡਾ ਦਰਪਣ

The Canada Darpan The Punjabi Newspaper

Ph. (604) 581-4473
P.O.BOX 265, Surrey, B.C. V3T 4W8

## ਬਹੁਤੇ ਕਤਲ ਜ਼ਾਤੀ ਰੰਜਸ਼ਾਂ ਕਾਰਨ ਹਨ

# 24 ਘੰਟਿਆਂ ਵਿਚ 19 ਕਤਲ

ਚੰਡੀਗੜ੍ਹ — ਪਿਛਲੇ 24 ਘੰਟਿਆਂ ਵਿਚ ਪੰਜਾਬ ਦੇ ਵੱਖ ਵੱਖ ਜ਼ਿਲਿਆਂ ਵਿਚ 19 ਕਤਲ ਹੋਣ ਦੀਆਂ ਖਬਰਾਂ ਹਨ। ਖਾਲਿਸਤਾਨ ਕਮਾਂਡੋ ਫੋਰਸ ਦਾ ਇਕ ਅਖੌਤੀ ਜਨਰਲ ਸੁਖਦੇਵ ਸਿੰਘ ਉਰਫ ਸੁੱਖਾ ਜਲੰਧਰ ਲਾਗੇ ਫੜਿਆ ਗਿਆ ਪਰ ਪੁਲੀਸ ਸੂਤਰਾਂ ਦਾ ਕਹਿਣਾ ਹੈ ਕਿ ਸੁੱਖਾ ਪੁਲਸ ਹਿਰਾਸਤ ਵਿਚੋਂ ਦੌੜ ਗਿਆ ਹੈ। ਇਕ ਹੋਰ ਦਹਿਸ਼ਤਗਰਦ ਬਲਬੀਰ ਸਿੰਘ ਅਜਨਾਲੇ ਤੋਂ ਫੜਿਆ ਗਿਆ ਹੈ।

### ਕਪੂਰਥਲੇ 'ਚ 5 ਕਤਲ

ਜ਼ਿਲਾ ਕਪੂਰਥਲਾ ਦੇ ਕਸਬੇ ਸੁਲਤਾਨਪੁਰ ਲੋਧੀ ਵਿਚ ਅੰਧਾਧੁੰਧ ਗੋਲੀਆਂ ਕਾਰਨ ਪੰਜ ਵਿਅਕਤੀ ਮਾਰੇ ਗਏ ਹਨ ਜਦ ਕਿ ਜ਼ਿਲਾ ਸੰਗਰੂਰ ਵਿਚ ਬਰਨਾਲਾ ਵਿਚ ਕੇਦਾਰਨਾਥ ਨਾਂ ਦਾ ਵਿਅਕਤੀ ਉਸਦੇ ਘਰ ਵਿਚ ਹੀ ਕਤਲ ਕਰ ਦਿੱਤਾ ਗਿਆ।

ਅੰਮ੍ਰਿਤਸਰ ਦੇ ਰਸੂੜ ਪਿੰਡ ਵਿਚ ਜਾਗੀਰ ਸਿੰਘ, ਪੱਖੋਵਾਲ ਵਿਚ ਰਤਨ ਸਿੰਘ ਦੀ ਹੱਤਿਆ ਕਰ ਦਿੱਤੀ ਗਈ। ਬਟਾਲਾ ਨੇੜੇ ਰਟਵਾਲ ਪਿੰਡ ਵਿਚ ਇਕ ਦੁੱਧ ਵੇਚਣ ਵਾਲਾ ਹਰਭਜਨ ਸਿੰਘ ਹਲਾਕ ਹੋ ਗਿਆ। ਫੀਰੋਜ਼ਪੁਰ ਵਿਚ ਇਕ ਪਾਕਿਸਤਾਨੀ ਘੁਸਪੈਂਠੀਏ ਨੇ ਪੁਲਸ ਟੁਕੜੀ ਉਤੇ ਗੋਲੀ ਚਲਾਈ ਅਤੇ ਜਵਾਬੀ ਗੋਲਾਬਾਰੀ ਵਿਚ ਉਹ ਘੁਸਪੈਂਠੀਆ ਮਾਰਿਆ ਗਿਆ।

ਜਲੰਧਰ ਜ਼ਿਲੇ ਦੇ ਪਿੰਡ ਲੁਹਾਰਾ ਵਿਚ ਦਹਿਸ਼ਤਗਰਦਾਂ ਹਥੋਂ ਇਕ ਔਰਤ ਹਰਬੰਸ ਕੌਰ ਮਾਰੀ ਗਈ ਅਤੇ ਉਸਦੀ ਲੜਕੀ ਬੁਰੀ ਤਰ੍ਹਾਂ ਜ਼ਖਮੀ ਕਰ ਦਿੱਤੀ ਗਈ। ਇਹੀ ਗ੍ਰੂਹ ਅੱਗੇ ਅਜਨਾਲੇ ਚਲਾ ਗਿਆ, ਉਥੇ ਰੇਸ਼ਮ ਸਿੰਘ ਨਾਂ ਦਾ ਵਿਅਕਤੀ ਗੋਲੀਆਂ ਨਾਲ ਭੁੰਨ ਦਿੱਤਾ ਗਿਆ। ਲੁਹਾਰਾ ਵਿਚ ਹੀ ਇਕ ਮੁਨਸ਼ੀ ਦਾ ਕਤਲ ਵੀ ਕੀਤਾ ਗਿਆ।

### ਗੁਰਦਾਸਪੁਰ ਵਿਚ ਕਤਲ

ਗੁਰਦਾਸਪੁਰ ਦੇ ਪਿੰਡ ਭਵਾਨੀ ਵਿਚ ਅਤਿਵਾਦੀਆਂ ਨੇ ਅਜੀਤ ਸਿੰਘ ਨਾਂ ਦਾ ਇਕ ਵਿਅਕਤੀ ਹਲਾਕ ਕਰ ਦਿੱਤਾ। ਮਜੀਠਾ ਲਾਗੇ ਗੋਲੀਆਂ ਨਾਲ ਛਾਨਣੀ ਕੀਤੀ ਹੋਈ ਇਕ ਲਾਸ਼ ਪੁਲਸ ਨੂੰ ਮਿਲੀ।

### ਟੈਕਸੀ ਡਰਾਈਵਰ ਹਲਾਕ

ਅਤਿਵਾਦੀਆਂ ਨੇ ਲੁਧਿਆਣੇ ਤੋਂ ਇਕ ਟੈਕਸੀ ਕਿਰਾਏ ਤੇ ਲਈ ਤੇ ਅੰਮ੍ਰਿਤਸਰ ਜਾਣ ਲਈ ਕਿਹਾ ਪਰ ਉਹ ਟੈਕਸੀ ਲੈ ਕੇ ਮੁਕੇਰੀਆਂ ਲਾਗੇ ਜਾਕੇ ਟੈਕਸੀ ਡਰਾਈਵਰ ਦੇ ਗੋਲੀ ਮਾਰ ਦਿੱਤੀ ਅਤੇ ਲਾਸ਼ ਬਾਹਰ ਸੁੱਟ ਦਿੱਤੀ। ਟੈਕਸੀ ਲੈ ਕੇ ਅਤਿਵਾਦੀ ਫਰਾਰ ਹੋ ਗਏ।

ਬਾਕੀ ਪੰਨਾ 3 'ਤੇ

# ਸਾਂਝਾ ਅਕਾਲੀ ਦਲ — ਦੋਫਾੜ

## ਹਰਚਰਨ ਸਿੰਘ ਰੋਡੇ ਨਵਾਂ ਜਨਰਲ ਸਕੱਤਰ ਮੁਕੱਰਰ

ਚੰਡੀਗੜ੍ਹ — ਐਤਵਾਰ ਨੂੰ ਲੁਧਿਆਣੇ ਵਿਚ ਸਾਂਝੇ ਅਕਾਲੀ ਦਲ ਦੀ ਐਗਜ਼ੈਕਟਿਵ ਮੀਟਿੰਗ ਸਮੇਂ ਇਕ ਸਨਸਨੀ ਖੇਜ਼ ਧਮਾਕਾ ਹੋਇਆ ਜਿਸ ਵਿਚ ਐਗਜ਼ੈਕਟਿਵ ਨੇ ਬਾਬਾ ਧੜੇ ਦਾ ਪੱਖ ਲੈਂਦਿਆਂ ਬਾਦਲ-ਟੌਹੜਾ ਗਰੁੱਪ ਦੇ ਬੰਦਿਆਂ ਦੀ ਸਾਂਝੇ ਅਕਾਲੀ ਦਲ ਵਿਚੋਂ ਛਾਂਟੀ ਕਰ ਦਿੱਤੀ। ਐਗਜ਼ੈਕਟਿਵ ਨੇ ਸਾਂਝੇ ਅਕਾਲੀ ਦਲ ਦੇ ਕਾਰਜ ਕਾਰਨੀ ਪ੍ਰਧਾਨ ਉਜਾਗਰ ਸਿੰਘ ਰੰਗਰੇਟਾ, ਅਕਾਲੀ ਦਲ ਦੇ ਜਨਰਲ ਸਕੱਤਰ ਮਨਜੀਤ ਸਿੰਘ ਕਲਕੱਤਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਮੱਲ ਸਿੰਘ ਘੁਮਾਣ, ਪਾਰਲੀਮੈਂਟ ਮੈਂਬਰ ਅਤੇ ਬਾਦਲ ਦਾ ਸੱਜਾ ਹੱਥ ਸਮਝੇ ਜਾਂਦੇ ਬਲਿੰਦਰ ਸਿੰਘ, ਐਗਜ਼ੈਕਟਿਵ ਮੈਂਬਰ ਪੂਰਨ ਸਿੰਘ ਜੋਸ਼, ਸ਼ਿਵ ਸਿੰਘ ਖੁਸ਼ੀਪੁਰ ਆਦਿ ਸੱਤ ਮੈਂਬਰਾਂ ਨੂੰ ਛੇ ਛੇ ਸਾਲ ਲਈ ਸਾਂਝੇ ਅਕਾਲੀ ਦਲ ਵਿਚੋਂ ਕੱਢ ਦਿੱਤਾ ਹੈ।

ਮੀਟਿੰਗ ਵਿਚੋਂ ਐਗਜ਼ੈਕਟਿਵ ਦੇ 15 ਮੈਂਬਰਾਂ ਵਿਚੋਂ 9 ਮੈਂਬਰ ਸ਼ਾਮਲ ਸਨ। ਮੀਟਿੰਗ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਨਵੇਂ ਪੰਜ ਸਿੰਘ ਸਾਹਿਬਾਨ ਨਿਯੁਕਤ ਕਰਨ ਦੀ ਨਿੰਦਿਆ ਕਰਦਿਆਂ ਕਿਹਾ ਕਿ ਜਸਬੀਰ ਸਿੰਘ ਅਤੇ ਉਸਦੇ ਨਾਲ ਦੇ ਚਾਰ ਸਾਬਕਾ ਜਥੇਦਾਰਾਂ ਨੂੰ 'ਸਰਬੱਤ ਖਾਲਸਾ' ਨੇ ਨਿਯੁਕਤ ਕੀਤਾ ਸੀ, ਇਸ ਲਈ ਸ਼੍ਰੋਮਣੀ ਕਮੇਟੀ ਨੇ ਨਵੀਆਂ ਨਿਯੁਕਤੀਆਂ ਕਰਕੇ 'ਸਰਬੱਤ ਖਾਲਸਾ' ਦੇ ਫੈਸਲਿਆਂ ਦੀ ਉਲੰਘਣਾ ਕੀਤੀ ਹੈ।

### ਸਿਮਰਨ ਸਿੰਘ ਮਾਨ ਵਿਚ ਵਿਸ਼ਵਾਸ

ਐਗਜ਼ੈਕਟਿਵ ਨੇ ਸਾਂਝੇ ਅਕਾਲੀ ਦਲ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਜੋ ਇਸ ਸਮੇਂ ਜੇਲ੍ਹ ਵਿਚ ਹਨ, ਦੀ ਅਗਵਾਈ ਵਿਚ ਭਰੋਸਾ ਜ਼ਾਹਿਰ ਕੀਤਾ।

### 'ਕਾਲੀ ਗਰਜ' ਉਪਰੇਸ਼ਨ ਦਾ ਵਿਰੋਧ

9 ਮਈ ਤੋਂ 18 ਮਈ ਤੱਕ ਕੇਂਦਰੀ ਸਰਕਾਰ ਵਲੋਂ ਦਹਿਸ਼ਤਗਰਦਾਂ ਨੂੰ ਗੋਡੇ ਟੇਕਣ ਲਈ ਮਜਬੂਰ ਕਰਨ ਲਈ ਉਪਰੇਸ਼ਨ 'ਕਾਲੀ ਗਰਜ' ਦੀ ਇਕ ਮਤੇ ਰਾਹੀਂ ਨਿੰਦਾ ਕੀਤੀ ਗਈ ਤੇ ਇਸ ਲਈ ਉਪਰੋਕਤ ਲੀਡਰਾਂ ਨੂੰ ਦੋਸ਼ੀ ਠਹਿਰਾਇਆ ਗਿਆ।

### ਰੰਗਰੇਟਾ ਵਲੋਂ ਚੰਡੀਗੜ੍ਹ ਵਿਚ ਮੀਟਿੰਗ

ਸੋਮਵਾਰ 27 ਜੂਨ ਨੂੰ ਚੰਡੀਗੜ੍ਹ ਵਿਚ ਸਾਂਝੇ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਜਥੇਦਾਰ ਉਜਾਗਰ ਸਿੰਘ ਰੰਗਰੇਟਾ ਨੇ ਇਕ ਮੀਟਿੰਗ ਬੁਲਾਕੇ ਲੁਧਿਆਣੇ ਵਿਚ ਹੋਈ ਮੀਟਿੰਗ ਨੂੰ ਗੈਰ-ਵਿਧਾਨਕ ਕਰਾਰ ਦਿੰਦਿਆਂ ਕਿਹਾ ਕਿ ਬਾਬਾ ਜੋਗਿੰਦਰ ਸਿੰਘ ਨੂੰ ਮੀਟਿੰਗ ਬੁਲਾਉਣ ਦਾ ਕੋਈ ਹੱਕ ਨਹੀਂ ਹੈ। ਸਾਂਝੇ ਅਕਾਲੀ ਦਲ ਦੀ ਪ੍ਰੀਜ਼ੀਡੀਅਮ ਵਲੋਂ ਇਹ ਹੱਕ ਜਗਦੇਵ ਸਿੰਘ ਤਲਵੰਡੀ ਨੂੰ ਹੈ ਜੋ ਇਸ ਮੀਟਿੰਗ ਵਿਚ ਸ਼ਾਮਲ ਨਹੀਂ ਹੋਏ। ਜਥੇਦਾਰ ਰੰਗਰੇਟਾ ਨੇ ਫਿਰ ਦੁਹਰਾਇਆ ਕਿ 'ਕਾਲੀ ਗਰਜ' ਉਪਰੇਸ਼ਨ ਲਈ ਜਸਬੀਰ ਸਿੰਘ ਅਤੇ ਉਸ ਦੇ ਨਾਲ ਦੇ ਜਥੇਦਾਰ ਜ਼ਿਮੇਂਵਾਰ ਸਨ। ਏਸੇ ਕਾਰਨ ਉਨ੍ਹਾਂ ਨੂੰ ਉਨ੍ਹਾਂ ਦੇ ਅਹੁਦਿਆਂ ਤੋਂ ਬਰਤਰਫ ਕੀਤਾ ਗਿਆ ਸੀ। ਰੰਗਰੇਟਾ ਨੇ ਦੋਸ਼ ਲਾਇਆ ਕਿ ਬਾਬਾ ਜੋਗਿੰਦਰ ਸਿੰਘ ਨੇ ਹਰਚਰਨ ਸਿੰਘ ਰੋਡੇ ਨੂੰ ਜਨਰਲ ਸਕੱਤਰ ਬਨਾਉਣ ਖਾਤਰ ਹੀ ਇਹ ਮੀਟਿੰਗ ਬੁਲਾਈ ਸੀ।

### ਸਾਂਝਾ ਅਕਾਲੀ ਦਲ ਟੁੱਟੇਗਾ ?

ਇਥੋਂ ਦੇ ਸੂਤਰਾਂ ਦਾ ਕਹਿਣਾ ਹੈ ਕਿ ਜਿਸ ਆਪ ਹੁਦਰੇ ਢੰਗ ਨਾਲ ਸਾਂਝੇ

ਬਾਕੀ ਪੰਨਾ 3 'ਤੇ



Ph. 588-5808

9373 - 120 St., (Scott Rd.),

Delta, B. C.



ਏ. ਸੀ. ਜਿਊਲਰਜ਼

'TOUCH OF CLASS' INTERNATIONAL ENTERTAINMENT LTD.
PROUDLY PRESENTS

ਹਿੰਦੋਸਤਾਨ ਦੀਆਂ ਸਟੇਜਾਂ ਤੇ ਧੁੰਮਾਂ ਪਾਉਣ ਤੋਂ ਬਾਅਦ

ਅਮਰੀਕਾ, ਕਨੇਡਾ ਤੇ ਇੰਗਲੈਂਡ ਦੀ ਧਰਤੀ ਤੇ ਆ ਰਿਹਾ ਹੈ

**ਪੰਜਾਬੀ ਕਲਾਕਾਰਾਂ ਦਾ ਸਭ ਤੋਂ ਵੱਡਾ ਸ਼ੋਅ**



# ਧਮਕ ਪੰਜਾਬ ਦੀ

ਪੰਜ ਦਰਿਆ ਕਲਚਰਲ ਟਰੁੱਪ

ਗਾਇਕ ਜੋੜੀ
**ਦੀਦਾਰ ਸੰਧੂ**
**ਸੁਸ਼ਮਾ**

ਫਿਲਮੀ ਸਿਤਾਰੇ
* ਦਿਲਜੀਤ ਕੌਰ
* ਟੁਨਟੁਨ
* ਸੁਰਿੰਦਰ ਸ਼ਰਮਾ
* ਦਲਜੀਤ ਪਾਲ
* ਸਰੂਪ ਪਰਿੰਦਾ
* ਰਮਾ ਵਿੱਜ
* ਮਿਸ ਪੰਜਾਬ ਸ਼ਾਲਿਨੀ 'ਚੰਨ ਪ੍ਰਦੇਸੀ' ਦੀ 'ਕੰਮੋ'

ਪੁੱਤ ਜੱਟਾਂ ਦੇ ਅਤੇ ਪਟੋਲਾ
ਦੇ ਲੇਖਕ ਤੇ ਨਿਰਦੇਸ਼ਕ
**ਜਗਜੀਤ**
ਦੀ ਪੇਸ਼ਕਸ਼



ਤੁਹਾਡੇ ਮਨੋਰੰਜਨ ਦੀ ਗਾਰੰਟੀ
ਗੀਤਾਂ, ਸਕਿੱਟਾਂ ਤੇ ਨਾਚਗਾਣਿਆਂ ਨਾਲ ਭਰਭੂਰ

**1987-88 ਵਿਚ ਹਿੰਦੋਸਤਾਨ ਦੀਆਂ ਸਟੇਜਾਂ ਤੇ — ਪੰਜਾਬੀ ਸਭਿਆਚਾਰ ਦੀ ਸਹੀ ਤਸਵੀਰ ਪੇਸ਼ ਕਰਦੀਆਂ ਤੇ — ਧੀਆਂ ਭੈਣਾਂ ਸੰਗ ਮਾਣ ਸਕਣ ਵਾਲੀਆਂ 27 ਸੁਪਰ ਹਿਟ ਸ਼ਾਮਾਂ ਦੇਣ ਤੋਂ ਬਾਅਦ — ਪੰਜ ਦਰਿਆ ਕਲਚਰ ਟਰੁਪ ਵਲੋਂ ਕੈਨੇਡਾ ਅਮਰੀਕਾ ਤੇ ਇੰਗਲੈਂਡ ਦੀ ਧਰਤੀ ਤੇ**

## ਧਮਕ ਪੰਜਾਬ ਦੀ

* ਜਿਸ ਵਿਚ — ਜੋੜੀ ਜਦੋਂ ਚੁਬਾਰੇ ਚੜ੍ਹਦੀ, ਘੱਗਰੇ ਦੀ ਲੌਣ ਭਿੱਜ ਗਈ, ਨਾ ਮਾਰ ਜਾਲਮਾਂ ਵੇ, ਫਾਟਕ ਕੋਟਕਪੂਰੇ ਦਾ ਵਰਗੇ 100 ਸੁਪਰ ਹਿਟ ਗੀਤਾਂ ਦਾ ਗੀਤਕਾਰ ਤੇ ਗਾਇਕ ਦੀਦਾਰ ਸੰਧੂ ਪਹਿਲੀ ਵਾਰ ਤੁਹਾਡੇ ਦਰਾਂ ਤੇ ਸੁਸ਼ਮਾ ਨਾਲ

* ਪੰਜਾਬੀ ਫਿਲਮਾਂ ਦੀਆਂ ਦੋਵੇਂ ਚੋਟੀ ਦੀਆਂ ਹੀਰੋਇਨਾਂ ਰਮਾਂ ਵਿਜ ਤੇ ਦਿਲਜੀਤ ਕੌਰ ਪਹਿਲੀ ਵਾਰ ਇਕੱਠੀਆਂ ਸਟੇਜ ਤੇ
* ਹਿੰਦੀ ਫਿਲਮਾਂ ਦੀ ਸਭ ਤੋਂ ਪ੍ਰਸਿਧ ਹਾਸ ਅਭਿਨੇਤਰੀ ਟੁਣ ਟੁਣ — ਜਿਸਦਾ ਪ੍ਰਸਿਧ ਗਾਣਾ 'ਅਫਸਾਨਾ ਲਿਖ ਰਹੀ ਹੂੰ' ਵੀ ਸੁਣੋਂਗੇ
* ਪੰਜਾਬੀ ਫਿਲਮਾਂ ਦੇ ਪ੍ਰਸਿਧ ਕਮੇਡੀਅਨ ਡਾ: ਸੁਰਿੰਦਰ ਸ਼ਰਮਾ ਸ਼ੋਅ ਕੰਮਪੀਅਰ ਕਰਨਗੇ —
* ਇਸ ਤੋਂ ਇਲਾਵਾ ਪੰਜਾਬੀ ਸਟੇਜ ਦਾ ਸ਼ਿੰਗਾਰ ਤੇ ਫਿਲਮ ਕਲਾਕਾਰ ਸਰੂਪ ਪਰਿੰਦਾ ਤੇ 10 ਹੋਰ ਕਲਾਕਾਰਾਂ ਦਾ ਗਰੁਪ —
* ਇਸ ਸ਼ੋਅ ਨੂੰ ਤਿਆਰ ਕੀਤਾ 'ਪੁੱਤ ਜੱਟਾਂ ਦੇ' ਤੇ 'ਪਟੋਲਾ' ਵਰਗੀਆਂ ਫਿਲਮਾਂ ਦੇ ਸਭ ਤੋਂ ਪ੍ਰਸਿਧ ਡਾਇਰੈਕਟਰ ਜਗਜੀਤ ਨੇ

## ਵੈਨਕੂਵਰ - ਜੁਲਾਈ 3/88, 7 ਵਜੇ ਸ਼ਾਮ

**Queen Elizabeth Theatre** 649 Cambie, Vancouver

**ਕੈਲਗਰੀ**
ਜੈਕ ਸਿੰਗਰ ਕਨਸਰਟ ਹਾਲ
**July 9/88, 7 p.m.**

**ਵਿਨੀਪੈਗ** Pentagos Play House Theatre
July 10/88, 6 p.m.

**Toronto** Minkler Hall
July 16/88

# ਪ੍ਰਧਾਨ ਮੰਤਰੀ ਵਲੋਂ ਮੰਤਰੀ ਮੰਡਲ ਵਿਚ ਫਿਰ ਤਬਦੀਲੀਆਂ

## ਨਰਸਿਮਹਾ ਰਾਓ ਨਵੇਂ ਬਦੇਸ਼ ਮੰਤਰੀ ਬਣੇ

ਨਵੀਂ ਦਿੱਲੀ — 27 ਜੂਨ ਨੂੰ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਕੇਂਦਰੀ ਮੰਤਰੀ ਮੰਡਲ ਵਿਚ ਫਿਰ ਤਬਦੀਲੀਆਂ ਕੀਤੀਆਂ ਹਨ ਜਿਸ ਦੇ ਸਿੱਟੇ ਵਜੋਂ 6 ਨਵੇਂ ਮੰਤਰੀ ਲਏ ਗਏ ਹਨ ਤੇ ਚਾਰ ਨੂੰ ਸੀਨੀਅਰ ਅਹੁਦੇ ਦਿਤੇ ਗਏ ਹਨ। ਕੋਈ ਮੰਤਰੀ ਹਟਾਇਆ ਨਹੀਂ ਗਿਆ।

ਪਹਿਲਾਂ 24 ਜੂਨ ਨੂੰ ਅਲਾਹਾਬਾਦ ਵਿਚ ਵੀ. ਪੀ. ਸਿੰਘ ਦੀ ਜਿੱਤ ਕਾਰਨ ਯੂ. ਪੀ. ਦਾ ਮੁੱਖ ਮੰਤਰੀ ਬਦਲ ਦਿਤਾ ਗਿਆ ਅਤੇ ਯੂ. ਪੀ. ਵਿਚ ਨਰਾਇਣ ਦੱਤ ਤਿਵਾੜੀ ਨੂੰ ਮੁੜ ਮੁਖ ਮੰਤਰੀ ਨਿਯੁਕਤ ਕਰ ਦਿੱਤਾ ਗਿਆ। ਅਲਾਹਾਬਾਦ ਚੋਣ ਵਿਚ ਕਾਂਗਰਸੀ ਉਮੀਦਵਾਰ ਸੁਨੀਲ ਸ਼ਾਸ਼ਤਰੀ ਨੂੰ ਵਿਰੋਧੀ ਪਾਰਟੀਆਂ ਦੇ ਉਮੀਦਵਾਰ ਵੀ ਪੀ ਸਿੰਘ ਨੇ ਇਕ ਲੱਖ ਤੋਂ ਵੀ ਵੱਧ ਵੋਟਾਂ ਦੇ ਫਰਕ ਨਾਲ ਹਰਾਇਆ ਸੀ।

### ਮਹਾਂਰਾਸ਼ਟਰ ਦਾ ਨਵਾਂ ਮੁੱਖ ਮੰਤਰੀ

ਮਹਾਂਰਾਸ਼ਟਰ ਵਿਚ ਐਸ. ਬੀ. ਚਵਾਨ ਨੂੰ ਬਦਲ ਕੇ ਸਾਬਕਾ ਮੁਖ ਮੰਤਰੀ ਸ਼ਰਦ ਪਵਾਰ ਨੂੰ ਮੁੜ ਮੁੱਖ ਮੰਤਰੀ ਬਣਾ ਦਿੱਤਾ ਗਿਆ ਹੈ ਅਤੇ ਐਸ. ਬੀ. ਚਵਾਨ ਮੁੜ ਵਿੱਤ ਮੰਤਰੀ ਬਣਾ ਦਿੱਤਾ ਗਿਆ ਹੈ। ਯੂ. ਪੀ. ਦੇ ਵੀਰ ਬਹਾਦਰ ਸਿੰਘ ਨੂੰ ਸੰਚਾਰ ਮਹਿਕਮਾ ਦਿਤਾ ਗਿਆ ਹੈ।

### ਨਵੇਂ ਮੰਤਰੀ

ਸੀਨੀਅਰ ਕੇਂਦਰੀ ਵਜ਼ੀਰ ਨਰਸਿਮਹਾ ਰਾਓ ਨਵੇਂ ਬਦੇਸ਼ ਮੰਤਰੀ ਨਿਯੁਕਤ ਕੀਤੇ ਗਏ ਹਨ। ਮਾਧਵ ਸਿੰਘ ਸੋਲੰਕੀ ਨੂੰ ਪਲੈਨਿੰਗ ਮੰਤਰੀ ਬਣਾਇਆ ਗਿਆ ਹੈ। ਬੀ. ਸ਼ੰਕਰਾਨੰਦ ਨਵੇਂ ਕਾਨੂੰਨ ਮੰਤਰੀ ਬਣਾਏ ਗਏ ਹਨ ਦਿਨੇਸ਼ ਸਿੰਘ ਨੂੰ ਵਪਾਰ ਦਾ ਮੰਤਰੀ ਨਿਯੁਕਤ ਕੀਤਾ ਗਿਆ ਹੈ।

ਬੂਟਾ ਸਿੰਘ ਕੋਲ ਗ੍ਰਹਿ ਵਿਭਾਗ ਹੀ ਰਹਿਣ ਦਿੱਤਾ ਹੈ। ਬਦੇਸ਼ ਮੰਤਰਾਲੇ ਵਿਚ ਰਾਜ ਮੰਤਰੀ ਨਟਵਰ ਸਿੰਘ ਨਾਲ ਨਵੇਂ ਰਾਜ ਮੰਤਰੀ ਵਜੋਂ ਕੇ. ਕੇ. ਤਿਵਾੜੀ ਨੂੰ ਸਹੁੰ ਚੁਕਾਈ ਗਈ ਹੈ।

### ਪ੍ਰਧਾਨ ਮੰਤਰੀ ਪਾਰਟੀ ਲਈ ਕੰਮ ਕਰੇਗਾ

ਸ੍ਰੀ ਰਾਜੀਵ ਗਾਂਧੀ ਨੇ ਮੰਤਰੀ ਮੰਡਲ ਵਿਚ ਤਬਦੀਲੀ ਦੇ ਕਾਰਨ ਦੱਸਦਿਆਂ ਕਿਹਾ ਕਿ ਉਹ ਆਪ ਕਾਂਗਰਸ ਪਾਰਟੀ ਨੂੰ ਜਥੇਬੰਦਕ ਪੱਧਰ ਉਤੇ ਮਜ਼ਬੂਤੀ ਵੱਲ ਧਿਆਨ ਦੇਣਗੇ। ਉਪ-ਚੋਣਾਂ ਵਿਚ ਹਾਰਾਂ ਨੇ ਪ੍ਰਧਾਨ ਮੰਤਰੀ ਨੂੰ ਇਹ ਅਹਿਸਾਸ ਦਿਵਾ ਦਿੱਤਾ ਹੈ ਕਿ ਅਗਲੀਆਂ ਚੋਣਾਂ ਵਿਚ ਕਾਂਗਰਸ ਦਾ ਹਾਰਨਾ ਯਕੀਨੀ ਦਿਸਦਾ ਹੈ। ਬੀ. ਬੀ. ਸੀ. ਦਾ ਕਹਿਣਾ ਹੈ ਕਿ ਜਿਸ ਤਰ੍ਹਾਂ 1977 ਵਿਚ ਇੰਦਰਾ ਗਾਂਧੀ ਦਾ ਹਸ਼ਰ ਹੋਇਆ ਸੀ, ਆਉਂਦੀਆਂ ਚੋਣਾਂ ਵਿਚ ਰਾਜੀਵ ਗਾਂਧੀ ਨੂੰ ਉਸ ਤੋਂ ਵੀ ਬੁਰੀ ਹਾਰ ਦਾ ਸਾਹਮਣਾ ਕਰਨਾ ਪਵੇਗਾ।

# ਸ਼੍ਰੋਮਣੀ ਕਮੇਟੀ ਨੇ ਨਵਾਂ ਸੇਵਾ ਦਲ ਬਣਾਇਆ

ਅੰਮ੍ਰਿਤਸਰ — ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਸ. ਮੱਲ ਸਿੰਘ ਘੁਮਾਣ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਇਕ ਸੌ ਵਲੰਟੀਅਰਾਂ ਉਤੇ ਨਿਰਭਰ ਸੇਵਾ ਦਲ ਦਾ ਗਠਨ ਕਰ ਲਿਆ ਹੈ ਜੋ ਦਰਬਾਰ ਸਾਹਿਬ ਦੇ ਇਹਾਤੇ ਦੀ ਰਾਖੀ ਕਰੇਗਾ। ਇਨ੍ਹਾਂ ਵਿਚ 32 ਅਜਿਹੇ ਫੌਜੀ ਹਨ ਜੋ 1984 ਵਿਚ ਆਪਣੀਆਂ ਬੈਰਕਾਂ ਛੱਡ ਆਏ ਸਨ।

ਸ: ਘੁਮਾਣ ਨੇ ਕਿਹਾ ਕਿ ਇਹ ਸੇਵਾ ਦਲ ਦਰਬਾਰ ਸਾਹਿਬ ਆਉਣ ਵਾਲੇ ਲੋਕਾਂ ਦੀਆਂ ਕਠਿਨਾਈਆਂ ਦਾ ਖਿਆਲ ਰੱਖੇਗਾ ਅਤੇ ਇਸ ਲਈ ਵੀ ਚੌਕਸੀ ਵਰਤੇਗਾ ਕਿ ਕੋਈ ਵੀ ਵਿਅਕਤੀ ਹਥਿਆਰ ਲੈ ਕੇ ਅੰਦਰ ਨਾ ਜਾ ਸਕੇ।

# ਕੈਂਚੀ-ਮਾਰ 'ਲੇਖਕਾਂ' ਦੀ ਇਕ ਹੋਰ ਕਰਤੂਤ

ਵੈਨਕੂਵਰ — ਇਥੋਂ ਦੇ ਇਕ ਖਾਲਿਸਤਾਨੀ ਅਖਬਾਰ ਵਿਚ ਛਪਦੇ ਅਖੌਤੀ ਲੇਖਕ ਕਿਥੋਂ ਤਕ ਨਿਘਰੇ ਹੋਏ ਹਨ ਇਸ ਦੀ ਇਕ ਹੋਰ ਮਿਸਾਲ ਸਾਹਮਣੇ ਆਈ ਹੈ ਜਿਸ ਵਿਚ ਸ਼ਰਾਬ ਵਿਚ ਧੁੱਤ ਹੋਏ ਦੋ 'ਮਹਾਂ-ਕਵੀਆਂ' ਨੇ ਇਕ ਸਾਬਕਾ ਖਾਲਿਸਤਾਨੀ ਲੇਖਕ ਦੀ ਪੀਲੀ ਦਸਤਾਰ ਲਾਹ ਕੇ ਉਸ ਦੇ ਕੇਸ ਕਤਲ ਕਰ ਦਿੱਤੇ।

ਇਹ ਘਟਨਾ ਦਿੱਲੀ, ਕਾਨ੍ਹਪੁਰ ਜਾਂ ਬੋਕਾਰੋ ਵਿਚ ਨਹੀਂ ਵਾਪਰੀ ਸਗੋਂ ਵੈਨਕੂਵਰ ਵਿਚ ਵਾਪਰੀ ਹੈ। "ਕੈਨੇਡਾ ਦਰਪਣ" ਦੇ ਦਫ਼ਤਰ ਵਿਚ ਇਕ ਅਜਿਹੀ ਤਸਵੀਰ ਪੁਜੀ ਹੈ ਜਿਸ ਵਿਚ ਇਕ 'ਕਵੀ' ਉਸ ਸਾਬਕਾ ਖਾਲਿਸਤਾਨੀ ਦੇ ਸਿਰ ਉਤੋਂ ਕੈਂਚੀ ਨਾਲ ਕੇਸ ਕਤਲ ਕਰ ਰਿਹਾ ਹੈ ਅਤੇ ਦੂਜੇ 'ਮਹਾਂ ਕਵੀ' ਨੇ ਉਸ ਸਾਬਕਾ ਖਾਲਿਸਤਾਨੀ ਦੀ ਦਾੜ੍ਹੀ ਫੜੀ ਹੋਈ ਹੈ।

ਇਹ 'ਲੇਖਕ' ਅਕਸਰ ਇਥੋਂ ਦੇ ਇਕ ਦੋਗਲੇ ਅਖਬਾਰ ਵਿਚ ਛਪਦੇ ਹਨ ਜਿਸ ਨੇ ਸਰਕਾਰੀ ਪਰਚਾਰ ਲਈ ਖਾਲਿਸਤਾਨੀ ਭੇਸ ਵਟਾਇਆ ਹੋਇਆ ਹੈ।

ਪੰਨਾ 1 ਦੀ ਬਾਕੀ

ਅਕਾਲੀ ਦਲ ਦੇ ਨੇਤਾ ਕੰਮ ਕਰ ਰਹੇ ਹਨ ਇਹ ਪੱਕੀ ਸੰਭਾਵਨਾ ਹੈ ਕਿ ਅਕਾਲੀਆਂ ਵਿਚ ਨਵੇਂ ਜੋੜ ਤੋੜ ਹੋਣੇ ਯਕੀਨੀ ਹਨ। ਇਸ ਗੱਲ ਦੀ ਵੀ ਸੰਭਾਵਨਾ ਹੈ ਕਿ ਬਾਦਲ-ਟੌਹੜਾ-ਤਲਵੰਡੀ ਧੜੇ ਬਾਬਾ ਜੋਗਿੰਦਰ ਸਿੰਘ ਦੇ ਧੜੇ ਨਾਲੋਂ ਮੁਕੰਮਲ ਤੌਰ ਉਤੇ ਨਾਤਾ ਤੋੜ ਲੈਣ। ਇਸ ਤਰ੍ਹਾਂ ਬਾਬਾ ਮੁੜ ਦਹਿਸ਼ਤਗਰਦ ਟੋਲਿਆਂ ਨਾਲ ਰਲਣ ਲਈ ਮਜ਼ਬੂਰ ਹੋਵੇਗਾ। ਇਹ ਸੰਕਟ ਕਾਫੀ ਡੂੰਘਾ ਹੋਣ ਦੇ ਸੰਕੇਤ ਦੱਸੇ ਜਾਂਦੇ ਹਨ।

ਪੰਨਾ 1 ਦੀ ਬਾਕੀ

### 5 ਅਤਿਵਾਦੀ ਹਲਾਕ

26 ਜੂਨ ਨੂੰ ਵੱਖ ਵੱਖ ਥਾਵਾਂ ਉਤੇ 5 ਅਤਿਵਾਦੀ ਪੁਲਸ ਮੁਕਾਬਲਿਆਂ ਵਿਚ ਹਲਾਕ ਹੋਏ। ਅੰਮ੍ਰਿਤਸਰ ਵਿਚ ਇਕ ਬੈਂਕ ਵਿਚੋਂ ਚਾਰ ਲੱਖ ਰੁਪਏ ਲੁੱਟੇ ਗਏ। ਜਲੰਧਰ ਵਿਚ ਬੰਗਾ ਨੇੜੇ ਦੋ ਅਤਿਵਾਦੀ ਹਲਾਕ ਹੋਏ ਜਿਨ੍ਹਾਂ ਨੇ ਚਾਰ ਵਿਅਕਤੀਆਂ ਨੂੰ ਜ਼ਖਮੀ ਕੀਤਾ ਸੀ। ਫਰੀਦਕੋਟ ਅਤੇ ਅੰਮ੍ਰਿਤਸਰ ਵਿਚ ਦੋ ਕਤਲਾਂ ਦੀ ਵੀ ਖਬਰ ਹੈ।


## ਫਾਰਮ ਵਰਕਰਾਂ ਦੀ ਲੋੜ!

- ਫੋਰਟ ਲੈਂਗਲੀ 'ਚ ਸਥਿਤ ਫਾਰਮ 'ਚ ਕੰਮ ਸ਼ੁਰੂ ਹੈ
- ਘਰੋਂ ਚੱਕਣ ਅਤੇ ਛੱਡਣ ਦਾ ਪੂਰਾ ਪ੍ਰਬੰਧ ਹੈ
- ਕੀਤੇ ਕੰਮ ਦੀ ਵਧੀਆ ਤਨਖਾਹ ਅਤੇ ਸਟੈਂਪਾਂ ਦਿੱਤੀਆਂ ਜਾਣਗੀਆਂ

ਅੱਜ ਹੀ ਕੰਮ ਸ਼ੁਰੂ ਕਰਨ ਲਈ ਫ਼ੋਨ ਕਰੋ :

**ਜਸਮਿੰਦਰ ਸਿੰਘ ਘੁਮਾਣ**

**ਫ਼ੋਨ : 591-9459**

**ਸਾਨੂੰ ਵੈਨ ਡਰਾਈਵਰ ਦੀ ਵੀ ਲੋੜ ਹੈ**

## ਜਾਇਦਾਦ ਖ਼੍ਰੀਦਣੀ ਜਾਂ ਵੇਚਣੀ ਚਾਹੁੰਦੇ ਹੋ ?



ਭੂਪਿੰਦਰ ਸਿੰਘ ਸੋਢੀ

ਫਾਰਮ, ਘਰ, ਲਾਟ ਜਾਂ ਕਮਰਸ਼ੀਅਲ ਜਾਇਦਾਦ ਖ਼੍ਰੀਦਣ ਜਾਂ ਵੇਚਣ ਤੋਂ ਪਹਿਲਾਂ ਸਾਨੂੰ ਜ਼ਰੂਰ ਮਿਲੋ। ਅਸੀਂ ਤੁਹਾਨੂੰ ਅੱਛੀ ਡੀਲ ਦਿਵਾਉਣ ਵਿਚ ਮਦਦ ਕਰਾਂਗੇ

**ਭੂਪਿੰਦਰ ਸਿੰਘ ਸੋਢੀ**

**PH. Bus. 437-9431**
**Res. 434-8987**

**UNITED REALTY**

2443 Kingsway, Vancouver, B.C.
V5R 5G8

## BERNARD SIMPSON & COMPANY

NO CHARGE *for initial consultation*

• HANDLING CAR ACCIDENTS FOR OVER 15 YEARS

• CONTINGENCY FEES AVAILABLE (IF NO RECOVERY NO LEGAL FEE)

PRACTICE **RESTRICTED** TO INJURIES SUFFERED DUE TO **CAR ACCIDENTS (ICBC CLAIMS)**

- ਵੈਨਕੂਵਰ ਵਿਚ ਸਾਡੀ ਹੀ ਇਕ ਅਜਿਹੀ ਕਾਨੂੰਨੀ ਫਰਮ ਹੈ, ਜਿਹੜੀ ਕਿ ਸਿਰਫ ਕਾਰ ਐਕਸੀਡੈਂਟ ਦੇ ਕੇਸ ਹੀ ਹੈਂਡਲ ਕਰਦੀ ਹੈ
- ਅਸੀਂ ਕੇਵਲ ਕਾਰ ਐਕਸੀਡੈਂਟ ਸੰਬੰਧੀ ਆਈ. ਸੀ. ਬੀ. ਸੀ. ਕਲੇਮਾਂ ਨੂੰ ਹੀ ਹੈਂਡਲ ਕਰਦੇ ਹਾਂ

**PHONE (604) 734-2272**

Translation services available

**999 WEST BROADWAY, VANCOUVER, B.C.**
*(SITUATED IN THE AUTOMOBILE ASSOCIATION BUILDING)*

**THE CANADA DARPAN**
The Panjabi Newspaper
P.O.BOX 265
Surrey, B.C. V3T 4W8
Chief Editor: DARSHAN GILL
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
Ph. 581-4473


## ਸਾਂਝਾ ਅਕਾਲੀ ਦਲ ਦੋਫਾੜ?

ਸ਼੍ਰੋਮਣੀ ਅਕਾਲੀ ਦਲ ਸਿੱਖਾਂ ਦੀ ਪ੍ਰਤੀਨਿਧ ਜਥੇਬੰਦੀ ਗਿਣੀ ਜਾਂਦੀ ਰਹੀ ਹੈ ਬੇਸ਼ਕ ਇਸ ਵਿਚ ਅੰਤਰ-ਵਿਰੋਧ ਸ਼ੁਰੂ ਤੋਂ ਹੀ ਚਲੇ ਆਉਂਦੇ ਸਨ। ਆਮ ਤੌਰ ਉਤੇ ਜਿਸ ਧੜੇ ਦੀ ਸਰਦਾਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਤੇ ਹੁੰਦੀ ਸੀ, ਉਸੇ ਦਾ ਹੀ ਬੋਲਬਾਲਾ ਸ਼੍ਰੋਮਣੀ ਅਕਾਲੀ ਦਲ ਉਤੇ ਹੁੰਦਾ ਰਿਹਾ ਹੈ ਕਿਉਂਕਿ ਮਾਇਆ ਦਾ ਸਾਧਨ ਗੁਰਦੁਆਰੇ ਹਨ ਅਤੇ ਜਿਸਦਾ ਗੁਰਦੁਆਰਿਆਂ ਉਤੇ ਕਬਜ਼ਾ ਹੁੰਦਾ ਰਿਹਾ, ਉਹ ਹੀ ਲੋਕ ਸ਼੍ਰੋਮਣੀ ਅਕਾਲੀ ਦਲ ਉਤੇ ਕਾਬਜ਼ ਹੁੰਦੇ ਰਹੇ। 1982 ਤੋਂ ਇਨ੍ਹਾਂ ਦੋਵਾਂ ਅਦਾਰਿਆਂ ਦੀ ਮਹੱਤਤਾ ਉਹ ਨਹੀਂ ਰਹੀ ਜੋ ਪਹਿਲੇ ਪੰਜਾਹ ਸਾਲ ਰਹੀ ਹੈ। ਸ਼੍ਰੋਮਣੀ ਅਕਾਲੀ ਦਲ 1985 ਵਿਚ ਦੋ ਧੜਿਆਂ ਵਿਚ ਵੰਡਿਆ ਗਿਆ। ਇਸ ਵੰਡ ਦਾ ਕਾਰਨ ਰਾਜੀਵ-ਲੌਂਗੋਵਾਲ ਸਮਝੌਤਾ ਸੀ। ਬਰਨਾਲਾ ਨੇ ਸੰਤ ਲੌਂਗੋਵਾਲ ਦਾ ਸਾਥ ਦਿੱਤਾ — ਅਤੇ ਸਮਝੌਤੇ ਕਾਰਨ ਉਸਦੀ ਭੱਲ ਬਣ ਗਈ ਤੇ ਉਹ ਮੁਖ-ਮੰਤਰੀ ਬਣ ਬੈਠਾ। ਬਾਦਲ-ਟੌਹੜਾ ਧੜੇ ਇਹ ਜਰ ਨਾ ਸਕੇ ਤੇ ਦੁਫਾੜ ਪੈ ਗਿਆ। ਲੌਂਗੋਵਾਲ ਧੜੇ ਦੀ ਹਕੂਮਤ ਖਤਮ ਕਰਨ ਲਈ ਬਾਦਲ-ਟੌਹੜਾ ਨੇ ਭਿੰਡਰਾਂਵਾਲੇ ਦੇ ਪਿਤਾ ਦੀ ਜਾ ਸ਼ਰਨ ਲਈ। ਇਸ ਤਰ੍ਹਾਂ ਬਾਬਾ-ਬਾਦਲ-ਟੌਹੜਾ ਕਲਿੱਕ ਬਣ ਗਿਆ।

ਬਰਨਾਲਾ ਵਜ਼ਾਰਤ ਟੁੱਟਣ ਨਾਲ, ਲੌਂਗੋਵਾਲ ਧੜੇ ਦੀ ਸ਼ਾਖ ਲੋਕਾਂ ਵਿਚ ਖਤਮ ਹੋ ਗਈ ਤੇ ਸਾਂਝਾ ਅਕਾਲੀ ਦਲ ਅੱਗੇ ਆਉਣ ਲੱਗਾ। ਟੌਹੜੇ ਤੇ ਬਾਦਲ ਦੇ ਜੇਲ੍ਹ ਜਾਣ ਨਾਲ ਅਮਰਿੰਦਰ ਸਿੰਘ ਨੇ ਲੀਡਰੀ ਸੰਭਾਲ ਲਈ ਤੇ ਬਾਬੇ ਨੂੰ ਆਪਣੇ ਹੱਥੀਂ ਚਾੜ੍ਹ ਲਿਆ। ਹੁਣ ਬਾਬਾ-ਅਮਰਿੰਦਰ ਸਿੰਘ ਕਲਿੱਕ ਨੇ ਬਾਦਲ-ਟੌਹੜਾ ਧੜੇ ਦੀ ਸਫਾਈ ਸ਼ੁਰੂ ਕਰ ਦਿੱਤੀ ਹੈ। ਮੱਲ ਸਿੰਘ ਘੁਮਾਣ, ਸ਼ਮਿੰਦਰ ਸਿੰਘ ਐਮ. ਪੀ., ਪੂਰਨ ਸਿੰਘ ਜੋਸ਼ ਤੇ ਉਜਾਗਰ ਸਿੰਘ ਰੰਗਰੇਟਾ ਵਰਗੇ ਲੀਡਰ ਅਕਾਲੀ ਦਲ ਵਿਚੋਂ ਕੱਢ ਦਿਤੇ ਗਏ ਹਨ। ਬਾਬਾ ਧੜੇ ਨੇ ਜਨਰਲ ਸਕੱਤਰ ਦਾ ਅਹੁਦਾ ਮਨਜੀਤ ਸਿੰਘ ਕਲਕੱਤਾ ਤੋਂ ਖੋਹ ਕੇ ਹਰਚਰਨ ਸਿੰਘ ਰੋਡੇ ਨੂੰ ਦੇ ਦਿੱਤਾ ਹੈ।

ਇਸ ਅੰਦਰੂਨੀ ਖਾਨਾਜੰਗੀ ਦਾ ਮੁੱਖ ਕਾਰਨ ਜਸਬੀਰ ਸਿੰਘ ਦਾ ਅਕਾਲ ਤਖਤ ਦੀ ਜਥੇਦਾਰੀ ਤੋਂ ਲਾਹਿਆ ਜਾਣਾ ਹੈ। ਬਾਬਾ ਦਲ ਮੁੜ ਜਸਬੀਰ ਸਿੰਘ ਨੂੰ ਉਸੇ ਅਹੁਦੇ ਤੇ ਬਿਰਾਜਮਾਨ ਦੇਖਣਾ ਚਾਹੁੰਦਾ ਹੈ ਜਦ ਕਿ ਬਾਦਲ-ਟੌਹੜਾ ਧੜੇ ਨੇ ਜਥੇਦਾਰ ਆਪਣੀ ਮਰਜ਼ੀ ਦੇ ਇਨ੍ਹਾਂ ਅਹੁਦਿਆਂ ਉਤੇ ਬਿਠਾ ਦਿਤੇ ਹਨ।

ਅਕਾਲੀ ਲੀਡਰਾਂ ਦੀ ਇਹ ਖਾਨਾਜੰਗੀ ਕੇਂਦਰੀ ਸਰਕਾਰ ਨੂੰ ਆਪਣੇ ਆਪ ਅਜਿਹੇ ਮੌਕੇ ਪ੍ਰਦਾਨ ਕਰ ਰਹੀ ਹੈ ਜਿਸ ਨਾਲ ਕੇਂਦਰੀ ਸਰਕਾਰ ਪੰਜਾਬ ਦੇ ਲੋਕਾਂ ਨਾਲ ਆਪਣਾ ਖਿਲਵਾੜ ਜਾਰੀ ਰੱਖ ਸਕੇ। ਇਹ ਕੇਂਦਰੀ ਲੀਡਰਾਂ ਦੇ ਹੱਥਾਂ ਵਿਚ ਖੇਡਣ ਵਾਲੀ ਗੱਲ ਹੈ। ਇਸ ਸਮੇਂ ਤਿੰਨਾਂ ਧੜਿਆਂ ਦੇ ਵੱਖ ਵੱਖ ਜਥੇਦਾਰ ਮੁਕੱਰਰ ਕੀਤੇ ਹੋਏ ਹਨ। ਅਖੌਤੀ ਪੰਥਕ ਕਮੇਟੀ ਜੋ ਸਿੱਖਾਂ ਦੀ ਥਾਂ ਬੰਦੂਕਾਂ ਦੀ ਪ੍ਰਤੀਨਿਧਤਾ ਕਰਦੀ ਹੈ, ਉਸ ਨੂੰ ਵੀ ਪਲਰਣ ਲਈ ਇਹ ਅਕਾਲੀਆਂ ਦੀ ਖਾਨਾਜੰਗੀ ਸੂਤ ਬੈਠਦੀ ਹੈ।

ਅਜੇ ਵੀ ਅਕਾਲੀ ਲੀਡਰਾਂ ਨੇ ਸਮਾਂ ਨਾ ਸੰਭਾਲਿਆ ਤਾਂ ਰਹਿੰਦੀ ਖੂੰਹਦੀ ਇਜ਼ਤ ਵੀ ਮਿੱਟੀ ਵਿਚ ਮਿਲਣ ਦਾ ਖਤਰਾ ਹੈ। ਦਰਬਾਰ ਸਾਹਿਬ ਵਿਚੋਂ ਹੱਥ ਖੜ੍ਹੇ ਕਰਕੇ ਆਏ 'ਜੁਝਾਰੂਆਂ' ਦਾ ਹਸ਼ਰ ਉਹ ਦੇਖ ਚੁਕੇ ਹਨ। ਪੰਜਾਬ ਦੇ ਸਤੇ ਹੋਏ ਲੋਕ ਇਨ੍ਹਾਂ ਅਕਾਲੀ ਲੀਡਰਾਂ ਦੇ ਵੀ ਹੱਥ ਖੜ੍ਹੇ ਕਰਵਾ ਸਕਣ ਦੀ ਸਮਰੱਥਾ ਰੱਖਦੇ ਹਨ

## ਕੈਨੇਡਾ ਅਤੇ ਸੋਵੀਅਤ ਯੂਨੀਅਨ ਵਿਚ ਜਾਸੂਸੀ ਬਾਰੇ ਝਗੜਾ

### ਇਕ ਦੂਜੇ ਦੇ ਡਿਪਲੋਮੇਟ ਕੱਢੇ

ਅਟਵਾ — ਪਿਛਲੇ ਹਫਤੇ ਤੋਂ ਕੈਨੇਡਾ ਅਤੇ ਸੋਵੀਅਤ ਯੂਨੀਅਨ ਵਿਚਕਾਰ ਜਾਸੂਸੀ ਦੇ ਦੋਸ਼ਾਂ ਬਾਰੇ ਝਗੜਾ ਚਲ ਰਿਹਾ ਹੈ। ਕੈਨੇਡਾ ਨੇ ਸੋਵੀਅਤ ਦੇ 19 ਡਿਪਲੋਮੇਟਾਂ ਨੂੰ ਇਥੋਂ ਚਲੇ ਜਾਣ ਬਾਰੇ ਕਿਹਾ ਤੇ ਸੋਵੀਅਤ ਯੂਨੀਅਨ ਨੇ ਕੈਨੇਡਾ ਦੇ 13 ਡਿਪਲੋਮੇਟ ਮਾਸਕੋ ਤੋਂ ਕੱਢ ਦਿਤੇ। ਦੋਵਾਂ ਮੁਲਕਾਂ ਨੇ ਇਕ ਦੂਜੇ ਉਤੇ ਫੌਜੀ ਤੇ ਵਪਾਰਕ ਜਾਸੂਸੀ ਦੇ ਦੋਸ਼ ਲਾਏ ਹਨ।

ਕੈਨੇਡਾ ਦੇ ਬਦੇਸ਼ ਮੰਤਰੀ ਮਿ: ਜੋਅ ਕਲਾਰਕ ਨੇ ਕੱਲ੍ਹ ਸੋਵੀਅਤ ਰਾਜਦੂਤ ਅਲੈਕਸੀ ਰੋਡੀਓਨੋਵ ਨਾਲ ਪੱਚੀ ਮਿੰਟ ਗੱਲਬਾਤ ਕੀਤੀ ਤੇ ਕਿਹਾ ਕਿ ਸੋਵੀਅਤ ਯੂਨੀਅਨ ਨੇ ਸੋਵੀਅਤ ਨਾਗਰਿਕਾਂ ਦੀਆਂ ਸੇਵਾਵਾਂ ਵਾਪਸ ਲੈ ਕੇ ਕੈਨੇਡੀਅਨ ਸਫਾਰਤਖਾਨੇ ਦਾ ਕੰਮ ਰੋਕ ਦਿੱਤਾ ਹੈ। ਸੋਵੀਅਤ ਵਿਚ ਰਾਜਦੂਤ ਮਿ: ਵਰਨਨ ਟਰਨਰ ਨੇ ਕਿਹਾ ਕਿ 39 ਮੁਲਾਜ਼ਮਾਂ ਵਿਚੋਂ 25 ਮੁਲਾਜ਼ਮ ਕੰਮ ਤੇ ਨਹੀਂ ਆ ਰਹੇ। ਇਸ ਕਾਰਨ ਸੋਵੀਅਤ ਨਾਗਰਿਕਾਂ ਨੂੰ ਵੀਜ਼ੇ ਦੇਣ ਵਿਚ ਸਮੱਸਿਆ ਆ ਰਹੀ ਹੈ।

# ਲੋਕ-ਬਾਣੀ

## ਦਾਦ ਦੇਣੀ ਹੀ ਬਣਦੀ ਹੈ

ਸੰਪਾਦਕ ਸਾਹਿਬ,

ਪਿਛਲੇ ਚਾਰ ਸਾਲ ਤੋਂ ਮੈਂ 'ਕੈਨੇਡਾ ਦਰਪਣ' ਦਾ ਪਾਠਕ ਹਾਂ ਤੇ ਜੇ ਕਿਸੇ ਪਰਚੇ ਨੇ ਸੰਜੀਦਗੀ ਨਾਲ ਪੰਜਾਬ ਸਮੱਸਿਆ ਨੂੰ ਪੇਸ਼ ਕੀਤਾ ਹੈ ਤਾਂ ਉਤਰੀ ਅਮਰੀਕਾ ਵਿਚ ਇਹੋ ਇਕੋ ਪਰਚਾ ਹੈ। ਤੁਹਾਡੇ ਸੰਤੁਲਤ ਵਿਚਾਰਾਂ ਕਾਰਨ ਹੀ ਤੁਹਾਡੇ ਪਰਚੇ ਨਾਲ ਹਰ ਸੰਜੀਦਾ ਪਾਠਕ ਖੜ੍ਹਾ ਹੈ। ਨਹੀਂ ਤਾਂ ਇਕ ਵਾਢਿਓਂ ਅਖਬਾਰਾਂ ਨੇ ਪੰਜਾਬ ਦੇ ਬੇਗੁਨਾਹ ਲੋਕਾਂ ਦਾ ਖੂਨ ਸੁਰਖੀਆਂ ਬਣਾ ਬਣਾ ਵੇਚਿਆ ਹੈ। ਭਾਰਤ ਦੀ ਸਰਕਾਰ ਨੇ ਨਿਹਾਇਤ ਘਟੀਆ ਸੋਚਣੀ ਅਪਣਾ ਕੇ ਪੰਜਾਬ ਦੇ ਲੋਕਾਂ ਨੂੰ ਜੋ ਵੰਡਣ ਦਾ ਯਤਨ ਕੀਤਾ ਹੈ, ਇਸ ਦੀ ਨਿੰਦਾ ਕਰਨੀ ਸਾਡਾ ਸਾਰਿਆਂ ਦਾ ਫਰਜ਼ ਹੈ। ਅਖੌਤੀ ਖਾਲਿਸਤਾਨੀ ਅਖਬਾਰਾਂ ਨੇ ਬੇਗੁਨਾਹ ਲੋਕਾਂ ਦੇ ਖੂਨ ਨੂੰ ਵੇਚਕੇ ਬੇਸ਼ਕ ਰੰਗ ਬਰੰਗੇ ਚਿਹਰੇ ਅਪਣਾ ਲਏ ਹਨ, ਪਰ ਇਹ ਘਿਨਾਉਣਿਆਂ ਚਿਹਰਿਆਂ ਕਾਰਨ ਕਿੰਨੀਆਂ ਲਾਸ਼ਾਂ ਦਫਨ ਹੋਈਆਂ ਹਨ ਇਨ੍ਹਾਂ ਦਾ ਹਿਸਾਬ ਇਕ ਦਿਨ ਇਨ੍ਹਾਂ ਨੂੰ ਜ਼ਰੂਰ ਲੋਕਾਂ ਦੀ ਕਚਹਿਰੀ ਵਿਚ ਦੇਣਾ ਪਵੇਗਾ।

ਫਿਰਕੂ ਵਹਿਣ ਵਿਚ ਤੁਸੀਂ ਨਹੀਂ ਵਹੇ, ਦਾਦ ਦੇਣੀ ਹੀ ਬਣਦੀ ਹੈ।

ਸ਼ੁਭ ਇਛਾਵਾਂ ਨਾਲ,

ਤੁਹਾਡਾ ਪਾਠਕ
ਦਲਬੀਰ ਗਰੇਵਾਲ, ਟਰਾਂਟੋ।

## ਫਿਰਕੂ ਪਰਚੇ ਦੇ 'ਸੰਪਾਦਕੀ ਨੋਟ' ਉਤੇ ਟਿਪਣੀ

ਪਿਆਰੇ ਦਰਸ਼ਨ,

ਤੁਹਾਡੇ ਪਰਚੇ 'ਕੈਨੇਡਾ ਦਰਪਣ' ਦੇ ਰਾਹੀਂ ਮੈਂ ਜੋ ਰਵਿੰਦਰ ਰਵੀ ਦੀ ਲਿਖਤ ਉਪਰ ਚਰਚਾ ਛੇੜੀ ਸੀ ਉਹ ਤਾਂ ਚੱਲ ਹੀ ਰਹੀ ਹੈ। ਜਿਵੇਂ ਕਿ ਮੈਂ ਪਹਿਲਾਂ ਵੀ ਲਿਖਿਆ ਸੀ ਕਿ ਮੇਰੇ ਵਲੋਂ ਲਿਖੇ ਉਪਰ ਰਵੀ-ਮੰਡਲ ਨੇ ਕੱਪੜਿਆਂ ਤੋਂ ਬਾਹਰ ਹੋ ਜਾਣਾ ਹੈ, ਉਹ ਉਵੇਂ ਹੀ ਹੋਇਆ। ਮੈਨੂੰ ਇਹ ਖੁਸ਼ੀ ਹੈ ਕਿ ਇਨ੍ਹਾਂ ਪਾਖੰਡੀ ਲੇਖਕਾਂ ਦੇ ਵਿਚ ਦਾ ਅਸਲੀ ਰੂਪ ਆਪਣੀ ਪੂਰੀ ਕਰੂਪਤਾ ਨਾਲ ਜ਼ਾਹਰ ਹੋ ਰਿਹਾ ਹੈ। ਖੈਰ ਇਸਨੂੰ ਤਾਂ ਛੱਡਦਾ ਹਾਂ ਕਿਉਂਕਿ ਇਸ ਸੰਬੰਧੀ ਤਾਂ ਚਰਚਾ ਹਾਲੇ ਚਲਦੀ ਹੀ ਰਹਿਣੀ ਹੈ। ਮੈਂ ਫਿਰਕੂ ਪਰਚੇ ਦੇ ਇਕ ਪਿਛਲੇ ਹਫਤੇ ਇਕ ਨੋਟ ਬਾਰੇ ਟਿਪਣੀ ਕਰਨੀ ਚਾਹੁੰਦਾ ਹਾਂ।

— ਮੇਰੇ ਵਲੋਂ, ਫਿਰਕੂ ਪਰਚੇ ਦੀ ਨਫਰਤ ਅਤੇ ਜਨੂੰਨੀ ਜ਼ਹਿਰ ਫੈਲਾਉਣ ਦੀ ਗੈਰ ਜ਼ਿਮੇਂਵਾਰਾਨਾਂ ਹਰਕਤ ਉਪਰ ਲਿਖਣ ਦੇ ਕਾਰਨ, ਫਿਰਕੂ ਸੰਪਾਦਕ ਬੜਾ ਭੂਹੇ ਹੋਇਆ ਹੋਇਆ ਹੈ। ਉਹਨੇ ਮੇਰੇ ਵਲੋਂ ਲਿਖੇ ਦਾ ਕੋਈ ਬਾਦਲੀਲ ਉਤਰ ਦੇਣ ਦੀ ਥਾਂ ਤੇ, ਮੇਰੇ ਖਿਲਾਫ ਤਾਂ ਉਹ ਖੈਰ ਪਹਿਲਾਂ ਹੀ ਲਿਖਦਾ ਰਹਿੰਦਾ ਹੈ, ਮੇਰੇ ਪਿਤਾ ਜੀ ਨੂੰ ਵੀ ਆਪਣੀ ਨੀਚਤਾ ਦਾ ਨਿਸ਼ਾਨਾ ਬਣਾਇਆ ਹੈ। ਇਸ ਤੋਂ ਵੈਸੇ ਕਿਸੇ 'ਸੰਪਾਦਕ' ਕਹਾਉਣ ਵਾਲੇ ਜੀਵ ਦਾ ਘਟੀਆਪਨ ਹੋਰ ਕੀ ਹੋ ਸਕਦਾ ਹੈ।

ਮੇਰੇ ਪਿਤਾ ਜੀ 1930 ਤੋਂ ਕਾਂਗਰਸ ਵਿਚ ਹਨ। ਕੋਈ ਵੀ ਬੰਦਾ ਕਿਸੇ ਵੀ ਰਾਜਨੀਤਕ ਵਿਚਾਰਾਂ ਦਾ ਹੋ ਸਕਦਾ ਹੈ। ਅਸੀਂ ਉਸ ਦੇ ਵਿਚਾਰਾਂ ਤੋਂ ਵੱਖਰੇ ਵਿਚਾਰ ਰੱਖਣ ਦਾ ਹੱਕ ਰੱਖਦੇ ਹਾਂ ਅਤੇ ਹਰ ਇਕ ਨੂੰ ਹੈ। ਇਹ ਕੋਈ ਸੂਝਹੀਨ ਹੀ ਹੋ ਸਕਦਾ ਹੈ ਜੋ ਆਪਣੇ ਵਿਰੋਧੀ ਨੂੰ ਇਹ ਤਾਅਨਾ ਦੇਵੇ ਕਿ ਉਸ ਦਾ ਪਿਤਾ ਫਲਾਣੀ ਪਾਰਟੀ ਦਾ ਹੈ। ਫਿਰ ਉਸ ਬਜ਼ੁਰਗ ਬਾਰੇ ਜਿਸ ਦਾ ਜੀਵਨ ਇਲਾਕੇ ਅਤੇ ਜ਼ਿਲੇ ਵਿਚ ਕਿਸੇ ਦੀ ਉਂਗਲ ਕਰਵਾਉਣ ਦਾ ਮੁਥਾਜ ਨਾ ਹੋਵੇ। ਮੈਂ 1961 ਤੋਂ ਕਮਿਊਨਿਸਟ ਪਾਰਟੀ ਦਾ ਮੈਂਬਰ ਹਾਂ। ਸੀ. ਪੀ. ਐਮ 1964 ਵਿਚ ਬਣੀ, ਜਦੋਂ ਤੋਂ ਹੀ ਉਸਦੀ ਦਰੁਸਤ ਰਾਜਨੀਤਕ ਲਾਈਨ ਦੇ ਕਾਰਨ ਉਸ ਨਾਲ ਖੜ੍ਹਾ ਹਾਂ। ਪਰ ਫਿਰਕੂ ਪਰਚੇ ਦੇ ਹਿਆਹੀਨ ਅਤੇ ਅਸੱਭਿਆ ਜੀਵ ਨੂੰ ਇੰਨੀ ਗੈਰਤ ਨਹੀਂ ਕਿ ਕਿਸੇ ਬਜ਼ੁਰਗ ਦੇ ਅਪਮਾਨ ਕਰਨ ਨੂੰ ਪੰਜਾਬੀ ਸਭਿਆਚਾਰ ਵਿਚ ਕਪੁੱਤਰ ਹੀ ਕਹਿੰਦੇ ਹਨ, ਜੋ ਕਿਸੇ ਬਜ਼ੁਰਗ ਦਾ ਸਤਿਕਾਰ ਨਹੀਂ ਕਰ ਸਕਦਾ ਉਹ ਆਪਣੇ ਬਜ਼ੁਰਗ ਦਾ ਵੀ ਸਤਿਕਾਰ ਨਹੀਂ ਕਰ ਸਕਦਾ।

ਜਿਵੇਂ ਮਿਸਾਲ ਦੇ ਤੌਰ ਉਪਰ ਮੈਂ ਕਮਿਊਨਿਸਟ ਵਿਚਾਰਾਂ ਦਾ ਹਾਂ ਜੇ ਫਿਰਕੂ ਸੰਪਾਦਕ ਵਰਗਾ ਮੇਰਾ ਪੁਤਰ ਹੋਵੇ ਤਾਂ ਮੇਰੀ ਬਦਕਿਸਮਤੀ ਤਾਂ ਹੋਵੇਗੀ ਹੀ, ਪਰ ਫਿਰਕੂ ਸੰਪਾਦਕ ਮੇਰੇ ਵਿਚਾਰ ਨਹੀਂ ਬਦਲ ਸਕੇਗਾ ਭਾਵੇਂ ਉਹ ਕੁਝ ਵੀ ਕਰੇ। ਹਾਂ ਮੈਂ ਇਕ ਬਾਪ ਦੇ ਨਾਤੇ ਇਕ ਫਿਰਕੂ ਉਲਾਦ ਨੂੰ ਘਰੋਂ ਕੱਢ ਦੇਵਾਂਗਾ, ਬੇਦਖਲ ਕਰ ਦੇਵਾਂਗਾ ਅਤੇ ਉਸ ਦੇ ਸੌ ਛਿੱਤਰ ਮਾਰ ਕੇ ਸਿਰ ਗੰਜਾ ਕਰ ਦੇਵਾਂਗਾ ਪਰ ਅਜਿਹੀ ਉਲਾਦ ਕਿਸੇ ਦੇ ਨਾ ਹੀ ਹੋਵੇ ਤਾਂ ਇਸ ਵਿਚ ਉਸ ਪਰਵਾਰ ਦਾ ਅਤੇ ਸਮਾਜ ਦਾ ਹੀ ਭਲਾ ਹੈ।

— ਫਿਰਕੂ ਸੰਪਾਦਕ ਮੈਨੂੰ ਸੰਤ ਮੀਹਾਂ ਸਿੰਘ ਦਾ ਸੈਕਟਰੀ ਦਸਦਾ ਹੈ। ਸੰਤ ਮੀਹਾਂ ਸਿੰਘ ਦੇ ਕਛਹਿਰੇ ਦਾ ਪਾਣੀ ਇਸਤਰੀਆਂ ਵਿਚ ਵਰਤਾਉਣ ਵਾਲਾ ਦਸਦਾ ਹੈ। ਮੇਰਾ ਖਿਆਲ ਹੈ ਕਿ ਗੁਰਦੁਆਰਿਆਂ ਵਿਚ ਆਮ ਹੀ ਲੋਕਾਂ ਦੇ ਦਾਹੜੀਆਂ ਹੋਣ ਕਾਰਨ ਕਿਧਰੇ ਫਿਰਕੂ ਸੰਪਾਦਕ ਨੂੰ ਮੇਰੇ ਮੁਹਾਂਦਰੇ ਦਾ ਉਦੋਂ ਭੁਲੇਖਾ ਪੈ ਗਿਆ ਹੋਵੇਗਾ, ਜਦੋਂ ਉਹ ਕਛਹਿਰੇ ਦਾ ਪਾਣੀ ਲੈਣ ਗਿਆ ਹੋਵੇਗਾ ਅਤੇ ਇਹ ਸ਼ਰਮਸਾਰ ਸਿਰ ਹੇਠਾਂ ਸੁੱਟ ਕਿਸੇ ਹੋਰ ਨੂੰ ਹੀ ਸੂਫੀ ਸਮਝ ਬੈਠਾ ਹੋਵੇਗਾ।

ਜਾਂ ਫਿਰ ਇਸਨੂੰ ਦਿਨ ਰਾਤ ਸੂਫੀ ਨਾਂ ਤੋਂ ਡਰ ਲਗਦਾ ਹੋਵੇਗਾ (ਪਰ ਮੋਟੀ ਬੁੱਧ ਵਾਲੇ ਆਮ ਕਰਕੇ ਡਰਦੇ ਵੀ ਨਹੀਂ ਹੁੰਦੇ ਅਤੇ ਨਾ ਹੀ ਸ਼ਰਮ ਹੀ ਮੰਨਦੇ ਹੁੰਦੇ ਹਨ।)

— ਫਿਰ ਮੇਰੀ ਦਾਹੜੀ ਕਾਰਲਮਾਰਕਸ ਨਾਲ ਮਿਲਦੇ ਹੋਣ ਦੀ ਗੱਲ ਕਰਦਾ ਹੈ। ਕਾਰਲਮਾਰਕਸ ਵਰਗੇ ਮਹਾਨ ਯੁੱਗ ਪੁਰਸ਼ ਦੀ ਦਾਹੜੀ ਨਾਲ ਮੇਰੀ ਦਾਹੜੀ ਜੇਕਰ ਮਿਲਦੀ ਵੀ ਹੋਵੇ ਤਾਂ ਇਸ ਨਾਲ ਮੈਂ ਕਾਰਲ ਮਾਰਕਸ ਨਹੀਂ ਬਣ ਸਕਦਾ। ਪਰ ਮੈਨੂੰ ਕਾਰਲ ਮਾਰਕਸ ਦੇ ਮਹਾਨ ਵਿਚਾਰਾਂ ਦਾ ਅਨੁਸਾਰੀ ਹੋਣ ਦਾ ਪੂਰਾ ਮਾਣ ਹੈ। ਫਿਰਕੂ ਸੰਪਾਦਕ ਮੇਰੀ ਦਾਹੜੀ ਤੋਂ ਕਿਉਂ ਦੁਖੀ ਹੈ? ਇਸ ਨੇ ਆਪ ਵੀ ਤਾਂ 3 ਮਾਰਚ 1983 ਤੱਕ ਦਾਹੜੀ ਰਗੜੀ ਰੱਖੀ ਹੈ। ਹੁਣ ਇਹ ਦਾਹੜੀ ਦਾ ਇਜ਼ਾਰੇਦਾਰ ਬਣ ਗਿਆ ਹੈ। ਛੱਜ ਤਾਂ ਬੋਲੇ ਛਾਨਣੀ ਕੀ ਬੋਲਹੈ। ਅਜਿਹੇ ਦਾਹੜੀਆਂ ਵਾਲੇ ਮਸਨੂਈ - ਸਿੱਖੀ ਦਾ ਢੌਂਗ ਰਚਣ ਵਾਲੇ ਸਾਰੀ ਉਮਰ ਸਿੱਖ ਬਣਨਾ ਤਾਂ ਇਕ ਪਾਸੇ ਸਿੱਖੀ ਬਾਰੇ ਮੁਢਲਾ ੳ. ਅ. ਵੀ ਨਹੀਂ ਸਮਝ ਸਕਦੇ। ਇਹੋ ਜਿਹੀ ਸਿੱਖੀ ਦੀ ਸੇਵਾ (ਅਸਲ ਵਿਚ ਸਿਖੀ ਦਾ ਵਿਰੋਧ) ਕਰਕੇ ਲੋਕਾਂ ਨੂੰ ਸਿੱਖੀ ਤੋਂ ਦੂਰ ਲੈ ਜਾਂਦੇ ਹਨ। ਇਹ ਕਿਹੜੇ ਮਿਹਣੇ ਵਾਲੀ ਗੱਲ ਹੈ ਕਿ ਮੇਰੇ ਪਹਿਲਾਂ ਸ਼ੇਵ ਕੀਤੀ ਹੋਈ ਸੀ?

ਫਿਰਕੂ ਸੰਪਾਦਕ ਨੂੰ ਸਿੱਖੀ ਦੀਆਂ ਟਾਹਰਾਂ ਮਾਰਦੇ ਨੂੰ ਦਸ ਸਾਲ ਹੋ ਚੱਲੇ ਹਨ, ਸਿੱਖੀ ਅਸੂਲਾਂ ਉਪਰ ਉਹ ਕਿੰਨਾ ਕੁ ਚੱਲ ਰਿਹਾ ਹੈ। ਇਸ ਲਈ ਇਕੋ ਸੰਪਾਦਕੀ ਨੋਟ ਨੂੰ ਹੀ ਗਜ਼ ਰੱਖ ਸਕਦੇ ਹਾਂ ਜਿਥੇ ਇਸਦੀ ਅਕਲ ਇਸ ਦੇ ਆਪਣੇ ਮਿਥੇ ਨਾਪ 'ਕਛਹਿਰੇ ਦੇ ਨਾਲੇ' ਜਿੰਨੀ ਵੀ ਪੂਰੀ ਨਹੀਂ ਉਤਰਦੀ। ਪੰਜਾਬੀ ਲੇਖਕ ਮੰਚ ਦੇ ਹਿਸਾਬ ਲਈ ਆਰ. ਸੀ. ਐਮ. ਪੀ. ਦਾ ਦਬਕਾ ਮਾਰਦਾ ਹੈ। ਵਾਹ! ਜੁਆਕੜੀ ਅਕਲ ਦੀਆਂ ਕਮਾਲਾਂ। ਠੂਠਾ ਫੜਕੇ ਮੰਗੇ ਹਿਸਾਬ ਨੂੰ ਪੇਸ਼ ਕਰਕੇ ਜਿਵੇਂ ਫਖਰ ਸਮਝਦਾ ਹੈ। ਆਉਣ ਵਾਲੇ ਕੁਝ ਮਹੀਨਿਆਂ ਵਿਚ ਫਿਰ ਠੂਠਾ ਮਾਂਜਣ ਦੀਆਂ ਕਨਸੋਆਂ ਵੀ ਆ ਰਹੀਆਂ ਹਨ। ਫਿਰ ਨਾਲੋਂ ਨਾਲ ਹੀ ਹਿਸਾਬ ਜੋ ਦਿੱਤਾ ਗਿਆ ਤਾਂ ਠੂਠਾ ਫੇਰਨ ਦੀ ਮਹਾਰਤ ਦਾ ਪਤਾ ਲਗੇਗਾ।

ਇਸ ਸੰਪਾਦਕੀ ਨੋਟ ਤੋਂ 'ਰਵੀ ਨਾਟਕ' ਵਿਚ ਫਿਰਕੂ ਸੰਪਾਦਕ ਦੇ ਵਿਚਾਰਾਂ ਨੂੰ ਮੇਲ ਕੇ ਦੇਖ ਲੈਣ ਨਾਲ ਸੰਪਾਦਕ ਦਾ ਅਸਲੀ ਰੂਪ ਪੁੱਠੇ ਕੀਤੇ ਸੁਥੂ ਵਾਂਗ ਦਿਸ ਪਵੇਗਾ।

— ਮੇਰੇ ਵਲੋਂ ਚਲਦੀ ਚਰਚਾ ਵਿਚ ਗੁਰਬਾਣੀ ਦੀਆਂ ਤੁਕਾਂ ਵਰਤਣ ਨੂੰ ਵੀ ਇਹ ਮਿਹਣਾ ਬਣਾ ਕੇ ਪੇਸ਼ ਕਰ ਰਹੇ ਹਨ! ਚਰਨ (ਰਵੀ) ਅਤੇ ਫਿਰਕੂ ਸੰਪਾਦਕ ਇੰਨੀ ਪੇਤਲੀ ਅਕਲ ਦੇ ਮਾਲਕ ਹਨ ਜੋ ਇਹ ਸਮਝਦੇ ਹਨ ਕਿ ਪੰਜਾਬੀਆਂ ਦੇ ਮਹਾਨ ਵਿਰਸੇ ਉਪਰ ਪੰਜਾਬ ਦੇ ਕਮਿਊਨਿਸਟਾਂ ਦਾ ਕੋਈ ਅਧਿਕਾਰ ਨਹੀਂ ਹੈ। ਮੇਰਾ ਖਿਆਲ ਤਾਂ ਇਹ ਹੈ ਕਿ ਮੇਰੇ ਲੇਖਾਂ ਵਿਚ ਵਰਤੀਆਂ ਗੁਰਬਾਣੀ ਦੀਆਂ ਤੁਕਾਂ ਇਨ੍ਹਾਂ ਦੀ ਗੁਨਾਹੀ ਜ਼ਮੀਰ ਉਪਰ ਸ਼ਾਇਦ ਚੁਭ ਕੇ ਕਸ਼ਟ ਦਿੰਦੀਆਂ ਹੋਣ। ਅਜਿਹੇ ਕਾਲੇ ਦਿਲਾਂ ਵਾਲੇ ਫਿਰਕੂ ਲੋਕਾਂ ਨੂੰ ਬਾਣੀ ਨੂੰ ਸਮਝਣ ਵਾਲੇ ਕਮਿਊਨਿਸਟਾਂ ਤੋਂ ਕਿਉਂ ਡਰ ਆਉਂਦਾ ਹੈ? ਕੀ ਅਸੀਂ, ਇਨ੍ਹਾਂ ਵਲੋਂ ਸਿੱਖੀ ਦਾ ਬਾਵੇਲਾ ਕਰਕੇ ਭੋਲੇ ਲੋਕਾਂ ਤੋਂ ਪੈਸੇ ਬਟੋਰਨ ਵਿਚ ਵਿਘਣ ਬਣਦੇ ਹਾਂ? ਇਸ ਤੋਂ ਬਿਨਾਂ ਸਾਡੇ ਵਲੋਂ ਬਾਣੀ ਦੀਆਂ ਤੁਕਾਂ ਦੀ ਵਰਤੋਂ ਦਾ ਇਨ੍ਹਾਂ ਵਲੋਂ ਕੀਤੇ ਵਿਰੋਧ ਦਾ ਹੋਰ ਕੀ ਕਾਰਨ ਹੋ ਸਕਦਾ ਹੈ? ਕੀ ਇਹ ਦਸਣ ਦੀ ਕੋਸ਼ਿਸ਼ ਕਰਨਗੇ? ਜੇ ਇਹ ਫਿਰਕੂ ਆਪਣੇ ਆਪ ਨੂੰ ਸਿਖ ਸਮਝਦੇ ਹਨ ਤਾਂ ਮਲੇਸ਼-ਸਿਖ ਕੌਣ ਹੋਏ? ਸਿੱਖੀ ਦੇ ਭੇਸ ਵਿਚ ਸਿੱਖੀ ਦੇ ਦੁਸ਼ਮਣ ਕੌਣ ਹੋਏ?

ਸ਼ੁਭਚਿੰਤਕ
ਸੂਫੀ ਅਮਰਜੀਤ

---

ਪਿਆਰੇ ਗਿੱਲ ਜੀ,

ਇਸ ਨੋਟ ਦੇ ਨਾਲ ਸ੍ਰਿਸ਼ਟੀ ਦੇ ਕਥਿਤ ਕਰਤਾ ਤੇ ਇਸ ਦੇ ਚਾਲਕ ਨੂੰ ਸੰਬੋਧਨ, ਮਾਨੁਖਵਾਦੀ ਚੇਤੰਨਾ ਦੇ ਸਮਰਪਣ ਕਵਿਤਾ ਰੂਪ ਵਿਚ scribbles ਭੇਜ ਰਿਹਾ ਹਾਂ। ਆਸ ਹੈ ਤੁਹਾਡੇ ਵਸ਼ਿਸ਼ਟ ਪਰਚਿਆਂ ਦੇ ਕਿਸੇ ਕੋਨੇ ਵਿਚ ਉਚਿਤ ਥਾਂ ਜ਼ਰੂਰ ਮਿਲ ਜਾਵੇਗੀ।

'ਕੈਨੇਡਾ ਦਰਪਣ' ਤੇ 'ਕਲਮ' ਬਰਾਬਰ ਪ੍ਰਾਪਤ ਹੋ ਰਹੇ ਹਨ। ਧੰਨਵਾਦ! ਕੈਨੇਡਾ ਦਰਪਣ ਦੇ ਸਪਤਾਹਿਕ ਤੋਂ ਪੰਦਰਵਾੜੇ ਬਣਨ ਉਤੇ ਕੁਝ ਦੁੱਖ ਵੀ ਤੇ ਚਿੰਤਾ ਵੀ ਹੋਈ। ਪਰ ਫਿਰ ਇਹ ਸੋਚਿਆ ਕਿ ਅਜਿਹੇ ਕੰਮ ਵਿਚ ਪ੍ਰਬੰਧਕ ਤੇ ਫੁਟਕਲ ਰੁਝੇਵੇਂ, ਉਲਝੇਵੇਂ, ਬਹੁ-ਮੁਖੀ ਮੰਗਾਂ, ਲੋੜਾਂ ਤੇ ਬੰਧਸ਼ਾਂ ਆਦਿ ਪ੍ਰਾਕ੍ਰਿਤਕ ਤੌਰ ਤੇ ਪੇਸ਼ ਆਉਂਦੀਆਂ ਹੀ ਹਨ ਜਿੰਨ੍ਹਾਂ ਦੀ ਸਹੀ appreciation ਮੈਂ ਏਡੀ ਦੂਰ ਬੈਠਾ ਨਹੀਂ ਕਰ ਸਕਦਾ। ਹਾਂ ਫਿਰ ਵੀ ਸਮਝ ਸਕਦਾ ਹਾਂ ਕਿ ਇਸ ਪ੍ਰੀਵਰਤਣ ਪਿਛੇ ਜ਼ਰੂਰ ਯਕੀਨੀ ਅਜਿਹੀਆਂ ਬੰਧਸ਼ਾਂ ਹੋਣਗੀਆਂ ਜੋ ਇਸ ਨੂੰ ਸਪਤਾਹਿਕ ਬਨਣ ਦੇ ਰਾਹ ਵਿਚ ਰੁਕਾਵਟ ਬਣ ਰਹੀਆਂ ਹੋਣਗੀਆਂ।

ਫਿਰ ਵੀ ਆਸ ਕਰਦਾ ਹਾਂ ਕਿ ਹਰ ਸੰਭਵ ਵਸੀਲੇ ਰਾਹੀਂ ਜਿਵੇਂ ਵੀ ਤੇ ਜਦੋਂ ਵੀ ਸੰਭਵ ਹੋਵੇ 'ਕੈਨੇਡਾ ਦਰਪਣ' ਨੂੰ ਮੁੜ ਸਪਤਾਹਿਕ ਬਨਾਉਣ ਤੋਂ ਸੰਕੋਚ ਨਹੀਂ ਕਰੋਗੇ। ਅਤੇ ਹੋਰ ਵੀ ਪੰਜਾਬੀ ਪਰਚਿਆਂ ਦੇ ਜਨੂੰਨੀ ਤੇ ਪਾਖੰਡੀ ਚੀਕ ਚਹਾੜੇ ਤੋਂ ਮੁਕਾਬਲਤਨ ਅਗਾਂਹ ਵਧੂ ਤੇ society ਦੀਆਂ ਆਵਾਜ਼ਾਂ ਨੂੰ ਉਚਾ ਚੁੱਕੀ ਰੱਖੋਗੇ। ਮੰਨਿਆ ਕਿ ਇਹ ਆਦਰਸ਼ ਪਾਲਣੇ ਬਹੁਤ ਕਠਨ ਹਨ। ਤੁਹਾਡੇ ਯਤਨਾਂ ਨਾਲ ਮੇਰੀਆਂ ਸ਼ੁਭ ਇਛਾਵਾਂ ਨਾਲ ਹਨ।

ਆਪਦਾ ਹਿਤੂ
ਬਲਰਾਜ ਚੀਮਾ, ਓਂਟੇਰੀਓ।

## ਸਮਾਂ ਬਰਬਾਦ ਨਾ ਕਰੋ

ਪਿਆਰੇ ਦਰਸ਼ਨ,

ਕੁਝ ਬੰਦਿਆਂ ਦੀ ਆਦਤ ਹੁੰਦੀ ਹੈ ਕਿ ਉਹ ਦੂਜਿਆਂ ਦੇ ਮੋਢਿਆਂ ਤੇ

ਰੱਖਕੇ ਗੋਲੀਆਂ ਦਾਗਦੇ ਹਨ। ਵਾਦ-ਵਿਵਾਦ ਦੀ ਪੱਧਰ ਸੁਥਰੀ ਹੋਵੇ ਤਾਂ ਹੀ ਚੰਗੀ ਲਗਦੀ ਹੈ। ਅਜਿਹੇ ਬੰਦਿਆਂ ਨਾਲ ਸਿੰਗ ਫਸਾਉਣੇ ਉਂਝ ਹੀ ਸ਼ੋਭਾ ਨਹੀਂ ਦਿੰਦੇ ਜਿਨ੍ਹਾਂ ਦੇ ਕਿਰਦਾਰ ਨੂੰ ਲੋਕ ਪਹਿਲਾਂ ਹੀ ਚੰਗੀ ਤਰ੍ਹਾਂ ਜਾਣਦੇ ਹਨ। ਭਕਾਈ ਮਾਰਨ ਨਾਲ ਕੋਈ ਵੱਡਾ ਨਹੀਂ ਬਣਦਾ। ਜਿਵੇਂ ਮੈਂ ਤੈਨੂੰ ਅੱਗੇ ਵੀ ਲਿਖਿਆ ਸੀ ਕਿ ਇਹ ਸਾਡੇ ਪਿੰਡ ਵਾਲਾ ਜੋ ਕਦੇ ਬੋਦੀਆਂ ਵਾਲੀਆਂ ਤੇ ਕਦੇ ਪੱਗ ਵਾਲੀਆਂ ਮੂਰਤਾਂ ਛਪਵਾਉਂਦਾ ਹੈ — ਕਦੇ ਸਾਡੇ ਪਿੰਡ ਨਹੀਂ ਵੜਿਆ। ਇਸ ਨੇ ਪਿੰਡ ਵਿਚ ਹੀ ਇਕ ਅਜਿਹੀ ਖਰਾਬੀ ਕੀਤੀ ਸੀ ਜੋ ਲਿਖਦਿਆਂ ਵੀ ਸ਼ਰਮ ਆਉਂਦੀ ਹੈ। ਇਸੇ ਕਾਰਨ ਪਿੰਡ ਵਾਲੇ ਸਾਰਾ ਦੋਸ਼ ਪਾਕਿਸਤਾਨ ਤੋਂ ਲਿਆਂਦੀ ਮਰਾਸਣ ਨੂੰ ਦਿੰਦੇ ਸਨ। ਹੁਣ ਇਥੇ ਆ ਕੇ ਵੀ ਜੋ ਕਰਤੂਤਾਂ ਇਸ ਨੇ ਕੀਤੀਆਂ ਹਨ ਉਸ ਸ਼ਹਿਰ ਦੇ ਲੋਕਾਂ ਨੂੰ ਪਤਾ ਹੀ ਹਨ। ਇਸ ਕਿਸਮ ਦੇ ਗੁੰਡਾ ਅਨਸਰ ਨਾਲ ਉਲਝਣਾ ਆਪਣਾ ਸਮਾਂ ਬਰਬਾਦ ਕਰਨਾ ਹੈ।

ਉਸਦੇ ਦੂਜੇ ਯਾਰ ਜਿਸਨੇ ਪੰਜਾਹ ਸਾਲਾਂ ਦੀ 'ਮਾਤਾ ਜੀ' ਨਾਲ ਵਿਆਹ ਕਰਵਾਇਆ ਹੈ, ਅੱਜ ਕਲ੍ਹ ਕੀ ਕਰ ਰਿਹਾ ਹੈ ?

ਪਰਚਾ ਲਗਾਤਾਰ ਮਿਲ ਰਿਹਾ ਹੈ। ਕਦੀ ਕਦਾਈਂ ਖਤ ਲਿਖ ਦਿਆ ਕਰ

ਤੇਰਾ ਆਪਣਾ,

ਸੱਤੀ।

## ਫਾਰੂਕ ਅਬਦੁੱਲਾ ਕਾਂਗਰਸ ਦੇ ਜਾਲ 'ਚੋਂ ਨਿਕਲ ਆਉਣ — ਰਾਮਾ ਰਾਓ

ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਐਨ ਟੀ ਰਾਮਾ ਰਾਓ ਨੇ ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਡਾ: ਫਾਰੂਕ ਅਬਦੁਲਾ ਨੂੰ ਸੱਦਾ ਦਿੱਤਾ ਹੈ ਕਿ ਉਹ ਕਾਂਗਰਸ ਦੇ ਜਾਲ ਵਿਚੋਂ ਬਾਹਰ ਨਿਕਲਣ। ਉਹ ਉਧਮਪੁਰ (ਜੰਮੂ ਕਸ਼ਮੀਰ) ਪਾਰਲੀਮੈਂਟਰੀ ਸੀਟ ਦੀ ਚੋਣ ਵਿਚ ਪੈਂਥਰਜ਼ ਪਾਰਟੀ ਦੇ ਪ੍ਰਧਾਨ ਭੀਮ ਸਿੰਘ ਦੀ ਹਮਾਇਤ ਵਿਚ ਬੋਲ ਰਹੇ ਸਨ। ਉਹਨਾਂ ਕਿਹਾ ਕਿ ਫਾਰੂਕ ਅਬਦੁੱਲਾ ਮੁੱਖ ਮੰਤਰੀ ਬਨਣ ਖਾਤਰ ਕਾਂਗਰਸ ਪਾਸ ਵਿਕ ਗਏ ਹਨ। ਨੈਸ਼ਨਲ ਕਾਨਫਰੰਸ ਦਾ ਕਾਂਗਰਸ ਨਾਲ ਗਠਜੋੜ ਲੋਕਾਂ ਨਾਲ ਧੋਖਾ ਹੈ। ਚੰਗਾ ਹੈ ਫਾਰੂਕ ਅਬਦੁਲਾ ਕਾਂਗਰਸ ਦੀ ਚਾਲ ਨੂੰ ਸਮਝ ਕੇ ਕਾਂਗਰਸ ਨਾਲੋਂ ਸੰਬੰਧ ਤੋੜ ਲੈਣ।

ਰਾਮਾ ਰਾਓ ਨੇ ਕਿਹਾ ਕਿ ਉਹਨਾਂ ਜੁਲਾਈ ਦੇ ਪਹਿਲੇ ਹਫਤੇ ਦਿੱਲੀ ਵਿਚ ਅਪੋਜ਼ੀਸ਼ਨ ਦੀ ਮੀਟਿੰਗ ਸੱਦੀ ਹੈ ਜਿਸ ਵਿਚ ਕਾਂਗਰਸ ਦੇ ਮੁਕਾਬਲੇ ਉਤੇ ਚੋਣ ਨਿਸ਼ਾਨ ਅਤੇ ਸਾਂਝੇ ਮਹਾਜ ਦੇ ਮੈਨੀਫੈਸਟੋ ਦਾ ਫੈਸਲਾ ਕੀਤਾ ਜਾਏਗਾ।

## ਹਾਈ ਕੋਰਟ ਨੇ ਲਾਂਘੇ ਬਾਰੇ ਨੋਟੀਫੀਕੇਸ਼ਨ ਨੂੰ ਜਾਇਜ਼ ਕਿਹਾ

ਚੰਡੀਗੜ੍ਹ — ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਵੀ ਸ੍ਰੀ ਦਰਬਾਰ ਸਾਹਿਬ ਨੂੰ ਸੁੰਦਰ ਬਨਾਉਣ ਲਈ ਚੁਗਿਰਦੇ ਸੜਕ ਬਣਾਉਣ ਦੀ ਮਨਜ਼ੂਰੀ ਦੇ ਦਿੱਤੀ ਹੈ।

# ਪੰਜਾਬ ਭਰ 'ਚ ਫੈਡਰੇਸ਼ਨ ਦੇ ਨੇਤਾਵਾਂ ਵਲੋਂ ਮੁਆਫੀ ਨਾਮੇ :

## ਪੰਥਕ ਕਮੇਟੀ ਤੇ ਤਿੱਖੇ ਵਾਰ

ਚੰਡੀਗੜ੍ਹ — ਪੰਜਾਬ ਵਿਚ ਦਹਿਸ਼ਤਗਰਦਾਂ ਵਲੋਂ ਬੇਗੁਨਾਹਾਂ ਦੇ ਕਤਲਾਂ ਦਾ ਸਿਲਸਿਲਾ ਹਾਲਾਂ ਜਾਰੀ ਹੈ ਪਰ ਇਸ ਦੀ ਰਫਤਾਰ ਪਹਿਲਾਂ ਨਾਲੋਂ ਮੱਧਮ ਹੋਈ ਹੈ। ਦਹਿਸ਼ਤਗਰਦਾਂ ਨੂੰ ਸਹਾਇਤਾ ਦੇਣ ਵਾਲੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਵੱਖ ਵੱਖ ਹਿੱਸਿਆਂ ਵਲੋਂ ਦਹਿਸ਼ਤਗਰਦਾਂ ਨਾਲੋਂ ਨਾਤੇ ਤੋੜਨ, ਪਿਛਲੇ ਕੀਤੇ ਜੁਰਮਾਂ ਦੀਆਂ ਗਲਤੀਆਂ ਮੰਨਣ ਤੇ ਲਿਖਤੀ ਪੱਤਰ ਇਲਾਕਾ ਅਧਿਕਾਰੀਆਂ ਨੂੰ ਮਿਲ ਰਹੇ ਹਨ। ਇਸ ਸਿਲਸਿਲੇ ਨੂੰ ਇਕ ਸ਼ੁਭ ਸਮਾਂ ਕਰਾਰ ਦਿੱਤਾ ਜਾ ਰਿਹਾ ਹੈ। ਪੰਜਾਬ ਦੇ ਸੀਨੀਅਰ ਫੈਡਰੇਸ਼ਨੀ ਲੀਡਰਾਂ ਦਿਲਜੀਤ ਸਿੰਘ, ਕੁਲਵੰਤ ਸਿੰਘ, ਗੁਰਮੀਤ ਸਿੰਘ ਖਾਲਸਾ, ਸੁਰਿੰਦਰ ਸਿੰਘ ਬਾਬਾ ਸ਼ੇਰ ਸਿੰਘ ਨੇ ਲਿਖਿਆ ਹੈ ਕਿ ਬੀਤੇ ਵਿਚ ਉਹਨਾਂ ਤੋਂ ਵੱਡੀਆਂ ਗਲਤੀਆਂ ਹੋਈਆਂ ਹਨ। ਦਰਬਾਰ ਸਾਹਿਬ ਵਿਚ ਜੋ ਕੁਝ ਹੁੰਦਾ ਰਿਹਾ ਹੈ, ਉਸ ਉਤੇ ਸਾਰਾ ਸਿੱਖ ਭਾਈਚਾਰਾ ਸ਼ਰਮਸਾਰ ਹੈ। ਇਸੇ ਤਰ੍ਹਾਂ ਗੁਰਦਾਸਪੁਰ ਯੂਨਿਟ ਦੇ ਪ੍ਰਧਾਨ ਜੋਧ ਸਿੰਘ ਤੇ ਨਵਜੋਤ ਸਿੰਘ ਨੇ ਪੰਥਕ ਕਮੇਟੀ ਨੂੰ ਖੁਲੀ ਚਨੌਤੀ ਦਿੱਤੀ ਹੈ ਅਤੇ ਕਤਲੋਗਾਰਤ ਤੇ ਲੁੱਟ ਖੋਹ ਨੂੰ ਸਿੱਖੀ ਸਿਧਾਂਤਾਂ ਦੀ ਉਲੰਘਣਾ ਦਸਦਿਆਂ ਅਗੋਂ ਸਿੱਖ ਨੌਜਵਾਨਾਂ ਨੂੰ ਸਹੀ ਰਸਤੇ ਉਤੇ ਆਉਣ ਦੀ ਸਲਾਹ ਦਿੱਤੀ ਹੈ। ਪੁਲਸ ਮੁਖੀ ਅਨੁਸਾਰ ਬਲੈਕ ਥੰਡਰ ਅਪਰੇਸ਼ਨ ਤੋਂ ਬਾਅਦ ਪੁਲਸ ਨੇ 58 ਦਹਿਸ਼ਤਗਰਦ ਮਾਰੇ ਹਨ ਅਤੇ 75 ਦੇ ਕਰੀਬ ਅਤਿਵਾਦੀ ਤੇ ਉਹਨਾਂ ਦੇ ਸਮਰਥਕਾਂ ਨੂੰ ਕਾਬੂ ਕੀਤਾ ਹੈ।

ਪੰਜਾਬ ਦੇ ਸਰਹੱਦੀ ਜ਼ਿਲਿਆਂ ਵਿਚ ਦਹਿਸ਼ਤਗਰਦੀ ਜਾਰੀ ਹੈ ਜਲੰਧਰ ਹੁਸ਼ਿਆਰਪੁਰ ਤੇ ਲੁਧਿਆਣਾ ਜ਼ਿਲੇ ਵੀ ਹਾਲਾਂ ਇਹਨਾਂ ਦੀ ਮਾਰ ਹੇਠ ਹਨ। ਪਿਛਲੇ ਦਿਨੀਂ ਸਭ ਤੋਂ ਵੱਡੀ ਘਟਨਾ ਜ਼ਿਲਾ ਅੰਮ੍ਰਿਤਸਰ ਦੇ ਪਿੰਡ ਭੈਣੀ ਵਿਚ ਵਾਪਰੀ ਜਿਥੇ 9-10 ਦਹਿਸ਼ਤਗਰਦਾਂ ਦੀ ਟੋਲੀ ਨੇ ਦੋ ਪਰਿਵਾਰਾਂ ਦੇ ਸੁਤੇ ਪਏ 9 ਬੇਗੁਨਾਹ ਲੋਕਾਂ ਦਾ ਖੂਨ ਕਰ ਦਿੱਤਾ। ਰਾਤ ਸਮੇਂ ਇਹ ਕਾਤਲ ਟੋਲਾ ਕਾਰ ਵਿਚ ਆਇਆ। ਪਿੰਡ ਦੇ ਬਾਹਰਵਾਰ ਇਹਨਾਂ ਨੇ ਇਕ ਘਰ ਵਿਚ ਦਾਖਲ ਹੋ ਕੇ ਸੁੱਤੇ ਪਏ ਟੱਬਰ ਉਤੇ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ। ਜਿਥੇ ਉਹਨਾਂ ਛੇ ਵਿਅਕਤੀਆਂ ਨੂੰ ਸਦਾ ਦੀ ਨੀਂਦ ਸੁਲਾ ਦਿੱਤਾ। ਫਿਰ ਦੂਸਰੇ ਘਰ ਵਿਚ ਦਾਖਲ ਹੋ ਕੇ ਤਿੰਨ ਵਿਅਕਤੀਆਂ ਨੂੰ ਹਲਾਕ ਕਰ ਦਿੱਤਾ। ਦਰਬਾਰ ਸਾਹਿਬ ਨੂੰ ਦਹਿਸ਼ਤਗਰਦਾਂ ਤੋਂ ਖਾਲੀ ਕਰਾਏ ਜਾਣ ਬਾਅਦ ਇਸ ਹਫਤੇ ਦਾ ਇਹ ਸਭ ਤੋਂ ਵੱਡਾ ਕਾਂਡ ਹੈ।

## ਲੌਂਗੋਵਾਲ ਦਲ ਦੇ ਲੀਡਰ ਦਾ ਕਤਲ

ਮੋਗੇ ਦੇ ਉਘੇ ਵਕੀਲ ਚਰਨ ਦਾਸ ਘਈ ਨੂੰ ਦਹਿਸ਼ਤਗਰਦਾਂ ਨੇ ਗੋਲੀ ਮਾਰ ਕੇ ਹਲਾਕ ਕਰ ਦਿੱਤਾ। ਜਦੋਂ ਕਿ ਉਹ ਆਪਣੇ ਘਰ ਵਿਚ ਹੀ ਬੈਠਾ ਸੀ। ਚਰਨ ਦਾਸ ਲੌਂਗੋਵਾਲ ਅਕਾਲੀ ਦਲ ਦਾ ਖਾਸ ਸਲਾਹਕਾਰ ਲੀਡਰ ਸੀ ਤੇ ਵਕੀਲਾਂ ਦੀ ਐਸੋ: ਦਾ ਪ੍ਰਧਾਨ ਸੀ। ਮਰਨ ਵਾਲੇ ਮਾਰਨ ਵਾਲੇ ਕਾਤਲਾਂ ਦੀ . ਗਿਣਤੀ ਤਿੰਨ ਦੱਸੀ ਜਾਂਦੀ ਹੈ। ਜਿਹਨਾਂ ਨੇ ਕਿਸੇ ਰਾਹੀਂ ਚਰਨ ਦਾਸ ਨੂੰ ਬੂਹੇ ਵਿਚ ਸੱਦਿਆ ਤੇ ਚਾਰ ਗੋਲੀਆਂ ਮਾਰੀਆਂ। ਘਈ ਦੇ ਅੰਤਮ ਸਸਕਾਰ ਉਤੇ ਸੁਰਜੀਤ ਸਿੰਘ ਬਰਨਾਲਾ ਅਤੇ ਦੂਸਰੀਆਂ ਪਾਰਟੀਆਂ ਦੇ ਲੀਡਰ ਵੀ ਪੁਜੇ ਜਿਹਨਾਂ ਉਘੇ ਵਕੀਲ ਨੂੰ ਸ਼ਰਧਾਂਜਲੀ ਭੇਂਟ ਕੀਤੀ।

## ਜਗੀਰ ਸਿੰਘ ਸਾਊ ਮਨੁੱਖ ਤੋਂ ਅਤਿਵਾਦੀ ਕਿਵੇਂ ਬਣਿਆ

ਅੰਮ੍ਰਿਤਸਰ — ਦਰਬਾਰ ਸਾਹਿਬ ਵਿਚ ਘਿਰ ਜਾਣ ਬਾਅਦ ਸੁਰਖਿਆ ਦਸਤਿਆਂ ਦੀ ਗੋਲੀ ਦਾ ਨਿਸ਼ਾਨਾ ਬਨਣ ਵਾਲਾ ਜਗੀਰ ਸਿੰਘ ਦੱਸਿਆ ਜਾਂਦਾ ਹੈ ਕਿ ਪਹਿਲਾਂ ਧਾਰਮਿਕ ਸ਼ਰਧਾ ਵਾਲਾ ਮਨੁੱਖ ਸੀ। ਫਿਰ ਉਸ ਨੇ ਸੰਤ ਭਿੰਡਰਾਂਵਾਲਿਆਂ ਤੋਂ ਅੰਮ੍ਰਿਤ ਛਕਿਆ ਤੇ ਸਾਊ ਮਨੁੱਖ ਤੋਂ ਦਹਿਸ਼ਤਗਰਦ ਬਣ ਗਿਆ। ਜੱਦੀ ਪਿੰਡ ਨੰਗਲ ਲੁਬਣਾ ਵਿਚ ਉਸ ਦੀ 12 ਕੁਨਾਲ ਜ਼ਮੀਨ ਸੀ ਜੋ ਹੁਣ ਵੀ ਇਨੀ ਹੀ ਹੈ ਤੇ ਮਕਾਨ ਕੱਚਾ ਹੈ। ਸੰਤਾਂ ਨਾਲ ਮਿਲਣ ਬਾਅਦ ਉਸਨੇ ਪਿੰਡਾਂ ਦੇ ਪੰਜ ਹਿੰਦੂਆਂ ਨੂੰ ਕਤਲ ਕੀਤਾ। ਜਿਸ ਕਾਰਨ ਉਸਦਾ ਪਿੰਡ ਵਿਚ ਬਣਿਆ ਸਤਿਕਾਰ ਖਤਮ ਹੋ ਗਿਆ। ਇਹ ਵੀ ਖਬਰਾਂ ਹਨ ਕਿ ਕੰਪਲੈਕਸ ਅੰਦਰ ਉਸ ਨੇ ਵੀ ਲੱਖਾਂ ਰੁਪੈ ਜਮਾਂ ਕੀਤੇ ਪਰ ਉਹ ਰੁਪੈ ਕੌਣ ਲੈ ਗਿਆ ਕਿਸੇ ਨੂੰ ਪਤਾ ਨਹੀਂ। ਹੁਣ ਪਿੰਡ ਵਾਲੇ ਉਸਦੇ ਨਿਆਣਿਆਂ ਨੂੰ ਪਾਲ ਰਹੇ ਹਨ।

## ਢੀਂਡਸਾ ਤੇ ਵਡਾਲਾ ਮੱਧ ਪ੍ਰਦੇਸ਼ ਦੀਆਂ ਜੇਲ੍ਹਾਂ 'ਚ ਤਬਦੀਲ

ਚੰਡੀਗੜ੍ਹ — ਪਤਾ ਲੱਗਾ ਹੈ ਕਿ ਏਕੀਕ੍ਰਿਤ ਅਕਾਲੀ ਦਲ ਦੇ ਦੋ ਹੋਰ ਆਗੂਆਂ ਸੁਖਦੇਵ ਸਿੰਘ ਢੀਂਡਸਾ ਅਤੇ ਕੁਲਦੀਪ ਸਿੰਘ ਵਡਾਲਾ ਨੂੰ ਨਵੀਂ ਦਿੱਲੀ ਦੀ ਤਿਹਾੜ ਜੇਲ ਤੋਂ ਮੱਧ ਪ੍ਰਦੇਸ਼ ਦੀਆਂ ਜੇਲ੍ਹਾਂ ਵਿਚ ਤਬਦੀਲ ਕਰ ਦਿੱਤਾ ਗਿਆ ਹੈ। ਪਰ ਸੁਖਜਿੰਦਰ ਸਿੰਘ ਫਿਲਹਾਲ ਤਿਹਾੜ ਜੇਲ ਵਿਚ ਹੀ ਨਜ਼ਰਬੰਦ ਹਨ। ਇਹਨਾਂ ਤਿੰਨਾਂ ਆਗੂਆਂ ਨੂੰ ਪੰਜਾਬ ਸਰਕਾਰ ਨੇ ਹਾਲ ਹੀ ਵਿਚ ਕੌਮੀ ਸੁਰੱਖਿਆ ਐਕਟ ਦੇ ਤਹਿਤ ਨਜ਼ਰਬੰਦ ਕੀਤਾ ਸੀ। ਸੁਖਜਿੰਦਰ ਸਿੰਘ ਨੂੰ ਵੀ ਕਿਸੇ ਹੋਰ ਜੇਲ੍ਹ ਵਿਚ ਤਬਦੀਲ ਕਰ ਦਿੱਤੇ ਜਾਣ ਦੀ ਸੰਭਾਵਨਾ ਹੈ। ਇਕ ਸੁਝਾਅ ਇਹ ਵੀ ਵਿਚਾਰ ਅਧੀਨ ਹੈ ਕਿ ਚੂੰਕਿ ਢੀਂਡਸਾ ਨੇ ਇਸ ਸਾਲ ਸਿਓਲ ਵਿਚ ਹੋਣ ਵਾਲੀਆਂ ਓਲੰਪਿਕ ਖੇਡਾਂ ਵਿਚ ਹਿੱਸਾ ਲੈਣਾ ਹੈ ਇਸ ਲਈ ਉਹਨਾਂ ਨੂੰ ਕਿਉਂ ਨਾ ਰਿਹਾਅ ਕਰ ਦਿੱਤਾ ਜਾਵੇ।


ROYAL
new-used
FURNITURE

ਵੈਨਕੂਵਰ ਵਿਚ ਭਾਰਤੀਆਂ ਦਾ ਫਰਨੀਚਰ ਸਟੋਰ

ਰੌਇਲ ਫਰਨੀਚਰ ਲਿਮਿਟਿਡ

ROYAL HIGH IN QUALITY LOWEST IN PRICES

2607 ਮੇਨ ਸਟਰੀਟ, ਵੈਨਕੂਵਰ, ਬੀ. ਸੀ.

Ph. 874-9525

ਟੌਪ ਕੁਆਲਿਟੀ ਦਾ ਫਰਨੀਚਰ ਤੇ ਵਾਜਿਬ ਕੀਮਤਾਂ

● ਲਿਵਿੰਗ ਰੂਮ ● ਡਾਈਨਿੰਗ ਰੂਮ ● ਬੈਡ ਰੂਮ ਅਤੇ ਹਰ ਕਿਸਮ ਦਾ ਫਰਨੀਚਰ ਸਾਥੋਂ ਖ੍ਰੀਦੋ

* New * Used or * Trade-ins

ਫਰਨੀਚਰ ਦੀ ਦੁਨੀਆਂ ਵਿਚ 36 ਸਾਲ ਪੁਰਾਣਾ ਸਟੋਰ

WE WILL BEAT ANY PRICE BY 5%

ਅਸੀਂ ਕਿਸੇ ਦੀ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ 5% ਨਾਲ ਬੀਟ ਕਰਾਂਗੇ!

LOWEST PRICES GUARANTEED

ROYAL FURNITURE LTD.

2607 MAIN STREET (at 10th. AVE.), VANCOUVER, B.C.

TEL. 874-9525

VISA

MasterCard

MASTER CARD VISA ACCEPTED

# ਨਛੱਤਰ ਕੌਰ ਨੇ ਔਰਤਾਂ ਨੂੰ ਕਤਲ ਕਰਕੇ ਲਾਸ਼ਾਂ ਮਲਬੇ ਹੇਠ ਦੱਬੀਆਂ

## ਗੁਰਜੰਟ ਸਿੰਘ ਦੀ ਪਤਨੀ ਨੇ ਆਪਣੀ ਕਹਾਣੀ ਦੱਸੀ

ਅੰਮ੍ਰਿਤਸਰ — 15 ਮਈ ਨੂੰ ਆਤਮ ਸਮਰਪਣ ਕਰਨ ਵਾਲੀਆਂ 13 ਔਰਤਾਂ ਵਿਚ ਇਕ ਕੁਲਵਿੰਦਰ ਕੌਰ ਵੀ ਹੈ ਜੋ ਮਾਰੇ ਜਾ ਚੁਕੇ ਦਹਿਸ਼ਤਗਰਦ ਗੁਰਜੰਟ ਸਿੰਘ (ਪੱਟੀ) ਦੀ ਪਤਨੀ ਹੈ। ਗੁਰਜੰਟ ਸਿੰਘ ਹਰਿਆਣੇ ਵਿਚ ਪੁਲਸ ਮੁਕਾਬਲੇ ਵਿਚ ਮਾਰਿਆ ਗਿਆ ਸੀ। ਕੁਲਵਿੰਦਰ ਕੌਰ ਅਨੁਸਾਰ ਗੁਰਜੰਟ ਖੇਤੀਬਾੜੀ ਕਰਦਾ ਸੀ ਸਾਰਾ ਟੱਬਰ ਖੁਸ਼ੀ ਦਾ ਜੀਵਨ ਜੀਅ ਰਿਹਾ ਸੀ। ਇਕ ਦਿਨ ਪਿੰਡ ਤਰਖਾਣਾ ਦਾ ਇਕ ਨੌਜਵਾਨ ਮੇਰੇ ਪਤੀ ਗੁਰਜੰਟ ਨੂੰ ਮਿਲਣ ਆਇਆ ਪਤਾ ਨਹੀਂ ਉਸ ਨੇ ਕੀ ਸਬਜ਼ ਬਾਗ ਦਿਖਾਏ ਕਿ ਗੁਰਜੰਟ ਸਿੰਘ ਉਸ ਨਾਲ ਦਰਬਾਰ ਸਾਹਿਬ ਚਲਾ ਗਿਆ। ਸਾਰੇ ਟੱਬਰ ਨੇ ਉਸ ਨੂੰ ਸਮਝਾਇਆ ਕਿ ਪੁਠੇ ਪਾਸੇ ਨਾ ਲੱਗੇ ਪਰ ਉਹ ਨਾ ਮੰਨਿਆ ਫਿਰ ਉਸ ਨੇ ਕਈ ਕਤਲ ਕੀਤੇ।

ਕੁਲਵਿੰਦਰ ਕੌਰ ਨੇ ਦੱਸਿਆ ਕਿ ਉਸ ਦਾ ਪਤੀ ਉਸਨੂੰ ਵੀ ਦਰਬਾਰ ਸਾਹਿਬ ਵਿਚ ਸੱਦਦਾ ਸੀ ਉਹ ਕਦੇ ਕਦੇ ਜਾ ਆਉਂਦੀ ਸੀ ਪਰ ਪੱਕੇ ਤੌਰ ਤੇ ਉਥੇ ਨਹੀਂ ਸੀ ਰਹੀ। ਜਿਸ ਦਿਨ ਬਲੈਕ ਥੰਡਰ ਅਪਰੇਸ਼ਨ ਹੋਇਆ ਉਸ ਦਿਨ ਵੀ ਉਹ ਗਈ ਹੋਈ ਸੀ ਤੇ ਉਥੇ ਹੀ ਘਿਰ ਗਈ।

### ਨਛੱਤਰ ਕੌਰ ਦੇ 'ਕਮਾਲ'

ਇਕ ਹੋਰ ਔਰਤ ਨਛੱਤਰ ਕੌਰ ਵੀ ਪੁਲਸ ਦੀ ਹਰਾਸਤ ਵਿਚ ਹੈ। ਉਹ ਦਰਬਾਰ ਸਾਹਿਬ ਦੇ ਇਕ ਇੰਟੈਰੋਗੇਸ਼ਨ ਰੂਮ ਵਿਚ ਲੈ ਜਾ ਕੇ ਔਰਤਾਂ ਮਰਦਾਂ ਨੂੰ ਬੁਰੀ ਤਰ੍ਹਾਂ ਤਸੀਹੇ ਦਿਆ ਕਰਦੀ ਸੀ। ਔਰਤਾਂ ਨੂੰ ਬਿਜਲੀ ਦੇ ਕਰੰਟ ਲਾਉਂਦੀ ਅਤੇ ਉਹਨਾਂ ਦੇ ਪ੍ਰਾਈਵੇਟ ਥਾਵਾਂ ਨੂੰ ਨਸ਼ਟ ਕਰ ਦੇਂਦੀ ਸੀ। ਪੁਲਸ ਨੂੰ ਨਛੱਤਰ ਕੌਰ ਆਪ ਦਸਦੀ ਹੈ ਕਿ ਉਸਨੇ ਪਿਛਲੇ ਸਮੇਂ ਵਿਚ ਅਨੇਕਾਂ ਔਰਤਾਂ ਦੀਆਂ ਜਾਨਾਂ ਲਈਆਂ। ਨਛੱਤਰ ਕੌਰ ਦਾ ਪਤੀ ਭਾਗ ਸਿੰਘ ਵੀ ਦਹਿਸ਼ਤਗਰਦਾਂ ਦਾ ਸਾਥੀ ਤੇ ਇੰਟੈਰੋਗੇਸ਼ਨ ਰੂਮ ਦਾ ਇੰਚਾਰਜ ਹੁੰਦਾ ਸੀ। ਉਸਨੇ ਤੀਹ ਦੇ ਕਰੀਬ ਕਤਲ ਕੀਤੇ ਸਨ। ਦੱਸਿਆ ਜਾਂਦਾ ਹੈ ਕਿ ਇਹ ਕਤਲ ਕਰਨ ਬਾਅਦ ਲਾਸ਼ਾਂ ਅਕਾਲ ਤਖਤ ਦੇ ਮਲਬੇ ਵਿਚ ਦੱਬ ਦੇਂਦੇ ਸਨ। ਇਹ ਨਛੱਤਰ ਕੌਰ ਥਾਣਾ ਨੂਰ ਮਹਿਲ ਦੇ ਪਿੰਡ ਭੰਗਾਲ ਵਿਚ ਭਾਗ ਸਿੰਘ ਨਾਲ ਵਿਆਹੀ ਗਈ ਸੀ ਉਹਨਾਂ ਦੇ ਦੋ ਪੁੱਤਰ ਗੁਰਮੇਜ ਸਿੰਘ ਤੇ ਗੁਰਦੇਵ ਸਿੰਘ ਸਨ।


**Thinking of Buying or Selling**

ਆਪਣੀ ਜਾਇਦਾਦ ਦੀ ਸਹੀ ਕੀਮਤ ਜਾਨਣ ਲਈ ਅਤੇ ਕਿਸੇ ਭੀ ਕਿਸਮ ਦੀ ਜਾਇਦਾਦ ਖ਼ੀਦਣ ਜਾਂ ਵੇਚਣ ਤੋਂ ਪਹਿਲਾਂ ਜ਼ਰੂਰ ਮਿਲੋ ਜਾਂ ਫ਼ੋਨ ਕਰੋ :



ਨਿਰਮਲ ਸਿੰਘ ਧਾਲੀਵਾਲ

*For The Best Selection & 100% Satisfaction*

**NIRMAL (Neil) DHALIWAL**

Bus: 588-9955 Res: 597-2069

Specializing in: Lots, New Homes, Investment Properties, Farms, Industrial & Commercials

WORKING 100% FOR YOU



LAKEVIEW REALTY LTD.

10732 KING GEORGE HWY., SURREY, B.C. V3T 2X7



GM **WESTMINSTER**

12th. STREET AT QUEENS AVE., NEW WESTMINSTER, B.C.

ਆਪ ਨਵੀਂ ਜਾਂ ਪੁਰਾਣੀ ਕਾਰ ਵੇਚਣੀ ਜਾਂ ਖ਼ੀਦਣੀ ਚਾਹੁੰਦੇ ਹੋ ਤਾਂ ਵਧੀਆ ਡੀਲ ਲਈ ਪ੍ਰੋਫੈਸ਼ਨਲ ਸੇਲਜ਼ਮੈਨ

**ਗੁਰਜੀਤ ਬਾਵਾ ਢੀਂਡਸਾ**

ਨੂੰ ਜ਼ਰੂਰ ਮਿਲੋ ਜਾਂ ਫੋਨ ਕਰੋ। ਉਹ ਤੁਹਾਨੂੰ ਵਧੀਆ ਕਾਰ ਵਾਜਬ ਕੀਮਤ ਤੇ ਦਿਵਾਉਣ ਦਾ ਵਾਅਦਾ ਕਰਦੇ ਹਨ।

- ਥੋੜ੍ਹੀ ਜਿਹੀ ਡਾਊਨ ਪੇਮੈਂਟ ਦੇ ਕੇ ਆਸਾਨ ਕਿਸ਼ਤਾਂ ਤੇ ਕਾਰ ਦਿਵਾ ਸਕਦੇ ਹਨ।

**BUS. 521-7731**

Pager 687-1985 #5531

FOR **BEST DEAL & BEST SERVICE**





ਗੁਰਜੀਤ ਢੀਂਡਸਾ ਬਾਵਾ



ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ

**ਘੱਟ ਤੋਂ ਘੱਟ ਕਿਰਾਏ**

London From $599^{00}$ Toronto From $299^{00}$

Toronto From $179^{00}$ [One Way]



*AUTHORIZED AGENTS FOR:*

AIR CANADA
BRITISH AIRWAYS
CATHAY PACIFIC
CANADIAN AIRLINES INTERNATIONAL
THAI AIRWAYS INTERNATIONAL
& OTHER MAJOR AIRLINES

ਭਾਰਤ, ਪਾਕਿਸਤਾਨ, ਫੀਜ਼ੀ, ਲੰਡਨ, ਸ਼੍ਰੀ ਲੰਕਾ, ਡਿਜ਼ਨੀਲੈਂਡ, ਹਵਾਈ ਜਾਂ ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ

ਘੱਟ ਤੋਂ ਘੱਟ ਕਿਰਾਏ

ਜੇਕਰ ਤੁਸੀਂ ਲੰਡਨ ਰਾਹੀਂ ਜਾ ਰਹੇ ਹੋ ਤਾਂ ਤੁਸੀਂ 2 ਸੂਟਕੇਸ ਆਪਣੇ ਨਾਲ ਲਿਜਾ ਸਕਦੇ ਹੋ

Prices are subject to change without notice

**BAINS TRAVEL SERVICE**

6364 Fraser Street, Vancouver, B.C. Ph. 324-2277

935 Marine Drive Capilano Mall, N. Vancouver

1710 Douglas St. Victoria, B.C. Ph. 386-6363



ਪੰਜਾਬੀ ਮਾਰਕਿਟ ਵਿਚ

**ਮਾਨ ਸ਼ੂਅ ਸਟੋਰ**

ਆਦਮੀਆਂ, ਔਰਤਾਂ, ਅਤੇ ਬੱਚਿਆਂ ਦੇ ਜੋੜੇ, ਚਮੜੇ ਦੇ ਅਟੈਚੀ, ਪਰਸ ਅਤੇ ਹੋਰ ਸਾਮਾਨ

MENS, LADIES & CHILDRENS' SHOES AND LEATHER LUGGAGE & ACCESSORIES

**Mohinder Singh Mann**

ਮੁਹਿੰਦਰ ਸਿੰਘ ਮਾਨ

321-4353

**MANN SHOE STORE**

6570 MAIN ST., VANCOUVER, B.C.

# ਏਅਰ-ਇੰਡੀਆ ਹਾਦਸੇ ਲਈ ਕਮਿਸ਼ਨ ਦੀ ਮੰਗ

## ਰਿਸ਼ਤੇਦਾਰਾਂ ਵਲੋਂ ਪਾਰਲੀਮੈਂਟ ਸਾਹਮਣੇ ਮੁਜ਼ਾਹਰਾ

ਅਟਵਾ — ਲਿਬਰਲ ਲੀਡਰ ਜੌਹਨ ਟਰਨਰ ਅਤੇ ਐਨ. ਡੀ. ਪੀ. ਦੇ ਸਵੈਂਡ ਰੌਬਿਨਸਨ ਨੇ ਪਾਰਲੀਮੈਂਟ ਵਿਚ ਸਰਕਾਰ ਕੋਲੋਂ ਮੰਗ ਕੀਤੀ ਕਿ ਏਅਰ-ਇੰਡੀਆ 182 ਦਾ ਹਾਦਸਾ ਹੋਏ ਨੂੰ ਤਿੰਨ ਸਾਲ ਬੀਤ ਗਏ ਹਨ ਪਰ ਦੋਸ਼ੀ ਫੜੇ ਨਹੀਂ ਗਏ ਇਸ ਲਈ ਸਰਕਾਰ ਇਕ ਅਜਿਹਾ ਕਮਿਸ਼ਨ ਮੁਕੱਰਰ ਕਰੇ ਜੋ ਆਜ਼ਾਦ ਪੱਧਰ ਉਤੇ ਕੰਮ ਕਰੇ।

ਸਵੈਂਡ ਰੌਬਿਨਸਨ ਨੇ ਕਿਹਾ, "ਇਹ ਹੈਰਾਨੀ ਦੀ ਗੱਲ ਹੈ ਕਿ ਤਿੰਨ ਸਾਲ ਬੀਤ ਗਏ ਹਨ ਪਰ ਕੈਨੇਡਾ ਸਰਕਾਰ ਅਜੇ ਵੀ ਕਿਸੇ ਇਨਕੁਆਰੀ ਲਈ ਤਿਆਰ ਨਹੀਂ।" ਇਹ ਹਾਦਸਾ ਜਿਸ ਵਿਚ ਵੈਨਕੂਵਰ ਤੋਂ ਬੰਬ ਰੱਖੇ ਜਾਣ ਦੀ ਸ਼ੱਕ ਹੈ ਵਿਚ 329 ਵਿਅਕਤੀ ਮਾਰੇ ਗਏ ਸਨ। ਪਰ ਅਜੇ ਤੱਕ ਕੋਈ ਵੀ ਵਿਅਕਤੀ ਇਸ ਦੋਸ਼ ਵਿਚ ਫੜਿਆ ਨਹੀਂ ਗਿਆ।

ਪਾਰਲੀਮੈਂਟ ਵਿਚ ਮਿ: ਟਰਨਰ ਨੇ ਕਿਹਾ ਕਿ ਰਾਇਲ ਕਮਿਸ਼ਨ ਦੀ ਸਥਾਪਨਾ ਕੀਤੀ ਜਾਵੇ ਕਿਉਂਕਿ ਖੁਫੀਆ ਪੁਲਸ ਨੇ ਉਹ ਟੇਪਾਂ ਹੀ ਸਾਫ਼ ਕਰ ਦਿੱਤੀਆਂ ਹਨ ਜਿਨ੍ਹਾਂ ਉਤੇ ਗੱਲਬਾਤ ਦਰਜ ਸੀ ਅਤੇ ਇਨ੍ਹਾਂ ਬਾਰੇ ਕੋਈ ਸਪੱਸ਼ਟੀਕਰਨ ਨਹੀਂ ਦਿੱਤਾ ਗਿਆ।

ਮਿ: ਟਰਨਰ ਨੇ ਕਿਹਾ ਕਿ ਬਹੁਤੇ ਸੁਆਲਾਂ ਦਾ ਜੁਆਬ ਨਹੀਂ ਮਿਲਿਆ ਕਿ ਕੀ ਹਾਦਸੇ ਦੀ ਤਹਿਕੀਕਾਤ ਵਿਚ ਨੁਕਸ ਸੀ, ਕੀ ਗਲਤੀਆਂ ਕੀਤੀਆਂ ਗਈਆਂ, ਕੀ ਪ੍ਰਧਾਨ ਮੰਤਰੀ ਰਾਇਲ ਕਮਿਸ਼ਨ ਮੁਕੱਰਰ ਲਈ ਅਜੇ ਵੀ ਤਿਆਰ ਨਹੀਂ?

### ਪਾਰਲੀਮੈਂਟ ਸਾਹਮਣੇ ਮੁਜ਼ਾਹਰਾ

23 ਜੂਨ ਨੂੰ ਹਾਦਸੇ ਵਿਚ ਸ਼ਿਕਾਰ ਹੋਏ ਵਿਅਕਤੀਆਂ ਦੇ ਰਿਸ਼ਤੇਦਾਰਾਂ ਨੇ ਪਾਰਲੀਮੈਂਟ ਸਾਹਮਣੇ ਮੁਜ਼ਾਹਰਾ ਕੀਤਾ ਅਤੇ ਇਨਕੁਆਰੀ ਦੀ ਮੰਗ ਕੀਤੀ। ਮੁਜ਼ਾਹਰਾ ਕਰਨ ਵਾਲਿਆਂ ਦਿਆਂ ਚਿਹਰਿਆਂ ਉਤੇ ਉਦਾਸੀ ਸੀ।

### ਯੋਗੇਸ਼ ਪਾਲੀਵਾਲ ਦੀ ਮੌਤ

ਮੁਜ਼ਾਹਰਾ ਸ਼ੁਰੂ ਹੋਣ ਤੋਂ ਕੁਝ ਘੰਟੇ ਪਹਿਲਾਂ 46 ਸਾਲਾ ਯੋਗੇਸ਼ ਪਾਲੀਵਾਲ ਦੀ ਮੌਤ ਹੋ ਗਈ ਉਸਦਾ ਲੜਕਾ ਮੁਕਲ ਪਾਲੀਵਾਲ ਹਾਦਸੇ ਵਿਚ ਮਾਰਿਆ ਗਿਆ ਸੀ। ਮੌਤ ਦਾ ਕਾਰਨ ਦਿਲ ਦਾ ਦੌਰਾ ਦੱਸਿਆ ਗਿਆ ਹੈ। ਉਸਦੇ ਲੜਕੇ ਸ਼ੈਲੇਂਦਰ ਪਾਲੀਵਾਲ ਨੇ ਕਿਹਾ ਕਿ ਉਸਦੇ ਪਿਤਾ ਦੀ ਮੌਤ ਦਾ ਕਾਰਨ ਉਸਦੇ ਛੋਟੇ ਭਰਾ ਦੀ ਮੌਤ ਹੈ।

ਸੋਲੀਸਿਟਰ-ਜਨਰਲ ਜੇਮਜ ਕਲੇਹਰ ਨੇ ਪਾਰਲੀਮੈਂਟ ਨੂੰ ਦੱਸਿਆ ਕਿ ਪੁਲੀਸ ਵਲੋਂ ਇਨਕੁਆਰੀ ਤੇਜ਼ੀ ਨਾਲ ਜਾਰੀ ਹੈ।

# ਵੈਂਡਰਜ਼ਾਮ ਨੇ ਮੋਅ ਸਹੋਤਾ ਉਤੇ ਲਾਏ ਦੋਸ਼ ਵਾਪਸ ਲੈ ਲਏ

ਵਿਕਟੋਰੀਆ — ਐਨ. ਡੀ. ਪੀ. ਦੇ ਐਮ. ਐਲ. ਏ. ਮੋਅ ਸਹੋਤਾ ਨੇ ਇਥੇ ਕਿਹਾ ਕਿ ਉਨ੍ਹਾਂ ਨੂੰ ਖੁਸ਼ੀ ਹੈ ਕਿ ਪ੍ਰੀਮੀਅਰ ਵੈਂਡਰਜ਼ਾਮ ਨੇ ਉਸ ਉਤੇ ਲਾਏ ਦੋਸ਼ ਵਾਪਸ ਲੈ ਲਏ ਹਨ ਅਤੇ ਇਸ ਤਰ੍ਹਾਂ ਇਹ ਘਟਨਾ ਖਤਮ ਹੋ ਗਈ ਹੈ।

ਮੋਅ ਸਹੋਤਾ ਉਤੇ ਵੈਂਡਰਜ਼ਾਮ ਨੇ ਅਸੈਂਬਲੀ ਵਿਚ ਦੋਸ਼ ਲਾਇਆ ਸੀ ਕਿ 'ਲੋਕਾਂ' ਨੇ ਉਸਨੂੰ ਕਿਹਾ ਹੈ ਕਿ ਸਹੋਤਾ ਅਤੇ ਉਸਦੇ ਪ੍ਰਵਾਰ ਨੇ ਦੀਵਾਲਾ ਕੱਢਕੇ ਹਰ ਤਰ੍ਹਾਂ ਦੇ ਲੋਕਾਂ ਨੂੰ ਨੁਕਸਾਨ ਪਹੁੰਚਾਇਆ ਹੈ। ਦੂਜਾ ਦੋਸ਼ ਪ੍ਰੀਮੀਅਰ ਨੇ ਇਹ ਲਾਇਆ ਕਿ ਮੋਅ ਸਹੋਤਾ ਲੋਕਾਂ ਨੂੰ ਕਹਿੰਦਾ ਹੈ ਕਿ ਉਹ ਉਨ੍ਹਾਂ ਦੇ ਕੰਮ ਤਾਂ ਹੀ ਕਰਵਾਏਗਾ ਜੇ ਲੋਕ ਉਸ ਕੋਲ ਵਕਾਲਤ ਲਈ ਕੇਸ ਲੈ ਕੇ ਆਉਣਗੇ।

ਇਹ ਦੋਸ਼ ਅਸੈਂਬਲੀ ਵਿਚ ਲਾਏ ਗਏ ਸਨ। ਅਸੈਂਬਲੀ ਵਿਚ ਲਾਏ ਦੋਸ਼ਾਂ ਦੀ ਕੋਰਟ ਵਿਚ ਸੁਣਵਾਈ ਨਹੀਂ ਹੋ ਸਕਦੀ। ਵੈਂਡਰਜ਼ਾਮ ਨੇ ਇਹ ਦੋਸ਼ ਅਸੈਂਬਲੀ ਤੋਂ ਬਾਹਰ ਲਾਉਣ ਤੋਂ ਇਨਕਾਰ ਕਰ ਦਿੱਤਾ ਸੀ।

# ਦੋ ਪੁਲਸੀਆਂ ਸਮੇਤ 12 ਕਤਲ

ਚੰਡੀਗੜ੍ਹ — ਪਿਛਲੇ ਦਿਨ ਇਕੋ ਦਿਨ ਵਿਚ 12 ਕਤਲ ਹੋਏ ਜਿਨ੍ਹਾਂ ਵਿਚ ਅੰਮ੍ਰਿਤਸਰ ਜ਼ਿਲੇ ਵਿਚ ਮਾਰੇ ਗਏ ਦੋ ਪੁਲਸੀਏ ਵੀ ਸ਼ਾਮਲ ਹਨ। ਗੁਰਦਾਸਪੁਰ ਜ਼ਿਲੇ ਵਿਚ ਸ਼ੁਕਰਵਾਰ ਨੂੰ ਇਕ ਹਿੰਦੂ ਵਪਾਰੀ ਨੂੰ ਲੁੱਟਕੇ ਉਸਦਾ ਕਤਲ ਕਰ ਦਿੱਤਾ ਗਿਆ।

ਅੰਮ੍ਰਿਤਸਰ ਵਿਚ ਇਕ 13 ਸਾਲ ਦਾ ਲੜਕਾ ਦਹਿਸ਼ਤਗਰਦਾਂ ਦੀਆਂ ਗੋਲੀਆਂ ਦਾ ਸ਼ਿਕਾਰ ਹੋਇਆ ਤੇ ਇਕ ਔਰਤ ਵੀ ਕਤਲ ਕਰ ਦਿੱਤੀ ਗਈ। ਹੁਸ਼ਿਆਰਪੁਰ ਵਿਚ ਦੋ ਹਿੰਦੂ ਮੰਦਰਾਂ ਦੇ ਪੁਜਾਰੀ ਮਾਰ ਦਿਤੇ ਗਏ।

# ਕਾਬਲ ਦੇ ਹਵਾਈ ਅੱਡੇ ਨੂੰ ਅੱਗ

ਕਾਬਲ — ਅਫਗਾਨਿਸਤਾਨ ਦੇ ਸ਼ਹਿਰ ਕਾਬਲ ਦੇ ਹਵਾਈ ਅੱਡੇ ਉਤੇ ਗੁਰੀਲਿਆਂ ਦੇ ਸੁੱਟੇ ਰਾਕਟਾਂ ਨਾਲ ਭਿਆਨਕ ਅੱਗ ਲੱਗ ਗਈ। ਏਅਰਪੋਰਟ ਦੀਆਂ ਬਿਲਡਿੰਗਾਂ ਦਾ ਭਾਰੀ ਨੁਕਸਾਨ ਹੋਣ ਦੀਆਂ ਖਬਰਾਂ ਹਨ। 32 ਵਿਅਕਤੀਆਂ ਦੇ ਜ਼ਖਮੀ ਹੋਣ ਦੀ ਖਬਰ ਹੈ।

ਅੱਗ ਬੁਝਾਉਣ ਲਈ ਦੋ ਘੰਟੇ ਲੱਗੇ। ਇਹ ਪਤਾ ਨਹੀਂ ਲਗ ਸਕਿਆ ਕਿ ਕਿੰਨੇ ਹਵਾਈ ਜਹਾਜ਼ਾਂ ਦਾ ਨੁਕਸਾਨ ਹੋਇਆ।

**(ਅਗਲੇ ਅੰਕ ਵਿਚ ਪੜ੍ਹੋ ਗੁਰਮੀਤ ਸਿੰਘ ਢੁੱਡੀਕੇ ਦਾ ਧਰਮ ਅਤੇ ਰਾਜਨੀਤੀ ਉਤੇ ਵਿਸ਼ੇਸ਼ ਲੇਖ)**

**— ਕਰਮਜੀਤ ਘੁਮਾਣ ਦੀ ਕਹਾਣੀ — ਸੌਦੇ ਦਿਲਾਂ ਦੇ ਅਗਲੇ ਅੰਕ ਵਿਚ ਪੜ੍ਹੋ**

# ਫੈਡਰੇਸ਼ਨ ਦੇ ਬਾਗੀ ਲੀਡਰਾਂ ਨੇ ਪੰਥਕ ਕਮੇਟੀ ਨੂੰ ਲੰਮੇ ਹੱਥੀਂ ਲਿਆ

ਨਵੀਂ ਦਿੱਲੀ — ਪੰਜਾਬ ਦੇ ਦਹਿਸ਼ਤਪਸੰਦਾਂ ਨੂੰ ਉਸ ਸਮੇਂ ਜ਼ਬਰਦਸਤ ਧੱਕਾ ਲੱਗਾ ਜਦੋਂ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਦੇ ਗੁਰਦਾਸਪੁਰ ਯੂਨਿਟ ਦੇ ਪ੍ਰਧਾਨ ਜੋਧ ਸਿੰਘ ਅਤੇ ਇਕ ਹੋਰ ਸੀਨੀਅਰ ਵਰਕਰ ਭਾਈ ਨਵਜੋਤ ਸਿੰਘ ਨੇ ਪੰਥਕ ਕਮੇਟੀ ਨੂੰ ਖੁਲ੍ਹੀ ਚੁਨੌਤੀ ਦਿੱਤੀ। ਭਾਈ ਜੋਧ ਸਿੰਘ ਅਤੇ ਭਾਈ ਨਵਤੇਜ ਸਿੰਘ ਨੇ ਕਮੇਟੀ ਨੂੰ ਪੁਛਿਆ ਕਿ ਉਹ ਕਿਸ ਸਿਧਾਂਤ ਆਦਰਸ਼ ਅਤੇ ਮੁੱਦੇ ਨੂੰ ਲੈ ਕੇ ਉਹਨਾਂ ਕਥਿਤ ਜਰਨੈਲਾਂ ਅਤੇ ਖਾੜਕੂਆਂ ਨੂੰ "ਪੰਥ ਦੇ ਖਾੜਕੂ" ਮੰਨਦੀ ਹੈ ਜਿਹਨਾਂ ਨੇ ਹਥ ਖੜ੍ਹੇ ਕਰਕੇ ਦਰਬਾਰ ਸਾਹਿਬ ਦੇ ਅੰਦਰੋਂ ਬਾਹਰ ਆ ਕੇ ਸੁਰੱਖਿਆ ਬਲਾਂ ਅਗੇ ਆਤਮ ਸਮਰਪਣ ਕੀਤਾ ਸੀ। ਜੇਕਰ ਇਹ ਲੋਕ ਖਾੜਕੂ ਹਨ ਤਾਂ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਵੀ ਇਹਨਾਂ ਵਾਂਗ ਹੀ ਸ਼ਹੀਦ ਦਾ ਦਰਜਾ ਦਿਤਾ ਜਾਣਾ ਚਾਹੀਦਾ ਹੈ। ਬਿਆਨ ਵਿਚ ਪੰਥਕ ਕਮੇਟੀ ਪਾਸੋਂ ਇਹ ਵੀ ਪੁਛਿਆ ਗਿਆ ਹੈ ਕਿ ਕੀ ਉਹ ਲੁਟ ਖਸੁਟ ਕਰਨ ਮਾਸੂਮ ਬੱਚਿਆਂ ਅਬਲਾ ਔਰਤਾਂ ਅਤੇ ਬੇਕਸੂਰ ਲੋਕਾਂ ਦੇ ਕਤਲ ਕਰਨ ਵਾਲਿਆਂ ਨੂੰ "ਪੰਥ ਦੇ ਸੇਵਾਦਾਰ" ਮੰਨਦੀ ਹੈ।

ਭਾਈ ਜੋਧ ਸਿੰਘ ਅਤੇ ਭਾਈ ਨਵਤੇਜ ਸਿੰਘ ਦਾ ਕਹਿਣਾ ਹੈ ਕਿ ਫੈਡਰੇਸ਼ਨ ਇਕ ਸੁਤੰਤਰ ਜਥੇਬੰਦੀ ਹੈ। ਪੰਥਕ ਕਮੇਟੀ ਨੂੰ ਉਸਦੇ ਕੰਮਾਂ ਵਿਚ ਦਖਲ ਦੇਣ ਦਾ ਕੋਈ ਅਧਿਕਾਰ ਨਹੀਂ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚਰਚਾ ਕਰਦੇ ਹੋਏ ਫੈਡਰੇਸ਼ਨ ਦੇ ਇਹਨਾਂ ਲੀਡਰਾਂ ਨੇ ਕਿਹਾ ਕਿ ਕਮੇਟੀ ਨੂੰ ਆਪਣੀਆਂ ਹਰਕਤਾਂ ਤੋਂ ਬਾਜ਼ ਆ ਕੇ ਭਾਈ ਜਸਬੀਰ ਸਿੰਘ ਰੋਡੇ ਨੂੰ ਪੰਥ ਦੇ ਸਹੀ ਰਹਿਨੁਮਾ ਵਜੋਂ ਮੰਨਣਾ ਚਾਹੀਦਾ ਹੈ। ਉਹਨਾਂ ਨੇ ਕਮਾਂਡੋ ਫੋਰਸ ਬੱਬਰ ਖਾਲਸਾ ਅਤੇ ਖਾਲਿਸਤਾਨ ਲਿਬਰੇਸ਼ਨ ਫੋਰਸ ਨੂੰ ਅਪੀਲ ਕੀਤੀ ਹੈ ਕਿ ਉਹ ਸਿੰਘ ਸਾਹਿਬਾਨ ਨਾਲ ਵਿਚਾਰ ਵਟਾਂਦਰਾ ਕਰਕੇ ਫੈਡਰੇਸ਼ਨ ਨੂੰ ਮਜ਼ਬੂਤ ਬਣਾਏ ਤਾਂ ਜੋ ਕੌਮ ਨੂੰ ਨਵਾਂ ਪ੍ਰੋਗਰਾਮ ਮਿਲ ਸਕੇ।

# ਪਾਕਿ 'ਚ ਨਵੀਆਂ ਚੋਣਾਂ ਦਾ ਪ੍ਰਬੰਧ ਕਰਵਾਉਣ ਲਈ ਚੋਣ ਕਮਿਸ਼ਨ ਦੀ ਮੀਟਿੰਗ

ਇਸਲਾਮਾਬਾਦ — ਪਾਕਿਸਤਾਨ ਵਿਚ ਨਵੀਆਂ ਚੋਣਾਂ ਕਰਵਾਉਣ ਦਾ ਪ੍ਰਬੰਧ ਕਰਨ ਤੇ ਵਿਚਾਰ ਕਰਨ ਲਈ ਇਥੇ ਚੋਣ ਕਮਿਸ਼ਨ ਦੀ ਮੀਟਿੰਗ ਹੋਈ। ਮੀਟਿੰਗ ਵਿਚ ਚਾਰ ਸੂਬਿਆਂ ਦੇ ਅਧਿਕਾਰੀਆਂ ਨੇ ਹਿੱਸਾ ਲਿਆ। ਜੁਨੇਜੋ ਸਰਕਾਰ ਨੂੰ ਬਰਖਾਸਤ ਕੀਤੇ ਜਾਣ ਤੋਂ ਬਾਅਦ ਸਿਆਸੀ ਪਾਰਟੀਆਂ ਦੀਆਂ ਸਰਗਰਮੀਆਂ ਵੱਧ ਗਈਆਂ ਹਨ। ਉਨ੍ਹਾਂ ਦੀਆਂ ਸਭਾਵਾਂ ਹੋ ਰਹੀਆਂ ਹਨ ਅਤੇ ਜਨ ਸੰਪਰਕ ਮੁਹਿਮ ਚਲ ਰਹੀ ਹੈ।

ਸਮਝਿਆ ਜਾਂਦਾ ਹੈ ਕਿ ਰਾਸ਼ਟਰਪਤੀ ਜਨਰਲ ਜ਼ਿਆ ਉਲ ਹਕ ਤਿੰਨ ਦਿਨਾਂ ਵਿਚ ਇਕ ਅੰਤਰਮ ਸਰਕਾਰ ਦੀ ਕਾਇਮੀ ਦਾ ਐਲਾਨ ਕਰਨਗੇ। ਨੈਸ਼ਨਲ ਪੀਪਲਜ਼ ਪਾਰਟੀ ਦੇ ਮੁਖੀ ਗੁਲਾਮ ਮੁਸਤਫਾ ਜੈਤੋਈ ਨੇ ਕਿਹਾ ਹੈ ਕਿ ਉਨ੍ਹਾਂ ਦੇ ਕੁਝ ਦੋਸਤਾਂ ਨੇ ਉਨ੍ਹਾਂ ਤੋਂ ਅੰਤਰਮ ਸਰਕਾਰ ਬਣਾਉਣ ਦੇ ਸਿਲਸਿਲੇ ਵਿਚ ਭੇਂਟ ਕੀਤੀ ਹੈ।

ਪਾਕਿਸਤਾਨ ਪ੍ਰੈਸ ਇੰਟਰਨੈਸ਼ਨਲ ਨਾਲ ਇਕ ਮੁਲਾਕਾਤ ਵਿਚ ਉਨ੍ਹਾਂ ਕਿਹਾ ਕਿ ਇਸ ਸੰਬੰਧ ਵਿਚ ਕੋਈ ਫੈਸਲਾ ਪਾਰਟੀ ਦੀ ਕਾਰਜਕਾਰਣੀ ਦੀ ਮੀਟਿੰਗ ਵਿਚ ਜਲਦੀ ਲਿਆ ਜਾਵੇਗਾ। ਦਰਸ਼ਕਾਂ ਦਾ ਅਨੁਮਾਨ ਹੈ ਕਿ ਸ਼੍ਰੀ ਜੈਤੋਈ ਅੰਤਰਮ ਸਰਕਾਰ ਵਿਚ ਪ੍ਰਧਾਨ ਮੰਤਰੀ ਹੋਣਗੇ। ਜਦੋਂ ਜੁਨੇਜੋ ਸਰਕਾਰ ਨੂੰ ਬਰਖਾਸਤ ਕੀਤਾ ਗਿਆ ਸੀ ਤਦ ਸ਼੍ਰੀ ਜੈਤੋਈ ਲੰਦਨ ਵਿਚ ਸਨ। ਦਰਸ਼ਕਾਂ ਦਾ ਇਹ ਵੀ ਕਹਿਣਾ ਹੈ ਕਿ ਜਨਰਲ ਜ਼ਿਆ ਕੁਝ ਵਿਰੋਧੀ ਨੇਤਾਵਾਂ ਨੂੰ ਵੀ ਸਰਕਾਰ ਵਿਚ ਸ਼ਾਮਲ ਕਰ ਸਕਦੇ ਹਨ।

---

- ਭਾਰਤ ਨੇ ਪਾਕਿਸਤਾਨ ਦੀ ਪ੍ਰਮਾਣੂ ਹਥਿਆਰਾਂ ਦੀ ਮਨਾਹੀ ਦੀ ਦੁਵੱਲੀ ਸੰਧੀ ਦੀ ਤਜਵੀਜ਼ ਰੱਦ ਕਰ ਦਿੱਤੀ ਕਿਉਂਕਿ ਪਾਕਿਸਤਾਨ ਪਹਿਲਾਂ ਹੀ ਪ੍ਰਮਾਣੂ ਹਥਿਆਰ ਤਿਆਰ ਕਰਨ ਦੇ ਖੇਤਰ ਵਿਚ ਦਾਖਲ ਹੋ ਚੁੱਕਾ ਹੈ।




Kuldip S. Jhand

**WHEATON**
**PONTIAC BUICK GMC LTD.**

ਤੁਹਾਡੇ ਲਈ ਪੈਸਿਆਂ ਦਾ ਬੰਦੋਬਸਤ ਕੀਤਾ ਜਾਂਦਾ ਹੈ। ਥੋੜੀ ਜਿਹੀ ਡਾਊਨ ਪੇਮੈਂਟ ਦੇ ਸਾਡੇ ਕੋਲੋਂ ਅਸਾਨ ਕਿਸ਼ਤਾਂ ਤੇ ਕਾਰਾਂ ਲਓ

ਅਸੀਂ ਤੁਹਾਡੀਆਂ ਪੁਰਾਣੀਆਂ ਕਾਰਾਂ, ਵੈਨਾਂ ਆਦਿ ਵੀ ਚੰਗੇ ਭਾਅ ਤੇ ਖ਼੍ਰੀਦਦੇ ਹਾਂ — ਇਕ ਵਾਰ ਦਰਸ਼ਨ ਜ਼ਰੂਰ ਦਿਓ

ਕੁਲਦੀਪ ਸਿੰਘ ਝੰਡ
ਨੂੰ ਮਿਲੋ ਜਾਂ ਫੋਨ ਕਰੋ

Bus. 526-2781
Res. 524-4137
Pager 687-7711 #7610

SUPER BUYS

325 - 12th St., New Westminster, B.C.



**MERIDIAN INSURANCE**

*Life & Accident sickness*

**LOCATION 1**

3268 COAST MERIDIAN RD.,
PORT COQUITLAM, B.C. V3B 3N4

**LOCATION 2**

Unit 115-8980 - No. 3 Road, RICHMOND, B.C. V6Y 2E8
(ਜੋ ਕਿ ਫਰਾਂਸਿਸ ਸਟਰੀਟ ਤੇ ਨੰਬਰ 3 ਰੋਡ ਦੇ ਕੋਨੇ ਤੇ ਹੈ)

ਸੰਤਬੀਰ ਸਿੰਘ ਮਿਨਹਾਸ

Autoplan

FOR ALLSTATE LOW RATES PLUS AUTOPLAN FINANCE
— AVAILABLE ON APPROVED CREDIT
ਘਰਾਂ ਦੀ ਵਾਜਬ ਕੀਮਤਾਂ ਤੇ ਇਨਸ਼ੋਰੈਂਸ ਕਰਾਉਣ ਲਈ

Ph. 272-0700

Santbir Minhas Res. 271-1248 ICBC, house, tenant, commercial

# ਅਣਜੰਮੇ ਬੱਚੇ ਦਾ ਲਿੰਗ ਪਤਾ ਲਾਉਣੋਂ ਰੋਕਣ ਲਈ ਕਾਨੂੰਨ ਬਣੇਗਾ

ਨਵੀਂ ਦਿੱਲੀ — ਬੱਚੇ ਦੇ ਜਨਮ ਤੋਂ ਪਹਿਲਾਂ ਹੀ ਉਸ ਦੇ ਲਿੰਗ ਦਾ ਪਤਾ ਲਾਉਣ ਲਈ ਦੇਸ਼ ਭਰ ਵਿਚ ਵੱਖ-ਵੱਖ ਥਾਵਾਂ ਤੇ ਕੀਤੇ ਜਾ ਰਹੇ ਟੈਸਟਾਂ ਨੂੰ ਰੋਕਣ ਲਈ ਜਲਦੀ ਹੀ ਇਕ ਕਾਨੂੰਨ ਬਣਾਏ ਜਾਣ ਦੀ ਸੰਭਾਵਨਾ ਹੈ। ਦੇਸ਼ ਭਰ ਵਿਚ ਇਹ ਟੈਸਟ ਇਸ ਵਕਤ ਇਸ ਹੱਦ ਤੱਕ ਹੋ ਰਹੇ ਹਨ ਕਿ ਸਰਕਾਰ ਨੂੰ ਗੰਭੀਰ ਚਿੰਤਾ ਹੋਣ ਲਗ ਪਈ ਹੈ। ਇਕ ਅਨੁਮਾਨ ਅਨੁਸਾਰ ਪਿਛਲੇ ਸਾਲ ਇਕੱਲੇ ਬੰਬਈ ਵਿਚ ਹੀ 50000 ਅਜਿਹੇ ਟੈਸਟ ਹੋਏ ਅਤੇ 50 ਹਜ਼ਾਰ ਅਣਜੰਮੀਆਂ ਲੜਕੀਆਂ ਨੂੰ ਮਾਰ ਦਿੱਤਾ ਗਿਆ।

ਕੇਂਦਰੀ ਸਿਹਤ ਮੰਤਰਾਲਾ ਇਸ ਗੱਲ ਤੋਂ ਜਾਣੂ ਹੈ ਕਿ 1977 ਤੋਂ ਦੇਸ਼ ਭਰ ਵਿਚ ਇਸ ਪ੍ਰਕਾਰ ਦੇ ਟੈਸਟ ਹੋ ਰਹੇ ਹਨ। ਉਸ ਵਕਤ ਦੇ ਸਿਹਤ ਸਕੱਤਰ ਸ੍ਰੀਮਤੀ ਸਰਲਾ ਗਰੇਵਾਲ ਨੇ ਰਾਜ ਸਰਕਾਰਾਂ ਨੂੰ ਚਿੱਠੀ ਲਿਖ ਕੇ ਕਿਹਾ ਸੀ ਕਿ ਇਸ ਖਤਰਨਾਕ ਕਿਸਮ ਦੇ ਰੁਝਾਨ ਨੂੰ ਰੋਕਿਆ ਜਾਏ। ਇਸ ਚਿੱਠੀ ਵਿਚ ਕਿਹਾ ਗਿਆ ਸੀ ਕਿ ਸਿਰਫ ਉਸ ਹਾਲਤ ਵਿਚ ਇਹ ਟੈਸਟ ਕੀਤੇ ਜਾਣ ਜਦੋਂ ਬੱਚੇ ਦੇ ਅੰਗਹੀਣ ਪੈਦਾ ਹੋਣ ਦਾ ਡਰ ਹੋਵੇ ਜਾਂ ਇਸ ਗੱਲ ਦਾ ਡਰ ਹੋਵੇ ਕਿ ਬੱਚੇ ਦੀ ਪੈਦਾਇਸ਼ ਨਾਲ ਮਾਂ ਦੀ ਮੌਤ ਹੋ ਸਕਦੀ ਹੈ

CALL US FIRST
Express Internationl Travel (1986) Ltd. ATAC
Approved Agent All Major Airlines
IATA APPROVED OFFICE

ਸਪੈਸ਼ਲ ਧਮਾਕੇਦਾਰ ਸੇਲ ਲੱਗ ਗਈ

ਸਿੰਘਾਂਪੁਰ $1050 ਰੀਟਰਨ ਹਾਂਗਕਾਂਗ $870 ਰੀਟਰਨ ਟਰਾਂਟੋ $299 ਰੀਟਰਨ ਇੰਗਲੈਂਡ $635 ਰੀਟਰਨ
ਐਡਮਿੰਟਨ $176 ਰੀਟਰਨ ਕੈਲਗਰੀ $148 ਰੀਟਰਨ

ਸਾਡੇ ਕੋਲ ਸਪੈਸ਼ਲ ਇੰਮੀਗਰੇਂਟ ਕਿਰਾਏ ਲਈ ਟਿਕਟਾਂ ਮਿਲਦੀਆਂ ਹਨ।
ਵੀਜ਼ਾ ਅਤੇ ਪਾਸਪੋਰਟ ਲੈਣ ਵਿਚ ਅਸੀਂ ਬਿਨਾਂ ਮੁਆਵਜ਼ੇ ਦੇ ਤੁਹਾਡੀ ਮੱਦਦ ਕਰਦੇ ਹਾਂ।
ਇਕ ਟਿਕਟ ਲੈਣ ਦੇ ਨਾਲ 1 ਲੱਖ ਡਾਲਰ ਦੀ ਟਰੈਵਲ ਇਨਸ਼ੋਰੈਂਸ ਮੁਫਤ ਦਿੱਤੀ ਜਾਵੇਗੀ
ਦਿੱਲੀ ਤੋਂ ਵੈਨਕੂਵਰ ਤੱਕ ਸਸਤੇ ਕਿਰਾਏ ਲਈ ਸਾਨੂੰ ਮਿਲੋ Ph. 321-8777

5787 Victoria Drive, Vancouver,


AJIT KANG

ਜਗਦੀਸ਼ ਸਿੰਘ ਨੋਟਰੀ ਪਬਲਿਕ (ਬੀ. ਏ. ਐਲ. ਐਲ. ਬੀ. (ਪੰਜਾਬ ਯੂਨੀਵਰਸਿਟੀ) ਅਤੇ ਇਮੀਗਰੇਸ਼ਨ ਸਲਾਹਕਾਰ

ਜਿਨ੍ਹਾਂ ਦੇ ਦਫਤਰ ਵਿਚ ਨੋਟਰੀ ਪਬਲਿਕ ਦੇ ਆਮ ਕੰਮ ਕੀਤੇ ਜਾਂਦੇ ਹਨ ਜਿਵੇਂ ਕਿ :—

- ਘਰ ਜਾਂ ਜ਼ਮੀਨ ਖ੍ਰੀਦਣ, ਵੇਚਣ ਲਈ ਜਾਂ ਮੌਰਗੇਜ਼ ਲੈਣ, ਦੇਣ ਜਾਂ ਕੈਂਸਲ ਕਰਨੀ ਆਦਿ ਦੇ ਕਾਗਜ਼ਾਤ ਤਿਆਰ ਕਰਨੇ ਅਤੇ ਰਜਿਸਟਰੀ ਕਰਵਾਉਣੀ
- ਵਸੀਅਤ, ਮੁਖਤਿਆਰਨਾਮੇ, ਐਫੀਡੇਵਿਟ, ਡੇਕਲਾਰੇਸ਼ਨ, ਐਗਰੀਮੈਂਟ, ਬਾਹਰੋਂ ਆਏ ਰਿਸ਼ਤੇਦਾਰਾਂ ਲਈ "ਰਾਹਦਾਰੀ"
- ਪਾਸਪੋਰਟ ਨਾਂ ਦੀ ਤਬਦੀਲੀ

Off. 324-6727
Res. 324-4160

ਅਤੇ ਇੰਮੀਗਰੇਸ਼ਨ
ਦੇ ਆਮ ਮਸਲੇ ਤੇ ਇਮੀਗਰੇਸ਼ਨ ਅਪੀਲ ਬੋਰਡ ਦੇ ਕੇਸ ਲੜਨ ਲਈ ਜਾਣਕਾਰੀ ਤੇ ਯੋਗ ਸਹਾਇਤਾ

#201 - 2001 East 36th Ave. [at victoria]
Vancouver. B.C. V5P 1C9


ਜਗਦੀਸ਼ ਸਿੰਘ B.A.LL.B. (Pb.U.)
(ਸਾਬਕਾ ਐਡਵੋਕੇਟ ਪੰਜਾਬ ਹਾਈਕੋਰਟ)

■ BUYING ■ SELLING

Free Evaluation For Your Property Call Any Time Without Any Obligation

Bus. 736-3831 or Res. 434-8548 Pager - 687-1985 #2229

United Realty Ltd.
3879 Oak Street, Vancouver, B.C. V6H 2M6


Malkit Dhami,
M.A. (Eco.)
Member of Prestigious M.L.S. Medallion Club For 83-84 85-86

Now In addition to
Serving the Community — with their Life Insurance needs since 1970
For all your real estate needs at



- ਕਮਰਸ਼ਲ ਪਰਾਪਰਟੀ
- ਲਾਟਾਂ
- ਹਰ ਤਰ੍ਹਾਂ ਦੀ ਪਰਾਪਰਟੀ ਲਈ

Dayspring Realty

To serve you better:-
For all your Real Estate needs —
(House, Farm, Acreage, Lot or Commercial -Investment Property)
Give me a call to-day
Phone:(604) 853 - 8114

ਰੁਪਿੰਦਰ ਆਜ਼ਾਦ ਵਲੋਂ:
1970 ਤੋਂ ਆਪਣੀ ਕਮਿਊਨਿਟੀ ਦੀ ਲਾਈਫ ਇਨਸ਼ੋਰੈਂਸ ਦੀਆਂ ਲੋੜਾਂ ਦੀ ਪੂਰਤੀ ਤੇ ਸੇਵਾਵਾਂ ਕਰਨ ਦੇ ਨਾਲ ਨਾਲ
ਹੁਣ ਰੀਅਲ ਐਸਟੇਟ ਦੀਆਂ ਸੇਵਾਵਾਂ ਵੀ ਹਾਜ਼ਰ ਹਨ:-
ਡੇ ਸਪਰਿੰਗ ਰੀਐਲਟੀ ਲਿ:

#21 - 31940 South Fraser Way, Clearbrook, B.C.
Ph. (604) 853-8114 [24 hours] Toll Free 1—800—663—8134

# ਦਰਬਾਰ ਸਾਹਿਬ ਦੇ ਚੁਗਿਰਦੇ ਬਿਲਡਿੰਗਾਂ ਢਾਹੁਣ ਦਾ ਕੰਮ ਸ਼ੁਰੂ

ਅੰਮ੍ਰਿਤਸਰ — ਦਰਬਾਰ ਸਾਹਿਬ ਨੂੰ ਸੁਰਖਿਅਤ ਤੇ ਖੂਬਸੂਰਤ ਬਨਾਉਣ ਦੇ ਆਸ਼ੇ ਨਾਲ ਚੁਗਿਰਦੇ ਸੜਕ ਬਨਾਣ ਲਈ ਬਿਲਡਿੰਗਾਂ ਢਾਹੁਣ ਦਾ ਕੰਮ ਬਿਲਡਿੰਗਾਂ ਦੇ ਮਾਲਕਾਂ ਦੇ ਸਹਿਯੋਗ ਨਾਲ ਸ਼ੁਰੂ ਕਰ ਦਿੱਤਾ ਗਿਆ ਹੈ। ਸ਼ੁਰੂ ਵਿਚ ਗੁਰੂ ਰਾਮਦਾਸ ਦੇ ਪਿਛਵਾੜੇ ਬਾਗ ਵਾਲੀ ਗਲੀ ਦੀ ਇਕ ਦੋ ਮੰਜ਼ਲਾ ਬਿਲਡਿੰਗ ਢਾਹੀ ਗਈ। ਇਹ ਬਿਲਡਿੰਗ ਇਸ ਗਲੀ ਵਿਚ ਪੈਂਦੀਆਂ ਉਹਨਾਂ ਪੰਜ ਇਮਾਰਤਾਂ ਵਿਚੋਂ ਇਕ ਹੈ ਜਿਹਨਾਂ ਦੇ ਮਾਲਕਾਂ ਨੇ ਪਹਿਲਾਂ ਹੀ ਇਹ ਖਾਲੀ ਕਰ ਦਿੱਤੀਆਂ ਸਨ।

## 1160 ਲੋਕ ਸਹਿਮਤ

ਰਾਜਪਾਲ ਦੇ ਸਲਾਹਕਾਰ ਮਿ: ਰਿਬੇਰੋ ਨੇ ਪ੍ਰੈਸ ਕਾਨਫਰੰਸ ਵਿਚ ਦੱਸਿਆ ਕਿ 1160 ਦੁਕਾਨਦਾਰ ਤੇ ਕਿਰਾਏਦਾਰ ਜਿਹਨਾਂ ਨੂੰ ਇਥੋਂ ਉਠਾਇਆ ਜਾਣਾ ਹੈ ਹੁਣ ਸਰਕਾਰ ਦੀ ਯੋਜਨਾ ਨਾਲ ਸਹਿਮਤ ਹਨ। ਇਹਨਾਂ ਨੇ ਬਦਲਵੀਆਂ ਥਾਵਾਂ ਕਬੂਲ ਕਰਨ ਦਾ ਫੈਸਲਾ ਕੀਤਾ ਹੈ। ਮਿ: ਰਿਬੇਰੋ ਨੇ ਦੱਸਿਆ ਕਿ ਨਵੀਆਂ ਥਾਵਾਂ ਦੀ ਅਲਾਟਮੈਂਟ ਦੇ ਕੰਮ ਦਾ ਨਿਪਟਾਰਾ ਸਕੀਮ ਦੇ ਅਸਰ ਹੇਠ ਆਏ ਲੋਕਾਂ ਤੇ ਪੰਜਾਬ ਸਰਕਾਰ ਦੇ ਸਥਾਨਕ ਸੰਸਥਾਵਾਂ ਬਾਰੇ ਸਕੱਤਰ ਇੰਦਰਜੀਤ ਸਿੰਘ ਬਿੰਦਰਾ ਵਿਚਾਲੇ ਗੱਲਬਾਤ ਨਾਲ ਹੋਇਆ ਹੈ। ਦੁਕਾਨਾਂ ਅਤੇ ਰਿਹਾਇਸ਼ ਲਈ ਥਾਵਾਂ ਦੀ ਅਲਾਟਮੈਂਟ ਦਾ ਕੰਮ ਵੀ ਸ਼ੁਰੂ ਹੋ ਗਿਆ ਹੈ। ਦੁਕਾਨਦਾਰਾਂ ਲਈ 11 ਥਾਵਾਂ ਉਤੇ 1200 ਦੁਕਾਨਾਂ ਰੱਖੀਆਂ ਗਈਆਂ ਹਨ। ਸਕੀਮ ਹੇਠ ਆਏ ਲੋਕਾਂ ਨੂੰ ਕਮਰਸ਼ਲ ਥਾਵਾਂ ਦਾ ਕਬਜ਼ਾ ਲੈਣ ਲਈ ਸਾਧਾਰਨ ਫਾਰਮ ਦਿਤੇ ਜਾਣਗੇ। ਥਾਵਾਂ ਦੀ ਅਲਾਟਮੈਂਟ ਦੀ ਨਿਗਰਾਨੀ ਨਿਗਮ ਦੇ ਅਸਿਸਟੈਂਟ ਕਮਿਸ਼ਨਰ ਜੇ ਐਸ ਕੇਸਰ ਕਰਨਗੇ ਅਤੇ ਅਲਾਟਮੈਂਟ ਇਕ ਹਫਤੇ ਦੇ ਸਮੇਂ ਦੇ ਅੰਦਰ ਅੰਦਰ ਮੁਕੰਮਲ ਕਰ ਲਈ ਜਾਏਗੀ। ਨਗਰ ਨਿਗਮ ਦੇ ਆਫਿਸ ਵਿਚ ਛੇ ਲੈਂਡ ਇਕੁਈਜੇਸ਼ਨ ਅਫਸਰ ਲਾਏ ਗਏ ਹਨ। ਤਾਂ ਜੋ ਮੁਆਵਜ਼ੇ ਅਤੇ ਕਰਜ਼ੇ ਦੇਣ ਦਾ ਕੰਮ ਜਲਦੀ ਪੂਰਾ ਹੋ ਜਾਏ। 15 ਦਸੰਬਰ ਤੱਕ ਬਿਲਡਿੰਗਾਂ ਢਾਹੁਣ ਤੇ ਇਲਾਕੇ ਨੂੰ ਸੁੰਦਰ ਬਨਾਉਣ ਦਾ ਕੰਮ ਮੁਕੰਮਲ ਹੋ ਜਾਏਗਾ।

## 300 ਲਈ ਮਕਾਨ

ਮਿ. ਰਿਬੇਰੋ ਨੇ ਦੱਸਿਆ ਹੈ ਕਿ 750 ਮਾਲਕਾਂ ਨੂੰ ਉਠਾਇਆ ਜਾਣਾ ਹੈ ਜਦੋਂ ਕਿ 300 ਮਕਾਨਾਂ ਦਾ ਅਜਨਾਲਾ ਰੋਡ ਉਤੇ ਪ੍ਰਬੰਧ ਹੈ। ਇਹ ਮਕਾਨ ਪਹਿਲਾਂ ਆਓ ਪਹਿਲਾਂ ਪਾਓ ਦੇ ਆਧਾਰ ਉਤੇ ਦਿੱਤੇ ਜਾਣਗੇ। ਜਦੋਂ ਕਿ ਬਾਕੀਆਂ ਨੂੰ ਬਦਲਵੀਆਂ ਥਾਵਾਂ ਨਵੰਬਰ ਤਕ ਮਿਲ ਜਾਣਗੀਆਂ। ਉਦੋਂ ਤੱਕ ਇਹਨਾਂ ਨੂੰ 5 ਸੌ ਤੋਂ ਇਕ ਹਜ਼ਾਰ ਤੱਕ ਕਿਰਾਇਆ ਦਿੱਤਾ ਜਾਏਗਾ। ਮੁਆਵਜ਼ੇ ਦੇਣ ਸਮੇਂ ਜੇ ਕਿਸੇ ਨੇ ਕੁਰਪਸ਼ਨ ਕੀਤੀ ਤਾਂ ਸਰਕਾਰ ਉਸਨੂੰ ਸਬਕ ਸਿਖਾਏਗੀ। ਇਸ ਸੰਬੰਧ ਵਿਚ ਇਕ ਭ੍ਰਿਸ਼ਟ ਐਸ ਡੀ ਓ ਮੁਅਤਲ ਕੀਤਾ ਜਾ ਚੁਕਾ ਹੈ।


# YOU HIRE AND WE'LL HELP PAY

## EMPLOYMENT PLUS

ਕੀ ਤੁਸੀਂ ਮਾਲਕ ਹੋ

* ਨੌਕਰੀ ਤੇ ਰੱਖਣ ਲਈ ਸਹਾਇਤਾ ਚਾਹੁੰਦੇ ਹੋ ?
* ਨੌਕਰੀ ਤੇ ਸਖਲਾਈ ਦੇਣ ਤੇ ਰਾਜ਼ੀ ਹੋ ?
* ਸਿਖਲਾਈ ਸਮੇਂ ਤਨਖਾਹ ਦੇਣ ਲਈ ਸਹਾਇਤਾ ਲੈਣ ਵਿਚ ਦਿਲਚਸਪੀ ਰੱਖਦੇ ਹੋ ?

**ਹੋ ਸਕਦਾ ਹੈ ਇੰਮਪਲਾਇਮੈਂਟ ਪਲਸ ਤੁਹਾਡੇ ਲਈ ਹੋਵੇ**

ਇੰਮਪਲਾਇਮੈਂਟ ਪਲਸ ਤੁਹਾਡੀ ਸੁਬਾਈ ਸਰਕਾਰ ਵਲੋਂ 26.7 ਮਿਲੀਅਨ ਡਾਲਰਾਂ ਦੇ ਵਾਅਦਿਆਂ ਦਾ ਇਕ ਅੰਗ ਹੈ — ਜਿਸ ਨਾਲ ਮਾਇਕ ਸਹਾਇਤਾ ਲੈ ਰਹੇ ਲੋਕਾਂ ਨੂੰ ਕੰਮ ਧੰਦੇ ਤੇ ਲਾਇਆ ਜਾਵੇਗਾ — ਅਤੇ ਬ੍ਰਿਟਿਸ਼ ਕੋਲੰਬੀਆ ਵਿੱਚ ਮਾਲਕਾਂ ਨੂੰ ਸਹਾਇਤਾ ਮਿਲੇਗੀ।

### EMPLOYMENT OPPORTUNITY PROGRAM

#### ਮਾਲਕਾਂ ਲਈ

ਤੁਹਾਨੂੰ ਕਰਮਚਾਰੀਆਂ ਦੀ ਤਨਖਾਹ ਦਾ 50 ਫੀ ਸਦੀ ਮਿਲ ਸਕਦਾ ਹੈ, 3.50 ਡਾਲਰ ਪ੍ਰਤੀ ਘੰਟਾ ਤੱਕ ਜਦੋਂ ਤੁਸੀਂ ਸਮਾਜ ਸੇਵਾ ਅਤੇ ਵਸੇਵਾ ਵਿਭਾਗ ਵਲੋਂ ਪ੍ਰਾਪਤ ਕਰ ਰਹੇ ਮਾਇਕ ਸਹਾਇਤਾ ਵਾਲੇ ਕਿਸੇ ਵਿਅਕਤੀ ਨੂੰ ਨੌਕਰੀ ਅਤੇ ਸਿਖਲਾਈ ਦਿੰਦੇ ਹੋ।

ਇਸ ਨੂੰ ਪ੍ਰਾਪਤ ਕਰਨ ਲਈ ਤੁਸੀਂ ਜ਼ਰੂਰ ਹੀ:

* ਨਿਜੀ ਵਪਾਰ, ਲਾਭ ਰਹਿਤ ਸੰਸਥਾ ਜਾਂ ਸਥਾਨਕ ਰਾਜਪ੍ਰਬੰਧ ਵਿੱਚ ਹੋਵੋ; ਅਤੇ
* 2-6 ਮਹੀਨਿਆਂ ਲਈ 30-40 ਘੰਟੇ ਪ੍ਰਤੀ ਹਫਤੇ ਦਾ ਪੂਰੇ ਸਮੇਂ ਲਈ ਨੌਕਰੀ ਲਈ ਅਧਿਕ ਰੋਜ਼ਗਾਰ ਦਾ ਪ੍ਰਬੰਧ ਕਰੋ; ਅਤੇ
* ਘੱਟੋ ਘੱਟ ਸੁਬਾਈ ਨਿਸਚਿਤ ਘੱਟ ਤੋਂ ਘੱਟ ਤਨਖਾਹ ਦਿਓ;
* ਸਿਖਿਅਕ ਨੂੰ ਕੰਮ ਦਾ ਤਜਰਬਾ ਅਤੇ ਜਾਣਕਾਰੀ ਦਿਉ।

ਇਸ ਬਾਰੇ ਸੋਚੋ—ਭਾਵੇਂ ਤੁਸੀਂ ਆਪਣੇ ਕਰਮਚਾਰੀ ਨੂੰ 7.00 ਡਾਲਰ ਪ੍ਰਤੀ ਘੰਟਾ ਤੱਕ ਆਪਣੇ ਕੰਮ ਦੇ ਭਾਰ ਨੂੰ ਘਟਾਉਣ ਲਈ ਦਿਉ—ਅਤੇ ਸਮਾਜ ਸੇਵਾ ਅਤੇ ਵਸੇਵਾ ਵਿਭਾਗ ਅੱਧੀ ਰਕਮ ਦੇਵੇਗਾ! ਇਸ ਪ੍ਰੋਗਰਾਮ ਦੇ ਅੰਤ ਵਿੱਚ ਤੁਹਾਨੂੰ ਆਪਣੇ ਆਪ ਹੀ ਇੱਕ ਤਜਰਬੇਕਾਰ ਅਤੇ ਯੋਗ ਪੱਕਾ ਕਰਮਚਾਰੀ ਮਿਲ ਸਕਦਾ ਹੈ।

#### ਆਰਥਿਕ ਸਹਾਇਤਾ ਲੈਣ ਵਾਲਿਆਂ ਲਈ

ਰੋਜ਼ਗਾਰ ਦੇ ਮੌਕੇ ਤੁਹਾਨੂੰ ਨੌਕਰੀ ਉਤੇ ਸਖਲਾਈ ਸਮੇਂ ਤੁਹਾਡੀ ਜਾਣਕਾਰੀ ਵਿੱਚ ਉਨਤੀ ਤੇ ਵਾਧਾ ਕਰਨ ਦਾ ਮੌਕਾ ਦਿੰਦਾ ਹੈ। ਜਦੋਂ ਤੁਸੀਂ ਉਤਮ ਕੰਮ ਦੀ ਸਖਲਾਈ ਕਰਦੇ ਹੋ ਤਾਂ ਵਾਧੂ ਲਾਭ ਵੀ ਪ੍ਰਾਪਤ ਹੁੰਦੇ ਹਨ। ਇਹ ਕੰਮ ਦਾ ਤਜਰਬਾ ਪੱਕੀ ਨੌਕਰੀ ਲਈ ਪਹਿਲਾ ਉਪਰਾਲਾ ਹੈ।

ਇਸ ਨੂੰ ਪ੍ਰਾਪਤ ਕਰਨ ਲਈ ਤੁਸੀਂ ਜ਼ਰੂਰ ਹੀ:

* ਸਮਾਜ ਸੇਵਾ ਅਤੇ ਵਸੇਵਾ ਮਹਿਕਮੇਂ ਤੋਂ ਆਰਥਕ ਸਹਾਇਤਾ ਲੈਂਦੇ ਹੋਵੋ; ਅਤੇ
* ਘੱਟ ਤੋਂ ਘੱਟ 15 ਸਾਲ ਦੇ ਹੋਵੋ

ਜੇ ਕੋਈ ਨੌਕਰੀ ਦੇਣ ਵਾਲਾ ਤੁਹਾਨੂੰ ਸਖਲਾਈ ਦੇਣ ਲਈ ਰਜ਼ਾਮੰਦ ਹੋ ਜਾਵੇ ਜਾਂ ਕੰਮ ਦਾ ਤਜਰਬਾ ਦੇਵੇ, ਰੋਜ਼ਗਾਰ ਮਹਿਕਮਾ ਪ੍ਰੋਗਰਾਮ 3.50 ਡਾਲਰ ਪ੍ਰਤੀ ਘੰਟਾ ਤੱਕ ਅੱਧੀ ਤਨਖਾਹ ਦੇਵੇਗਾ।

ਇਸ ਬਾਰੇ ਸੋਚੋ—ਇਹ ਤੁਹਾਡੇ ਲਈ ਸਵਤੰਤਰ ਅਤੇ ਸੁਰੱਖਿਆ ਭਵਿੱਖ ਬਨਾਉਣ ਦਾ ਮੌਕਾ ਹੈ।

*It's Good Business!*

### COMMUNITY TOURISM EMPLOYMENT TRAINING PROGRAM

ਕੀ ਤੁਸੀਂ ਦਰਜ ਸ਼ੁਦਾ ਲਾਭ ਰਹਿਤ ਸੰਸਥਾ ਹੋ, ਆਪਣੇ ਇਲਾਕੇ ਜਾਂ ਕਮਿਊਨਿਟੀ ਵਿੱਚ ਟੂਰਰਿਜ਼ਮ ਵਿਗਸੇ ਪ੍ਰੋਜੈਕਟ ਨੂੰ ਉਨਤ ਕਰਨ ਦੇ ਚਾਹਵਾਨ ਹੋ? ਜੇ ਤੁਹਾਡੇ ਕੋਲ ਸਾਧਨ ਹਨ ਅਸੀਂ ਤਜਰਬੇਕਾਰ ਧੰਦੇ ਅਤੇ ਉਨਤ ਮਸ਼ਵਰੇ ਵਰਗੇ ਕੰਮ ਧੰਦਿਆਂ ਲਈ 7.00 ਡਾਲਰ ਪ੍ਰਤੀ ਘੰਟਾ ਤੱਕ ਕਰਮਚਾਰੀ ਦੀ ਤਨਖਾਹ ਦਾ 100 ਫੀ ਸਦੀ ਦੇ ਬਰਾਬਰ ਦੇ ਸਕਦੇ ਹਾਂ।

ਕੁੱਝ ਸੰਭਵ ਯੋਜਨਾਵਾਂ ਹਨ ਉਸਾਰੀ, ਟੂਰਰਿਜ਼ਮ ਲਈ ਸਹੂਲਤਾਂ ਵਿੱਚ ਮੁੜ ਬਹਾਲੀ ਅਤੇ ਇਸ ਵਿੱਚ ਵਾਧਾ ਕਰਨਾ ਜਾਂ ਟੂਰਰਿਜ਼ਮ ਨਾਲ ਸਬੰਧਤ ਸਰਗਰਮੀਆਂ ਸੇਵਾਵਾਂ ਜਾਂ ਘਟਨਾਵਾਂ ਵਿੱਚ ਮਹੱਵ ਪੂਰਨ ਵਾਧੇ ਪਰਦਾਨ ਕਰਦੇ ਹੋਵੋ।

### ENVIRONMENT YOUTH PROGRAM

ਜੇ ਤੁਸੀਂ 17 ਤੋਂ 24 ਵਰ੍ਹਿਆਂ ਦੇ ਹੋ, ਅਤੇ ਮਾਇਕ ਸਹਾਇਤਾ ਲੈਂਦੇ ਹੋਵੋ ਤਾਂ ਇਨਵਾਇਰਨਮੈਂਟ ਯੂਥ ਪ੍ਰੋਗਰਾਮ ਤੁਹਾਨੂੰ ਇੰਮਪਰੂਵਮੈਂਟ ਪ੍ਰੋਜੈਕਟ ਵਿੱਚ ਨੌਕਰੀ ਦੇ ਸਕਦਾ ਹੈ। ਇਹ ਕੇਵਲ ਦਿਹਾਤੀ ਹਲਕੇ ਵਿੱਚ ਹੀ ਨਹੀਂ ਸਗੋਂ ਸਾਰੇ ਸੂਬੇ ਵਿੱਚ ਸ਼ਹਿਰੀ ਹਲਕਿਆਂ ਵਿੱਚ ਵੀ ਕੰਮ ਵਿੱਚ ਤਜਰਬਾ ਅਤੇ ਸਖਲਾਈ ਦਾ ਪ੍ਰਬੰਧ ਕਰੇਗਾ।

ਇਨਵਾਇਰਨਮੈਂਟ ਯੂਥ ਪ੍ਰੋਗਰਾਮ ਇਨਵਾਇਰਨਮੈਂਟ ਐਂਡ ਪਾਰਕਸ ਵਿਭਾਗ, ਬਰਿਟਸ਼ ਕੁਲੰਬੀਆ ਦੀ ਆਊਟ ਡੋਰ ਰੀਕ੍ਰੀਏਸ਼ਨ ਫਾਊਂਡੇਸ਼ਨ ਅਤੇ ਸੋਸ਼ਲ ਸਰਵਿਸਜ਼ ਐਂਡ ਹਾਊਸਿੰਗ ਵਿਭਾਗ ਦੇ ਸਹਿਯੋਗ ਨਾਲ ਉਲੀਕਿਆ ਗਿਆ ਹੈ।

FOR PROGRAM DETAILS AND APPLICATION FORMS, CONTACT THE NEAREST DISTRICT OFFICE. (See the Blue Pages of your Telephone Directory under Ministry of Social Services and Housing.)

BC Province of British Columbia Ministry of Social Services and Housing
Honourable Claude Richmond, Minister

THE JOB TRAINING PROGRAMS THAT WORK . . . FOR YOU.


## ਛੱਲਾਂ

**ਬਲਵੰਤ ਕੌਰ**

ਜਿਸਮ ਕੁਆਰਾ ਨਾ ਰਿਹਾ
ਪਰ ਖੁਆਬ ਕੁਆਰੇ ਰਹਿ ਗਏ
ਕੋਰੀ ਚਾਦਰ ਕੱਢਕੇ
ਉਸ ਸੇਜ ਵਿਛਾਈ ਮਾਹੀਏ ਦੀ !

ਭਰ ਪਟਾਰੀ ਫੁੱਲਾਂ ਦੀ
ਸੇਜ ਵਿਛਾਈ ਮਹਿਕਾਂ ਦੀ
ਕਾਇਨਾਤ ਵੀ ਰੌਸ਼ਨ ਹੋਈ ਹੈ
ਵਕਤ ਨੂੰ ਜਿੰਦਰੇ ਲੱਗੇ ਨੇ !

ਵਿਰਸੇ ਵਿਚ ਆਈ ਸੂਰਤ ਹੈ
ਹਰ ਔਰਤ ਦੀ ਮੂਰਤ 'ਤੇ
ਰੰਗ ਕੋਈ ਉਹ ਹੀ ਭਰ ਦਿੰਦਾ !

ਜ਼ਿੰਦਗੀ ਦੀਆਂ ਸ਼ਾਮਾਂ ਪਈਆਂ ਨੇ
ਪੰਛੀ ਹੋਰ ਬਨੇਰੇ ਜਾ ਬੈਠਾ
ਛੱਲਾਂ ਦੇ ਆਏ ਤੂਫਾਨਾਂ ਨੇ
ਦੂਰ ਕਿਨਾਰਾ ਕਰ ਦਿੱਤਾ !

● ਮੋਗੇ ਵਿਚ ਦਹਿਸ਼ਤਗਰਦਾਂ ਤੋਂ ਪੁਛਗਿਛ ਦੇ ਇੰਟੈਰੋਗੇਸ਼ਨ ਸੈਂਟਰ ਦੀ ਬਿਲਡਿੰਗ ਤੋਂ ਬੰਬ ਸੁਟਿਆ ਗਿਆ ਜਿਥੇ ਪੰਜ ਪੁਲਸ ਮੈਨ ਜ਼ਖਮੀ ਹੋਏ। ਰਾਜ ਵਿਚ ਵੱਖ ਵੱਖ ਥਾਵਾਂ ਉੱਤੇ ਤਿੰਨ ਹੋਰ ਦਹਿਸ਼ਤਗਰਦ ਮੁਕਾਬਲਿਆਂ ਵਿਚ ਮਾਰੇ ਗਏ।

———oooo———

## ਸ਼ੋਕ ਮਤਾ

**ਬਲਰਾਜ ਚੀਮਾ**

ਜ਼ਿੰਦਗੀ ਦੀ ਮੌਤ ਉਤੇ
ਮਜ਼ੁਬ ਦੀ ਮੌਤ ਉਤੇ,
ਸਿਆਸਤ ਦੀ ਮੌਤ ਉਤੇ
ਕਰਦਾ ਹਾਂ ਪੇਸ਼ ਸ਼ੋਕ ਮਤਾ

ਅਭੋਲ ਤੇ ਅਣਜਾਣ
ਧਰਮਾਂ ਦੇ ਪੇਚਾਂ ਤੋਂ
ਪਾਲਿਟਿਕਸ ਦੇ ਵਲ ਵਲੇਟਾਂ ਤੋਂ
ਉਨਾਂ ਬੇਗੁਨਾਹਾਂ, ਮਾਸੂਮਾਂ ਦੀ ਹੱਤਿਆ ਉਤੇ
ਕਰਦਾ ਹਾਂ ਪੇਸ਼ ਸ਼ੋਕ ਮਤਾ

ਨਗਰੀ ਦਾ ਨਿਆਂ ਨਿਆਰਾ
ਪਹਿਚਾਣ ਤੋਂ ਅਸਮਰਥ
ਬਾਣਾ ਭਾਵੇਂ ਕੇਸਰੀ ਜਾਂ ਖਾਕੀ ਵਰਦੀ
ਦੋਵੇਂ ਵੈਰੀ ਇਕ ਦੂਜੇ ਦੇ
ਵਾਰ ਕਰਨ ਉਹ ਤੀਜੇ ਉਤੇ
ਉਸ ਤੀਜੇ ਦੀ ਮੌਤ ਉਤੇ
ਕਰਦਾ ਹਾਂ ਪੇਸ਼ ਸ਼ੋਕ ਮਤਾ

ਦੁੱਧ ਚਿੱਟੇ ਕਪੜਿਆਂ ਵਿਚ
ਦੋ ਹੱਥਾਂ ਵਿਚ ਸਿਰ ਟਿਕਾਈ
ਬੈਠੀ ਵਿਧਵਾ ਪਾਵੇ ਕੀਰਨੇ
ਕਿਵੇਂ ਸੰਬੋਧਨ ਕਰਾਂ !
ਦੇਵੀ ਕਹਾਂ ਜਾਂ ਕੌਰ ਕਹਾਂ
ਉਸ ਵਿਧਵਾ ਦੇ ਜੀਵਨ ਉਤੇ
ਕਰਦਾ ਹਾਂ ਪੇਸ਼ ਸ਼ੋਕ ਮਤਾ

ਜੇ ਤੂੰ ਪਰਵਾਨ ਨਹੀਂ ਕਰ ਸਕਦਾ ਸੁਮੱਤ
ਜਾਂ ਫਿਰ ਸ਼ਕਤੀ ਦਾ ਸੱਚ
ਤਾਂ ਮੈਂ ਪ੍ਰਾਰਥਨਾ ਕਰਦਾ ਹਾਂ
ਕਿ ਤੈਨੂੰ ਵੀ ਕੋਈ ਬਖਸ਼ੇ ਸ਼ਕਤੀ
ਪਰ ਉਨੀ ਦੇਰ ਤੱਕ ਤੇਰੀ ਮੌਤ ਉਤੇ
ਕਰਦਾ ਹਾਂ ਪੇਸ਼ ਸ਼ੋਕ ਮਤਾ।

# Bhambra Construction Co. Ltd.

— ਸਪੈਸ਼ਲ ਸੇਵਾਵਾਂ —

— ਘਰਾਂ ਦੀ ਉਸਾਰੀ ਦੇ ਕੰਮਾਂ ਦੇ ਮਾਹਿਰ —

ਨੀਂਹਾਂ, ਫਰੇਮਿੰਗ, ਫਿਨਸ਼ਿੰਗ, ਘਰਾਂ 'ਚ ਵਧਾਰਾ ਕਰਨਾ, ਕਸਟਮ ਘਰਾਂ ਦੇ ਸਪੈਸ਼ਲਿਸਟ

**ਕੰਮ ਦੀ ਗਰੰਟੀ ਤੇ ਫ਼ਰੀ ਐਸਟੀਮੇਟ**

ਫ਼ੋਨ ਕਰੋ :

**ਅਮਰੀਕ 859-3617**

— SPECIALIZING IN —

Foundations, Framing, Finishing, Housing Additions,
Also Specializing in CUSTOM HOMES

**GUARANTEED WORK & FREE ESTIMATES**

call:

**AMRIK 859-3617**



## ਘਰ ਦੀਆਂ ਚੀਜ਼ਾਂ ਸੇਲ ਉਤੇ

ਵਧੀਆ ਕੁਆਲਿਟੀ ਦੀਆਂ ਚੀਜ਼ਾਂ ਇਸ ਹਫ਼ਤੇ ਸੇਲ ਉਤੇ ਹਨ ਇਲੈਕਟ੍ਰਿਕ ਟਾਈਪਰਾਈਟਰ 175 ਡਾਲਰ, ਆਫਿਸ ਕੁਰਸੀਆਂ 6 ਡਾਲਰ, ਕੈਸਟ ਟੇਪ ਰੀਕਾਰਡਰ 39 ਡਾਲਰ, ਕਲਾਕ ਰੇਡੀਓ AM/FM 10 ਡਾਲਰ, ਰੀਕਾਰਡ from 1 ਡਾਲਰ, ਕੈਮਰਾ ਫਲੈਸ਼ 15 ਡਾਲਰ (A/C D/C) ਇਲੈਕਟ੍ਰਿਕ ਹੀਟਰ 5 ਡਾਲਰ, ਡੈਸਕ ਟੈਲੀਫੋਨ 19 ਡਾਲਰ, ਬੈਡ ਸ਼ੀਟ 5 ਡਾਲਰ, ਡਰੇਪਸ 5 ਡਾਲਰ ਤੋਂ ਅੱਪ, ਕਾਰ ਵੈਕਊਮ 9 ਡਾਲਰ, ਕਿਚਨ ਵੇਅਰ 1 ਡਾਲਰ ਤੋਂ ਸੱਤ ਡਾਲਰ, ਡਬਲ ਬੈਡ 150 ਡਾਲਰ, ਰੰਗਦਾਰ ਟੀ. ਵੀ. 75 ਡਾਲਰ, ਖਿਡੌਣੇ ਕਿਤਾਬਾਂ ਤੇ ਸੂਵੀਨੀਰ 50 ਸੈਂਟ, ਟੇਬਲ ਲੈਂਪ 5 ਡਾਲਰ ਤੇ ਹੋਰ ਬਹੁਤ ਸਾਰੀਆਂ ਚੀਜ਼ਾਂ ਵੀ ਹਨ। ਆਫਰ ਵੀ ਦੇ ਸਕਦੇ ਹੋ।

**ਫ਼ੋਨ : 588-1651**


## ਖੁਮੀਨੀ ਨੂੰ ਜਿਗਰ ਦਾ ਕੈਂਸਰ

ਨਿਊਯਾਰਕ — ਇਰਾਨ ਦੇ ਧਾਰਮਕ ਨੇਤਾ ਆਇਤੁਲਾ ਖੁਮੀਨੀ ਨੂੰ ਜਿਗਰ ਦਾ ਕੈਂਸਰ ਹੈ ਅਤੇ ਉਹ ਵੱਧ ਤੋਂ ਵੱਧ ਦੋ ਤਿੰਨ ਮਹੀਨੇ ਤੱਕ ਹੀ ਜਿਉਂਦਾ ਰਹਿ ਸਕਦਾ ਹੈ। ਅਮਰੀਕੀ ਟੈਲੀਵੀਯਨ ਨੇ ਇਹ ਜਾਣਕਾਰੀ ਦਿੰਦੇ ਮੰਨਿਆ ਕਿ ਇਸ ਤੋਂ ਪਹਿਲਾਂ ਸ੍ਰੀ ਖੁਮੀਨੀ ਦੀ ਮੌਤ ਬਾਰੇ ਆਈਆਂ ਖਬਰਾਂ ਗਲਤ ਸਨ ਪਰ ਅਮਰੀਕੀ ਖੁਫੀਆ ਏਜੰਸੀਆਂ ਦੇ ਕੁਝ ਅਧਿਕਾਰੀਆਂ ਦਾ ਵਿਚਾਰ ਹੈ ਕਿ ਇਰਾਨ ਵਿਚ ਨਵੀਂ ਸਰਕਾਰ ਦੇ ਬਣਨ ਦਾ ਅਮਲ ਸ਼ੁਰੂ ਹੋ ਗਿਆ ਹੈ। 88 ਵਰ੍ਹਿਆਂ ਦੇ ਖੁਮੀਨੀ ਨੇ ਹਾਲ ਵਿਚ ਹੀ ਨਵੀਂ ਵਸੀਅਤ ਜਾਰੀ ਕੀਤੀ ਹੈ ਜਿਸ ਅਨੁਸਾਰ ਇਰਾਨੀ ਪਾਰਲੀਮੈਂਟ ਦੇ ਸਪੀਕਰ ਅਲੀ ਅਕਬਰ ਹਸ਼ਮੀ ਰਫਸਨਜਾਨੀ ਨੂੰ ਹਥਿਆਰਬੰਦ ਫੌਜਾਂ ਦੇ ਕਮਾਂਡਰ ਇਨ ਚੀਫ ਬਣਾਇਆ ਗਿਆ ਹੈ।


# BRAKE & CLUTCH PARTS ONLY WHOLESALE TO THE PUBLIC

V.A.P. DISTRIBUTORS (1987) LTD.

clutch PARTS ONLY



CLUTCH BEARING from ......... $9^{00}$
CLUTCH DISC from ............ $18^{80}$

PRESSURE PLATE from .......... $28^{00}$
CLUTCH MASTER CYLINDER (new) from ........... $28^{80}$

REBUILT CALIPERS
SPECIAL! Single piston caliper For most domestic cars
No. 524, 525
From $14^{40}$ exchange



REPAIR SPECIALS
Burnaby Location Only
COMPLETE FRONT BRAKE JOB
• Machine rotors • Pack bearings
• Replace heavy duty organic pads
From $49^{95}$
most cars & light trucks
plus FREE oil change.

STARTERS FROM $79^{95}$ INSTALLED
Most cars & light trucks.
1 year warranty plus FREE oil change.

ALTERNATORS FROM $69^{95}$ INSTALLED
Most cars & light trucks.
1 year warranty plus FREE oil change.
Expires March 2, 1988

DRUM AND ROTORS TURNED WHILE-YOU-WAIT
DRUMS $5^{00}$ ROTORS $5^{00}$
CARS ONLY
SPECIAL TILL July 15, 88
With 'Canada Darpan' Coupon
Surrey, Burnaby and Vancouver (Clark Dr. store) only

## GUARANTEED LOWEST PRICES

4 LOCATIONS TO SERVE YOU — ON SAME BRAND OR SAME QUALITY AUTO PARTS — MORE LOCATIONS OPENING SOON

| VANCOUVER | VANCOUVER | BURNABY | SURREY |
|---|---|---|---|
| 1828 Clark Dr. (at 3rd) 251-9060 | 1320 E. Pender St. 253-6311 | 5369 Imperial St. 430-6375 | 10706 K. George Hwy. 581-5464 |
| 8:30-5:30 Mon.-Fri. Sat. 9-5 | 8:30-5:30 Mon.-Fri. Sat. 9-5 | 8:30-5:30 Mon.-Fri. Sat. 9-5 | 8:30-5:30 Mon.-Fri. Sat. 9-5 |

TOLL FREE 1-800-663-6044

PHONE ORDERS WELCOME • OUT OF TOWN ORDERS SHIPPED PROMPTLY — VISA NUMBER, MASTERCARD NUMBER, C.O.D. OR TELECHEQUE

**V.A.P. DISTRIBUTORS (1987) LTD.**



Via Rail Tickets Now issued here to U.S.A and CANADA

ਹੁਣੇ ਬੁੱਕ ਕਰਾਓ

ਤੁਸੀਂ ਪੰਜਾਬੀ, ਹਿੰਦੀ, ਉਰਦੂ, ਇੰਗਲਿਸ਼ ਵਿਚ ਗੱਲਬਾਤ ਕਰ ਸਕਦੇ ਹੋ

Travel to India, Europe &

ONE WAY FARE IS ALSO AVAILABLE TO TORONTO ONLY
BOOK EARLY TO AVOID DISAPPOINTMENT

*For booking conditions please call:*



# *Fourways Travel Limited*

9341 - 120 St., (Scott Rd.) Delta, B.C.

Anywhere in the world. **Ph. (604) 584-1411**

ਸਰੀ-ਡੈਲਟਾ ਦੇ ਵਸਨੀਕਾਂ ਨੂੰ ਵੈਨਕੂਵਰ ਜਾਣ ਦੀ ਲੋੜ ਨਹੀਂ — ਅਸੀਂ ਇਥੋਂ ਹੀ ਦੁਨੀਆਂ ਦੇ ਕਿਸੇ ਵੀ ਕੋਨੇ ਲਈ ਟਿਕਟਾਂ ਦੇ ਸਕਦੇ ਹਾਂ

# ਸਰਾਭਾ ਬ੍ਰਿਗੇਡ ਨੇ ਪਾਸ਼ ਨੂੰ ਕਤਲ ਕਰਾਉਣ ਵਾਲੇ 2 ਰੋੜ੍ਹ ਦਿੱਤੇ

ਚੰਡੀਗੜ੍ਹ — ਸ਼ਹੀਦ ਕਰਤਾਰ ਸਿੰਘ ਸਰਾਭਾ ਬਿਰਗੇਡ ਵਲੋਂ ਭੇਜੀ ਗਈ ਜਾਣਕਾਰੀ ਅਨੁਸਾਰ ਖਾਲਿਸਤਾਨੀਆਂ ਨੂੰ ਗੋਲੀ ਦਾ ਜੁਆਬ ਗੋਲੀ 'ਚ ਦੇਣ ਅਤੇ ਇਹਨਾਂ ਦਾ ਨਾਸ਼ ਕਰਨ ਲਈ ਜਥੇਬੰਦ ਕੀਤੀ ਗਈ ਹਥਿਆਰਬੰਦ ਫੋਰਸ "ਸ਼ਹੀਦ ਕਰਤਾਰ ਸਿੰਘ ਸਰਾਭਾ ਬਿਰਗੇਡ" ਦੇ ਕਮਾਂਡਰ ਇਨ ਚੀਫ ਬਖਸ਼ੀਸ਼ ਸਿੰਘ ਸਰਾਭਾ ਦੀ ਕਮਾਂਡ ਹੇਠ ਨਿਯੁਕਤ ਹੋਏ ਏਰੀਆ ਕਮਾਂਡਰ ਕਰਮਵੀਰ ਸਿੰਘ ਨੇ ਲਿਖਤੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਗੁਰੀਲਾ ਫੋਰਸ ਨੇ ਪਿੰਡ ਤਲਵੰਡੀ ਸਲੇਮ (ਨੇੜੇ ਨਕੋਦਰ) ਵਿਖੇ ਅਜੀਤ ਸਿੰਘ ਅਤੇ ਉਸ ਦੀ ਧੀ ਰਾਜਵਿੰਦਰ ਕੌਰ ਬੱਬੂ ਨੂੰ ਗੋਲੀਆਂ ਮਾਰ ਕੇ ਉਡਾ ਦਿੱਤਾ ।

ਉਹਨਾਂ ਦੱਸਿਆ ਕਿ ਇਹਨਾਂ ਬੁਚੜਾਂ ਨੇ ਕੋਈ ਦੋ ਮਹੀਨੇ ਪਹਿਲਾਂ ਚੋਟੀ ਦੇ ਇਨਕਲਾਬੀ ਕਵੀ ਅਵਤਾਰ ਸਿੰਘ ਪਾਸ਼ ਅਤੇ ਹੰਸ ਰਾਜ ਨੂੰ ਕਤਲ ਕਰਵਾਉਣ 'ਚ ਮੁੱਖ ਭੂਮਿਕਾ ਨਿਭਾਈ ਸੀ ।

ਖਾਲਿਸਤਾਨੀ ਬੁਰਛਾਗਰਦਾਂ ਲਈ ਖੁਫੀਆ ਵਿਭਾਗ ਦਾ ਕੰਮ ਕਰਦੇ ਇਸ ਗੰਦੇ ਅਨਸਰ ਨੇ 23 ਮਾਰਚ 88 ਨੂੰ ਐਨ ਮੌਕੇ ਦੀ ਸੂਹ ਦੇ ਕੇ ਪਾਸ਼ ਅਤੇ ਹੰਸ ਰਾਜ ਨੂੰ ਸ਼ਹੀਦ ਕਰਵਾਇਆ । ਥੋੜ੍ਹੇ ਦਿਨ ਪਹਿਲਾਂ ਨਾਮਧਰੀਕ ਮਾਈ ਭਾਗੋ ਰੈਜਮੈਂਟ ਦੀ ਏਰੀਆ ਕਮਾਂਡਰ ਬਣੀ ਰਾਜਵਿੰਦਰ ਬੱਬੂ ਖਾਲਿਸਤਾਨੀ ਦਰਿੰਦਿਆਂ ਨੂੰ ਸੁਰਖਿਅਤ ਥਾਵਾਂ ਤੇ ਪੁਚਾਉਣ ਹਥਿਆਰ ਇਧਰ ਉਧਰ ਕਰਨ ਇਲਾਕੇ ਭਰ ਦੇ ਪਿੰਡਾਂ 'ਚ ਹਿੰਦੂ ਪਰਿਵਾਰਾਂ ਦੀਆਂ ਸਮੂਹਕ ਹਤਿਆਵਾਂ ਅਤੇ ਹਿਜਰਤ ਕਰਵਾਉਣ ਨਕੋਦਰ ਕਾਲਜ 'ਚ ਫਿਰਕੂ ਜ਼ਹਿਰ ਉਗਲਛਣ ਅਤੇ ਪੂਰੇ ਇਲਾਕੇ ਅੰਦਰ ਖਾਲਿਸਤਾਨੀਆਂ ਤੇ ਕੇਂਦਰੀ ਧੁਰੇ ਦਾ ਕੰਮ ਕਰਦੀ ਸੀ । ਜਿਸ ਕਰਕੇ ਇਸ ਨੂੰ ਖਾਲਿਸਤਾਨੀਆਂ ਨੇ ਕਾਰ ਵੀ ਮੁਹਈਆ ਕੀਤੀ ਹੋਈ ਸੀ ।

ਕਮਾਂਡਰ ਨੇ ਕਿਹਾ ਕਿ ਬੇਗੁਨਾਹ ਲੋਕਾਂ ਨੂੰ ਕਤਲ ਕਰਾਉਣ ਵਾਲੇ ਇਸ ਗੰਦੇ ਅਨਸਰ ਨੂੰ ਜਿਥੇ ਭਾਜੀ ਮੋੜੀ ਹੈ ਉਥੇ ਖਾਲਿਸਤਾਨੀਆਂ ਦੇ ਵੱਡੇ ਅੱਡੇ ਨੂੰ ਵੀ ਮਲੀਆਮੇਟ ਕੀਤਾ ਹੈ । ਸਰਾਭਾ ਬਿਰਗੇਡ ਨੇ ਸਪਸ਼ਟ ਐਲਾਨ ਕੀਤਾ ਹੈ ਕਿ ਅਮਰੀਕੀ ਸਾਮਰਾਜੀ ਡਕੈਤਾਂ ਅਤੇ ਉਹਨਾਂ ਦੀ ਹੱਥ ਠੋਕਾ ਪਾਕਿਸਤਾਨੀ ਜ਼ਿਆ ਜੁੰਡਲੀ ਦੇ ਇਸ਼ਾਰਿਆਂ ਤੇ ਨਚ ਰਹੇ ਖਾਲਿਸਤਾਨੀ ਫਾਸ਼ਿਸ਼ਟਾਂ ਅਤੇ ਉਹਨਾਂ ਦੇ ਟੁਕੜ ਬੋਚਾਂ ਨੂੰ ਕਿਸੇ ਵੀ ਕੀਮਤ ਤੇ ਬਖਸ਼ਿਆ ਨਹੀਂ ਜਾਵੇਗਾ । ਕਮਾਂਡਰ ਨੇ ਸਭਨਾਂ ਕਮਿਊਨਿਸਟ ਇਨਕਲਾਬੀਆਂ ਇਨਕਲਾਬੀ ਜਮਹੂਰੀ ਤਾਕਤਾਂ ਅਤੇ ਇਨਸਾਫ ਪਸੰਦ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਦਰਿੰਦਿਆਂ ਦਾ ਨਾਸ਼ ਕਰਨ ਲਈ ਸਾਡੀ ਹਰ ਸੰਭਵ ਢੰਗ ਨਾਲ ਮੱਦਦ ਕਰਨ ।

ਅਜੀਤ ਸਿੰਘ ਦੀ ਪਤਨੀ ਨੇ ਦੱਸਿਆ ਕਿ ਉਹ ਪੰਜ ਫੁੱਟ ਉਚੀ ਕੰਧ ਟੱਪ ਕੇ ਅੰਦਰ ਆਏ ਸਨ ਉਹਨਾਂ ਦੇ ਮੂੰਹ ਢਕੇ ਹੋਏ ਸਨ । ਜਾਂਦੇ ਸਮੇਂ ਉਹ ਖਾਲਿਸਤਾਨ ਮੁਰਦਾਬਾਦ ਦੇ ਨਾਅਰੇ ਲਾ ਰਹੇ ਸਨ ।

ਅਜੀਤ ਸਿੰਘ ਪੰਚਾਇਤ ਦਾ ਮੈਂਬਰ ਵੀ ਸੀ ਤੇ ਰਾਜਵਿੰਦਰ ਕੌਰ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਸਰਗਰਮ ਵਰਕਰ ਸੀ ।

# ਕਹਾਣੀ-ਸੰਗ੍ਰਹਿ ਰੀਲੀਜ਼



ਪੰਜਾਬੀ ਸਾਹਿਤ ਸਭਾ ਯੂਬਾ ਸਿਟੀ ਵਲੋਂ ਜਸਪਾਲ ਸੂਸ ਡਾ: ਰਘੁਬੀਰ ਢੰਡ ਨੂੰ 'ਅਮਰੀਕਾ ਦੀ ਚੋਣਵੀਂ ਕਹਾਣੀ' ਦਾ ਨਵਾਂ ਛਪਿਆ ਸੰਗ੍ਰਹਿ ਪੇਸ਼ ਕਰਦੇ ਹੋਏ

# ਪੰਥਕ ਰਾਗੀ ਦੇਵਿੰਦਰ ਸਿੰਘ ਮਗਰੋਂ ਹੁਣ ਉਹਦੀ ਬੇਟੀ ਵੀ ਕਤਲ

ਗੁਰਦਾਸਪੁਰ — ਇਸ ਜ਼ਿਲੇ 'ਚ ਪੈਂਦੇ ਪਿੰਡ ਨਬੀਪੁਰ ਦੇ ਗੁਰਸਿੱਖ ਪਰਿਵਾਰ ਨੂੰ ਹੁਣ ਇਕ ਹੋਰ ਮਾਰੂ ਧੱਕਾ ਲੱਗਾ ਹੈ । ਬੀਤੇ ਵਰ੍ਹੇ ਗੁਰਬਾਣੀ ਦੇ ਅੰਤਰਰਾਸ਼ਟਰੀ ਲੈਵਲ ਤੇ ਪ੍ਰਸਿਧ ਕੀਰਤਨੀਏ ਭਾਈ ਦੇਵਿੰਦਰ ਸਿੰਘ ਨੂੰ ਉਹਨਾਂ ਦੇ ਪਿੰਡ ਵਿਚ ਸਵੇਰੇ ਸਿੱਖ ਅਤਿਵਾਦੀਆਂ ਨੇ ਕਤਲ ਕਰ ਦਿੱਤਾ ਸੀ ਤੇ ਹੁਣ ਭਾਈ ਦੇਵਿੰਦਰ ਸਿੰਘ ਹੋਰਾਂ ਦੀ ਬੇਟੀ ਸੁਖਜੀਤ ਕੌਰ ਨੂੰ ਸਹੁਰਿਆਂ ਨੇ ਉਹਦੇ ਗਲ ਵਿਚ ਰੱਸਾ ਪਾ ਕੇ ਕਤਲ ਕਰ ਦਿੱਤਾ ਹੈ । ਸੁਖਜੀਤ ਦੀਨਾ ਨਗਰ ਦੇ ਇਕ ਨੇੜੇ ਦੇ ਪਿੰਡ ਮਹਿਦੀਪੁਰ ਵਿਚ ਦਲਜੀਤ ਸਿੰਘ ਦੇ ਮੁੰਡੇ ਨਰਬਿੰਦਰ ਨੂੰ ਵਿਆਹੀ ਹੋਈ ਸੀ । ਇਤਲਾਹ ਮੁਜਬ ਲੜਕੀ ਦੇ ਗਲ ਵਿਚ ਰੱਸਾ ਪਾ ਕੇ ਉਹਨੂੰ ਖੂਹ ਵਿਚ ਲਟਕਾ ਦਿਤਾ ਗਿਆ । ਇਸ ਕਤਲ ਪਿਛੇ ਦੇਵਿੰਦਰ ਸਿੰਘ ਪਰਿਵਾਰ ਤੋਂ ਦਾਜ ਆਦਿ ਦੇ ਰੂਪ ਵਿਚ ਹੋਰ ਪੈਸੇ ਦਾ ਲਾਲਚ ਹੈ । ਲੜਕੀ ਨੂੰ ਇਸ ਲਈ ਲਗਾਤਾਰ ਤੰਗ ਕੀਤਾ ਜਾਂਦਾ ਰਿਹਾ ਸੀ । ਨਰਬਿੰਦਰ ਤੇ ਉਹਦੀ ਮਾਂ ਨੂੰ ਪੁਲਸ ਨੇ ਫੜ ਲਿਆ ਹੋਇਆ ਹੈ ।

ਭਾਈ ਦੇਵਿੰਦਰ ਸਿੰਘ ਦਾ ਇਕਲੌਤਾ ਬੇਟਾ ਇਕਬਾਲ ਸਿੰਘ ਯੂ ਕੇ 'ਚ ਗਰੀਨਫੋਰਡ ਰਹਿੰਦਾ ਹੈ । ਇਕਬਾਲ ਅਜੇ ਬੀਤੇ ਮਹੀਨੇ ਹੀ ਆਪਣੇ ਪਿਤਾ ਦੀ ਪਹਿਲੀ ਬਰਸੀ ਦਾ ਸਮਾਗਮ ਕਰਕੇ ਪੰਜਾਬੋਂ ਮੁੜਿਆ ਸੀ । ਇਕਬਾਲ ਦੇ ਮਾਤਾ ਜੀ ਵੀ ਯੂ ਕੇ ਦੋ ਕੁ ਹਫਤੇ ਪਹਿਲਾਂ ਹੀ ਆਏ ਸਨ ਜਿਹਨਾਂ ਨੂੰ ਇਸ ਦੁਰਘਟਨਾ ਬਾਅਦ ਫੌਰਨ ਪੰਜਾਬ ਪਰਤਣਾ ਪਿਆ ।

## ਹਾਦਸੇ 'ਚ ਦੋ ਹਲਾਕ

ਫਗਵਾੜਾ — ਇਥੋਂ ਪੰਜ ਕਿਲੋਮੀਟਰ ਦੂਰ ਪਲਾਹੀ ਰੋਡ ਤੇ ਪਿੰਡ ਬਰਨਾ ਦੇ ਕੋਲ ਟੈਂਪੂ ਅਤੇ ਟਰੈਕਟਰ ਦੇ ਵਿਚਕਾਰ ਟੱਕਰ ਹੋ ਜਾਣ ਨਾਲ ਦੋ ਆਦਮੀ ਗੁਰਬਚਨ ਸਿੰਘ ਨੰਦ ਵਾਸੀ ਪਿੰਡ ਕਿਸ਼ਨਪੁਰਾ ਅਤੇ ਸ਼ੀਬੂ ਨਿਵਾਸੀ ਪਿੰਡ ਰਾਣੀਪੁਰ ਦੀ ਮੌਕੇ ਤੇ ਹੀ ਮੌਤ ਹੋ ਗਈ ।


To protect your family, your mortgage, or to ensure your childrens' education, for an RRSP or an annuity, contact:

AVTAR S. RANDHAWA

B.A., B.T.



AVTAR S. RANDHAWA

Metropolitan Insurance Companies

AVTAR S. RANDHAWA
687-5871 (office) or 325-3562 (Residence)
700-1176 W. GEORGIA ST. VANCOUVER.



NORTH AMERICAN LIFE ASSURANCE COMPANY

NORTH AMERICAN LIFE



- Life Insurance
- Mortgage Insurance
- Children's educational Plans
- RRSP

Malkiat Mutti
representative
320, 815 West Hastings St.
Vancouver, B.C. V6C 2W1
Bus. 685-9335
Res. 522-7167





JASBIR KAUR NARWAL
B.A. (U.B.C.)
A.I.B. I & II

ਨਰਵਾਲ ਇਨਸ਼ੋਰੈਂਸ ਸਰਵਿਸਜ਼ ਲਿਮਿਟਿਡ
MURRICK INSURANCE SERVICES LTD.

ICBC ਆਟੋਪਲੈਨ
- ਨਵੀਆਂ ਲਾਇਸੰਸ ਪਲੇਟਾਂ
- ਡੇਕਲ ਨਵੇਂ ਕਰਾਉਣੇ
- ਟਰਾਂਸਫਰ ਜਾਂ ਆਪਣੇ ਨਾਂ ਕਰਾਉਣੇ
- ਕਵਰੇਜ਼ ਵਿਚ ਤਬਦੀਲੀ
- ਨਵੀਂ ਰਜਿਸਟ੍ਰੇਸ਼ਨ

ਜਨਰਲ
ਘਰ ਦੀ ਇਨ. ਂਸ
- ਟੀਨੈਂਟ ਪੈਕੇਜ
- ਮੋਬਾਈਲ ਘਰ
- ਟਰੈਵਲ ਇਨਸ਼ੋਰੈਂਸ
- ਬੋਟ

ਲਾਈਫ
- ਟਰਮ ਇਨਸ਼ੋਰੈਂਸ
- ਮੌਰਗੇਜ਼
- ਬਿਜਨਸ
- ਨਾਨ-ਸਮੋਕਰ ਰ਼ਾਈਟ

Autoplan
AUTHORIZED AGENT
Short term half now half later policy

OPEN 9 to 5 (Mon.-Fri.)
10-3 Sat.
6415 Main St.
at 48th Vancouver
Call NARWAL 325-4744



ਪ੍ਰਿਤਪਾਲ ਸਿੰਘ ਨਰਵਾਲ
325-4744
ਦਫਤਰ ਦਾ ਫੋਨ

ਪ੍ਰਿਤਪਾਲ ਸਿੰਘ ਨਰਵਾਲ
ਨੋਟਰੀ ਪਬਲਿਕ
ਬੀ. ਏ. (ਪੰਜਾਬ) ਐਲ. ਐਲ. ਬੀ. (ਹਰਿਆਣਾ
ਸਾਬਕਾ ਐਡਵੋਕੇਟ ਤੇ ਓਥ. ਕਮਿਸ਼ਨਰ

- ਕਨਵੈਂਸਿੰਗ
- ਮਾਰਗੇਜ਼ ਤਿਆਰ ਕਰਨੀ
- ਕਾਨਟਰੈਕਟ ਤਿਆਰ ਕਰਨੇ
- ਟਰਾਂਸਲੇਸ਼ਨ
- ਐਫੀਡੇਵਿਟ
- ਪਾਵਰ ਆਫ ਅਟਾਰਨੀ
- ਮੁੱਢਲੀ ਵਿੱਲ (Will)
- ਇਮੀਗਰੇਸ਼ਨ
- ਗੋਦ ਲੈਣਾ ਆਦਿ

6415 Main St.
[at 48th Ave.],
Vancouver

Oper 9 to 5 (Mon.-Fri.)
Sat. 10-3
325-4744

# GLOBAL IMMIGRATION SERVICES



WE ARE PROVIDING ALL IMMIGRATION SERVICES

## ਇਮੀਗਰੇਸ਼ਨ ਸਬੰਧੀ ਹਰ ਮਸਲੇ ਲਈ ਤੁਹਾਡੀ ਸੇਵਾ ਕਰ ਸਕਦੇ ਹਾਂ

### ਹੇਠ ਲਿਖੀਆਂ ਲੋੜਾਂ ਲਈ ਪਹਿਲੀ ਵਾਰ ਮੁਫ਼ਤ ਸਲਾਹ ਲਈ ਮਿਲੋ

- ਬਿਜ਼ਨੈਸ ਤੌਰ ਤੇ ਕੈਨੇਡਾ ਜਾਂ ਅਮਰੀਕਾ ਵਿਚ ਇਮੀਗਰੇਸ਼ਨ ਲੈਣ ਲਈ
- ਬਿਜ਼ਨੈੱਸ ਦੇ ਅਧਾਰ 'ਤੇ ਸਾਰੇ ਪ੍ਰੀਵਾਰ ਦੀ ਇਮੀਗਰੇਸ਼ਨ ਜਾਂ ਨੌਕਰੀ ਲਈ ਮੰਗਵਾਉਣਾ ਹੋਵੇ ।
- ਤੁਹਾਡੇ ਕਿਸੇ ਰਿਸ਼ਤੇਦਾਰ ਨੂੰ ਕਿਸੇ ਮੁਲਕ ਵਿਚੋਂ ਵੀ ਮੰਗਵਾਉਣਾ ਹੋਵੇ
- ਰੀਫਿਊਜੀ ਸਟੇਟਸ ਵਾਸਤੇ ਕਿਸੇ ਦੀ ਦਰਖਾਸਤ ਜਾਂ ਅਪੀਲ ਕਰਨੀ ਹੋਵੇ ।
- ਫਾਰਮ ਇਨਵੈਸਟਮੈਂਟ ਕਰਨ ਵਾਲਿਆਂ ਲਈ ਇਮੀਗਰੇਸ਼ਨ ਦੀ ਵਿਸ਼ੇਸ਼ ਸਲਾਹ

ਇਸ ਤੋਂ ਇਲਾਵਾ ਹੋਰ ਵੀ ਕੋਈ ਇਮੀਗਰੇਸ਼ਨ ਸਬੰਧੀ ਮਾਮਲਿਆਂ ਲਈ ਮਦਦ ਕਰ ਸਕਦੇ ਹਾਂ

- Business Immigration (Investors, Enterpreneurs, self employed)
- Family Business Immigration (Job offers to relatives)
- Family & Assisted relatives
- Application for refugee status
- For adoption.
- Foreign domestic workers.
- Special Consideration in farming .

Any other matter regarding Immigration.

**For Further Consultation Contact**

**KARNAIL SINGH NAGRA**

11420 GRANVILLE AVE. RICHMOND. B.C.

PH. (604) 270-2100

# Success Through Service & Experience

**AWARD WINNER**

OF THE MEDALLION CLUB, MEMBER OF THE I.C.I. DIVISION OF THE REAL ESTATE BOARD OF GREATEF VANCOUVER IN BUSINESS SINCE 1971

**For Professional Market Evaluation or Consultation**

**Without any obligation, contact**

Buying, Selling or Trading

ਮਕਾਨ ਵੇਚਣ ਜਾਂ ਖ਼੍ਰੀਦਣ ਲਈ ਸਾਡੇ ਨਾਲ ਸੰਪਰਕ ਪੈਦਾ ਕਰੋ

**Ph. Bus: 437-9431 Res: 434-4660**

## UNITED REALTY LTD.

2443 Kingsway, Vancouver, B.C. V5R 5G8



**Ajaib S. Janda**

# MINT AUTO BODY LTD.

- Complete Professional Auto Body Repairs and Refinishing on all makes and models
- I.C.B.C. claims handled promptly
- Complete framework
- UNI - BODY repairs
- All work conditionally guaranteed
- Free estimates
- Courtesy cars

ਕਾਰਾਂ, ਵੈਨਾਂ ਅਤੇ ਪਿੱਕ-ਅੱਪ ਟਰੱਕਾਂ ਦੀ ਅੱਛੀ ਤੇ ਪ੍ਰੋਫੈਸ਼ਨਲ ਮੁਰੰਮਤ ਲਈ ਅਤੇ ਤਸੱਲੀਬਖ਼ਸ਼ ਪੇਂਟਿੰਗ ਲਈ ਸਾਨੂੰ ਸੇਵਾ ਦਾ ਮੌਕਾ ਦਿਉ



**Bhupinder(Bob) Sihota**



For further information call:

**Bhupinder(Bob) Sihota**

**Ph. 433-1207**

**Mint Auto Body Ltd.**

5590 Lane Street, BURNABY, B.C. V5H 2H5



# ਕਰਨੈਲ ਸਿੰਘ ਗਰੀਬ ਦੀ ਜਾਨ ਨੂੰ ਖਤਰਾ ?



ਵੈਨਕੂਵਰ — 'ਪ੍ਰੋਵਿੰਨਸ' ਅਖਬਾਰ ਵਿਚ ਛਪੀ ਇਕ ਖਬਰ ਅਨੁਸਾਰ ਕਰਨੈਲ ਸਿੰਘ ਗਰੀਬ ਦੀ ਜਾਨ ਨੂੰ ਖਤਰਾ ਹੈ ਕਿਉਂਕਿ ਪੁਲਸ ਨੂੰ ਅਜਿਹੀ ਸੂਚਨਾ ਪ੍ਰਾਪਤ ਹੋਈ ਹੈ । ਕਰਨੈਲ ਸਿੰਘ ਗਰੀਬ ਧਾਰਮਿਕ ਪ੍ਰਚਾਰਕ ਹੈ ਅਤੇ ਉਸਨੂੰ ਇਥੇ ਦੇ ਇਕ ਗੁਰਦੁਆਰੇ ਨੇ ਪ੍ਰਚਾਰਕ ਵਜੋਂ ਸੱਦਿਆ ਸੀ। ਬਾਅਦ ਵਿਚ ਕੁਝ ਵਿਅਕਤੀ ਪ੍ਰਿਸ ਰੁਪਰਟ ਤੋਂ ਆ ਕੇ ਉਸ ਨੂੰ ਉਥੇ ਲੈ ਗਏ। ਪੰਜਾਬੀ ਦੇ ਅਖਬਾਰਾਂ ਵਿਚ ਗਰੀਬ ਬਾਰੇ ਪਿਛਲੇ ਕੁਝ ਸਮੇਂ ਤੋਂ ਚਰਚਾ ਚਲਦੀ ਆ ਰਹੀ ਹੈ।

ਇਸ ਧਾਰਮਿਕ ਪ੍ਰਚਾਰਕ ਉਤੇ ਦੋਸ਼ ਲਾਏ ਗਏ ਹਨ ਕਿ ਉਹ ਔਰਤਾਂ ਦੇ ਚੱਕਰ ਵਿਚ ਫਸਿਆ ਰਿਹਾ ਹੈ। ਗਰੀਬ ਨੇ 'ਪ੍ਰੋਵਿੰਨਸ' ਦੇ ਪੱਤਰਪ੍ਰੇਰਕ ਨੂੰ ਕਿਹਾ ਹੈ ਕਿ ਉਸ ਦੀ ਜਾਨ ਨੂੰ ਕੈਨੇਡਾ ਵਿਚ ਖਤਰਾ ਹੈ — ਇਸ ਲਈ ਉਹ ਕੈਨੇਡਾ ਤੋਂ ਬਾਹਰ ਅਜਿਹੀ ਥਾਂ ਜਾਣਾ ਚਾਹੁੰਦਾ ਹੈ ਜਿਥੇ ਉਹ ਆਪਣੇ ਦੁਸ਼ਮਣਾਂ ਤੋਂ ਬਚ ਕੇ ਰਹਿ ਸਕੇ । ਗਰੀਬ ਨੇ ਕਿਹਾ ਹੈ ਕਿ ਉਸ ਉਤੇ ਬੇਬੁਨਿਆਦ ਦੋਸ਼ ਲਾਏ ਜਾ ਰਹੇ ਹਨ ਕਿ ਉਸ ਨੇ ਸਿੱਖ ਕਮਿਊਨਿਟੀ ਦੀ ਬੇਇਜ਼ਤੀ ਕੀਤੀ ਹੈ ।

29 ਸਾਲਾ ਗਰੀਬ ਨੇ 'ਪ੍ਰੋਵਿੰਨਸ' ਨੂੰ ਆਪਣੀ ਲੁਕਣ-ਜਗ੍ਹਾ ਤੋਂ ਦੱਸਿਆ ਕਿ ਪ੍ਰਿਸ ਰੁਪਰਟ ਵਿਚ ਜਿਥੇ ਉਹ ਰਹਿੰਦਾ ਸੀ 30 ਅਪਰੈਲ ਨੂੰ ਉਸਦੇ ਘਰੋਂ ਦੋ ਬਰੀਫ ਕੇਸ ਚੋਰੀ ਹੋਏ ਜਿੰਨ੍ਹਾਂ ਵਿਚ 700 ਫੋਟੋਆਂ ਅਤੇ 60 ਟੇਪਾਂ ਸਨ । ਉਸ ਤੋਂ ਪਿਛੋਂ ਗੁਰਦੁਆਰਿਆਂ ਵਿਚ ਫੋਟੋ ਦਿਖਾਈਆਂ ਗਈਆਂ ਉਨ੍ਹਾਂ ਵਿਚ ਉਹ ਔਰਤਾਂ ਨਾਲ ਦਿਖਾਇਆ ਗਿਆ ਹੈ। ਗਰੀਬ ਅਨੁਸਾਰ ਉਹ ਫੋਟੋ ਜਾਅਲੀ ਹਨ

ਪ੍ਰਿਸ ਰੁਪਿਰਟ ਤੋਂ 'ਪ੍ਰੋਵਿੰਨਸ' ਅਖਬਾਰ ਦੇ ਸੂਤਰ ਨੇ ਦੱਸਿਆ ਕਿ ਫੋਟੋ ਤੇ ਟੇਪਾਂ ਦੋ ਵਿਅਕਤੀਆਂ ਨੇ ਚੋਰੀ ਕੀਤੀਆਂ ਤਾਕਿ ਸਿਖ ਕਮਿਊਨਿਟੀ ਦੀ ਇਜ਼ਤ ਬਚਾਈ ਜਾਵੇ ਤੇ ਇਸ ਪ੍ਰਚਾਰਕ ਨੂੰ ਨੰਗਾ ਕੀਤਾ ਜਾਵੇ। ਉਸ ਸੂਤਰ ਨੇ ਕਿਹਾ ਕਿ ਫੋਟੋ ਤੇ ਟੇਪਾਂ ਪੁਲਸ ਨੂੰ ਦੇ ਦਿੱਤੀਆਂ ਗਈਆਂ ।

ਗਰੀਬ ਦਾ ਕਹਿਣਾ ਹੈ ਕਿ ਉਸਦੇ ਦੁਸ਼ਮਣਾਂ ਨੇ ਇਕ ਟੇਪ ਵੀ ਸੁਣਾਈ ਜਿਸ ਵਿਚ ਕਿਹਾ ਜਾਂਦਾ ਹੈ ਕਿ ਉਸਦੀ ਅਤੇ ਉਸਦੇ ਪਿਤਾ ਦੀ ਗੱਲਬਾਤ ਹੈ। ਉਸ ਵਿਚ ਬੀ. ਸੀ. ਨੂੰ ਜ਼ਹਿਰ ਭੇਜਣ ਲਈ ਕਹੇ ਜਾਣ ਦਾ ਵੀ ਦੋਸ਼ ਹੈ। ਗਰੀਬ ਨੇ ਪੱਤਰਕਾਰ ਨੂੰ ਕਿਹਾ ਕਿ ਟੇਪਾਂ ਜਾਅਲੀ ਹਨ ।

1985 ਵਿਚ ਕਰਨੈਲ ਸਿੰਘ ਗਰੀਬ ਨੇ ਰੇਫੀਊਜ਼ੀ ਸਟੇਟਸ ਲਈ ਅਰਜ਼ੀ ਭਰੀ ਸੀ ।

ਵੈਨਕੂਵਰ ਦੇ ਇਕ ਅਖਬਾਰ ਨੇ ਲਿਖਿਆ ਹੈ ਕਿ ਜੋ ਸਿੱਖ ਗ੍ਰੰਥੀ ਸ਼ਰਾਬ ਪੀਂਦਾ ਹੈ ਜਾਂ ਆਚਰਣਹੀਣ ਹੈ ਉਸਨੂੰ ਤੇਲ ਪਾਕੇ ਸਾੜਿਆ ਜਾਣਾ ਚਾਹੀਦਾ ਹੈ। ਗਰੀਬ ਨੇ 'ਪ੍ਰੋਵਿੰਨਸ' ਨੂੰ ਕਿਹਾ ਕਿ ਇਸ ਲੇਖ ਨਾਲ ਸਿੱਖਾਂ ਨੂੰ ਗੁੱਸਾ ਆ ਗਿਆ ਤੇ ਕੁਝ ਲੋਕ ਉਸਦਾ ਪਿਛਾ ਕਰਨ ਲੱਗੇ ਹਨ। ਉਹ ਜਿਥੇ ਵੀ ਜਾਂਦਾ ਹੈ, ਉਸਦਾ ਪਿਛਾ ਕੀਤਾ ਜਾ ਰਿਹਾ ਹੈ ।

## ਗਰੀਬ ਨੂੰ ਪਾਸਪੋਰਟ ਮਿਲਿਆ

28 ਜੂਨ ਸੋਮਵਾਰ ਨੂੰ ਭਾਰਤ ਦੇ ਕੌਂਸਲ ਜਨਰਲ ਨੇ ਕਰਨੈਲ ਸਿੰਘ ਗਰੀਬ ਦਾ ਪਾਸਪੋਰਟ ਦੇ ਦਿੱਤਾ ਹੈ। ਪਤਾ ਲੱਗਾ ਹੈ ਕਿ ਸ੍ਰੀ ਸ਼ਰਮਾ ਨੇ ਕਿਹਾ ਕਿ ਕਰਨੈਲ ਸਿੰਘ ਗਰੀਬ ਦਾ ਹੱਕ ਹੈ ਕਿ ਜੇ ਉਹ ਭਾਰਤ ਵਿਚ ਵਾਪਸ ਜਾਣਾ ਚਾਹੁੰਦਾ ਹੈ ਤਾਂ ਉਸਦਾ ਪਾਸਪੋਰਟ ਨਹੀਂ ਰੋਕਿਆ ਜਾਣਾ ਚਾਹੀਦਾ ।

# ਕੌਂਸਲਰ ਜਨਰਲ ਦੀ ਵਿਦਾਇਗੀ ਪਾਰਟੀ ਸਮੇਂ



ਮਿਸਿਜ਼ ਸ਼ਰਮਾ, ਮਿ: ਜਗਦੀਸ਼ ਸ਼ਰਮਾ, ਓਮਪਾਲ, ਬੀ. ਸੀ. ਦੀ ਮੰਤਰੀ ਗਰੇਸ ਮਕਾਰਥੀ

# ਕਰਨਾਟਕ ਵਿਚ ਜਨਤਾ ਪਾਰਟੀ ਵਿਚ ਦੁਫੇੜ

ਬੰਗਲੌਰ — ਕਰਨਾਟਕ ਵਿਚ ਕੌਂਸਲ ਚੋਣਾਂ ਕਾਰਨ ਜਨਤਾ ਪਾਰਟੀ ਵਿਚ ਦੁਫੇੜ ਪੈ ਗਿਆ। ਮੁਖ ਮੰਤਰੀ ਹੇਗੜੇ ਨੇ 19 ਉਮੀਦਵਾਰਾਂ ਦੀ ਲਿਸਟ ਤਿਆਰ ਕੀਤੀ ਸੀ ਪਰ ਵਿਰੋਧੀ ਧੜੇ ਨੇ ਸੱਤ ਉਮੀਦਵਾਰ ਆਪਣੇ ਖੜ੍ਹੇ ਕਰ ਦਿੱਤੇ ਹਨ । ਸਮਝੌਤੇ ਲਈ ਜਨਤਾ ਪਾਰਟੀ ਦੇ ਪ੍ਰਧਾਨ ਅਜੀਤ ਸਿੰਘ ਤੇ ਸੀਨੀਅਰ ਨੇਤਾ ਮਧੂ ਦੰਡਵਤੇ ਬੰਗਲੌਰ ਪੁਜੇ ਹੋਏ ਹਨ ।

# ਨੀਂਦ 'ਚ ਕਤਲ ਕਰਨ ਵਾਲਾ ਬਰੀ

ਟਰਾਂਟੋ — ਇਥੇ ਇਕ ਦਿਲਚਸਪ ਕੇਸ ਹੋਇਆ ਜਿਸ ਵਿਚ ਜੱਜ ਨੇ ਇਕ 24 ਸਾਲਾ ਨੌਜਵਾਨ ਨੂੰ ਆਪਣੀ ਸੱਸ ਦੇ ਕਤਲ ਵਿਚੋਂ ਇਸ ਕਾਰਨ ਬਰੀ ਕਰ ਦਿੱਤਾ ਹੈ ਕਿ ਉਸਨੇ ਇਹ ਕਤਲ ਉਸ ਸਮੇਂ ਕੀਤਾ ਜਦੋਂ ਉਹ ਸੁੱਤਾ ਹੋਇਆ ਤੁਰਕੇ ਸੱਸ ਦੇ ਬੈਡ ਕੋਲ ਗਿਆ ਤੇ ਛੁਰੇ ਮਾਰ ਕੇ ਨੀਂਦ ਵਿਚ ਹੀ ਉਸਦਾ ਕਤਲ ਕਰ ਦਿੱਤਾ ।

ਸਰਕਾਰੀ ਵਕੀਲ ਨੇ ਕਿਹਾ ਹੈ ਕਿ ਉਹ ਇਸ ਫੈਸਲੇ ਵਿਰੁਧ ਅਪੀਲ ਕਰਨਗੇ ।

# ਲੋਕਾਂ ਨੇ ਚੋਰ ਨੂੰ ਕੁਟ-ਕੁਟ ਕੇ ਮਾਰ ਦਿੱਤਾ

ਆਨੰਦਪੁਰ ਸਾਹਿਬ — ਇਥੋਂ 20 ਕਿਲੋਮੀਟਰ ਦੂਰ ਨੂਰਪੁਰ ਬੇਦੀ ਬਲਾਕ ਦੇ ਪਿੰਡ ਸਸਕੋਰ ਵਿਚ ਲੋਕਾਂ ਨੇ ਇਕ ਚੋਰ ਨੂੰ ਅਤਿਵਾਦੀ ਸਮਝ ਕੇ ਕੁਟ ਕੁਟ ਕੇ ਮਾਰ ਦਿੱਤਾ। ਘਟਨਾ ਇਝ ਦਸੀ ਜਾਂਦੀ ਹੈ ਕਿ ਰਾਤ ਨੂੰ ਕਰੀਬ ਸਾਢੇ ਗਿਆਰਾਂ ਵਜੇ ਤਿੰਨ ਹਥਿਆਰਬੰਦ ਚੋਰ ਪਿੰਡ ਦੇ ਵਸਨੀਕ ਸਾਧੂ ਰਾਮ ਦੇ ਘਰ ਚੋਰੀ ਕਰਨ ਦੀ ਨੀਅਤ ਨਾਲ ਦਾਖਲ ਹੋਏ । ਪ੍ਰੰਤੂ ਮਕਾਨ ਮਾਲਕ ਦੀ ਨੀਂਦ ਖੁਲ੍ਹ ਗਈ ਅਤੇ ਉਸ ਨੇ ਸ਼ੋਰ ਮਚਾ ਦਿੱਤਾ ਅਤੇ ਚੋਰ ਡਰ ਕੇ ਭੱਜ ਪਏ। ਉਨ੍ਹਾਂ ਨੂੰ ਦੇਖ ਕੇ ਕੁਝ ਵਿਅਕਤੀ ਵੀ ਉਨ੍ਹਾਂ ਮਗਰ ਭੱਜ ਪਏ ਅਤੇ ਚੋਰਾਂ ਵਿਚੋਂ ਇਕ ਨੂੰ ਪਕੜ ਲਿਆ ਅਤੇ ਇਕ ਦਰੱਖਤ ਨਾਲ ਬੰਨ੍ਹ ਦਿੱਤਾ ਅਤੇ ਬਾਕੀ ਦੋ ਭੱਜਣ ਵਿਚ ਕਾਮਯਾਬ ਹੋ ਗਏ । ਬਾਅਦ ਵਿਚ ਪਿੰਡ ਵਿਚ ਖੱਪ ਪੈ ਜਾਣ ਨਾਲ ਉਥੇ ਲੋਕ ਇਕੱਠੇ ਹੋ ਗਏ ਅਤੇ ਰੋਹ ਵਿਚ ਆਏ ਲੋਕਾਂ ਨੇ ਚੋਰ ਨੂੰ ਪੱਥਰਾਂ ਅਤੇ ਜੁੱਤੀਆਂ ਨਾਲ ਮਾਰਨਾ ਸ਼ੁਰੂ ਕਰ ਦਿੱਤਾ ।


# Dosanjh and Co.

**#202—5887 VICTORIA DRIVE,**

**VANCOUVER, B.C. V5P 3W5**

## ਆਪਣੀ ਬੋਲੀ ਵਿਚ ਗੱਲ ਕਰਨੀ ਸੌਖੀ ਹੈ

- ਆਈ. ਸੀ. ਬੀ. ਸੀ.
- ਡਾਈਵੋਰਸ (ਤਲਾਕ) ਅਤੇ ਪ੍ਰੀਵਾਰਕ (ਫੈਮਿਲੀ) ਕੇਸ
- ਇੰਮੀਗਰੇਸ਼ਨ ਦੀਆਂ ਅਪੀਲਾਂ
- ਅਦਾਲਤਾਂ ਦੇ ਹੋਰ ਕਈ ਕਿਸਮ ਦੇ ਲੇਖ

ਹੋਰ ਜਾਣਕਾਰੀ ਲਈ ਫ਼ੋਨ ਕਰੋ :

**ਉਜੱਲ ਦੁਸਾਂਝ**

**PHONE 327-6381**



## ਨਵਾਂ ਘਰ ਵਿਕਾਊ ਹੈ

### ਮਾਲਕ ਤੋਂ ਸਿੱਧਾ ਖਰੀਦੋ

ਨਵਾਂ ਘਰ ਜਿਸ ਵਿਚ 4 ਬੈਡਰੂਮ, 3½ ਬਾਥ ਰੂਮ, ਸ਼ੇਕ ਰੂਫ, ਹੋਟ ਵਾਟਰ ਹੀਟ ਹੈ ਤੁਸੀਂ ਮਾਲਕ ਤੋਂ ਸਿਧਾ ਖਰੀਦ ਕੇ ਬੱਚਤ ਕਰ ਸਕਦੇ ਹੋ। ਘਰ ਦਾ ਪਤਾ 8726 — 128 ਏ ਸਟਰੀਟ ਹੈ। ਘਰ ਦੇਖਣ ਲਈ ਹੇਠ ਲਿਖੇ ਨੰਬਰਾਂ ਉਤੇ ਫੋਨ ਕਰੋ :

585-3613 ਜਾਂ

591-4185



## ਕਾਰ ਸੇਲ ਉਤੇ

1982 ਦੀ ਫੋਰਡ ਇਸਕੌਰਟ GXL ਸਟੇਸ਼ਨ ਵੈਗਨ, ਆਟੋ, ਪਾਵਰ ਸਟੇਰਿੰਗ, ਪਾਵਰ ਬਰੇਕ, 5 ਡੋਰ, ਰੂਫ ਰੈਕ, AM/FM ਰੇਡੀਓ, ਸਟੀਰੀਓ ਕੈਸਟ, ਇਲਿਕਟਰੌਨਿਕ ਕੰਟਰੋਲਜ਼, ਨਵਾਂ ਪੇਂਟ, ਬਰੇਕ ਅਤੇ ਮਫਲਰ । ਇਕੋ ਮਾਲਕ ਦੀ ਚਲਾਈ ਹੋਈ । ਵਧੀਆ ਤੇ ਸੰਭਾਲੀ ਹੋਈ ਹਾਲਤ ਵਿਚ । ਕੀਮਤ $3650 ਜਾਂ ਵਧੀਆ ਆਫਰ ।

**ਫ਼ੋਨ 588-1651**

MUSIC IS LIFE

# MANN MUSIC VIDEO & PHOTO STUDIO

6512 MAIN ST., VANCOUVER, B.C.

PH. (604) 321-6667

ਪੂਰੀ ਬੀ. ਸੀ. ਵਿਚ

## ਗਾਣਿਆਂ ਤੇ ਵੀਡੀਓ ਦਾ ਭੰਡਾਰ

ਪੰਜਾਬੀ ਗੀਤ, ਗ਼ਜ਼ਲਾਂ ਤੇ ਧਾਰਮਿਕ ਟੇਪਾਂ ਦਾ ਭੰਡਾਰ
ਨਵੀਆਂ ਤੇ ਪੁਰਾਣੀਆਂ ਮੂਵੀਆਂ ਦੇ ਵਧੀਆ ਪ੍ਰਿੰਟ



**ਸਿੱਖ ਸੰਗਤਾਂ ਦੀ ਮੰਗ 'ਤੇ ਮਾਨ ਮਿਊਜ਼ਿਕ ਵੀਡੀਓ ਐਂਡ ਫੋਟੋ ਸਟੂਡੀਓ ਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਪਵਿੱਤਰ ਸਰੂਪ ਇਕੱਲੇ ਇਕੱਲੇ ਅੱਖਰਾਂ ਵਿਚ ਬਹੁਤ ਹੀ ਚੰਗੀ ਛਪਾਈ 'ਚ ਮੋਮੀ ਕਾਗਜ਼ ਦੇ ਦਰਮਿਆਨੇ ਅਤੇ ਵੱਡੇ ਸਾਈਜ਼ ਵਿਚ ਪਹੁੰਚ ਗਏ ਹਨ — ਜੋ ਕਿ ਸਤਿਕਾਰ ਸਹਿਤ ਭੇਟਾ ਨਾਲ ਮਿਲ ਸਕਦੇ ਹਨ**

**ਗੁਰੂ ਮਹਾਰਾਜ ਦੇ ਚੌਰ — ਵੱਖ ਵੱਖ ਸਾਈਜ਼ਾਂ ਦੀਆਂ ਕ੍ਰਿਪਾਨਾਂ — ਢੋਲਕੀਆਂ, ਚਿਮਟੇ, ਖੜਤਾਲਾਂ, ਡਫਰੀਆਂ — ਤਬਲੇ, ਹਰਮੋਨੀਅਮ — ਸਾਰੰਗੀਆਂ ਸਤਾਰਾਂ ਸੰਖ ਘੁੰਗਰੂ ਅਤੇ ਹਰ ਕਿਸਮ ਦੀਆਂ ਕਿਤਾਬਾਂ ਅਤੇ ਕੇਂਦਰੀ ਸਿੱਖ ਅਜਾਇਬ ਘਰ ਅੰਮ੍ਰਿਤਸਰ ਦੀਆਂ ਬਹੁ ਮੁੱਲੀਆਂ ਤਸਵੀਰਾਂ ਦਾ ਸੈਟ ਹਰ ਸਮੇਂ ਮਿਲ ਸਕਦਾ ਹੈ**

## ਇੰਡੀਆ, ਇੰਗਲੈਂਡ, ਫੀਜ਼ੀ, ਅਫਰੀਕਾ ਦੀ ਵੀਡੀਓ ਮੂਵੀ ਨੂੰ ਕੈਨੇਡਾ ਦੇ ਸਿਸਟਮ ਤੇ ਡਿਜ਼ਟਿਲ ਮਸ਼ੀਨ ਨਾਲ ਕਨਵਰਟ ਕਰਾਉ — 10 ਡਾਲਰ ਘੰਟੇ ਵਿਚ ਸ਼ਰਤੀਆ ਹੀ ਵਧੀਆ ਪ੍ਰਿੰਟ ਹੋਵੇਗਾ



**ਪਾਸਪੋਰਟ, ਵੀਜ਼ਾ ਸਿਟੀਜਨ ਫੋਟੋ 5 ਮਿੰਟ ਵਿਚ ਤਿਆਰ**

## ਵਿਆਹ ਦੀ ਵੀਡੀਓ ਜਾਂ ਫੋਟੋਆਂ ਲਈ ਮਾਨ ਮਿਊਜ਼ਿਕ ਤੇ ਦਰਸ਼ਨ ਦਿਓ

ਹੋਰ ਜਾਣਕਾਰੀ ਲਈ 'ਸੰਗੀਤ ਸੰਸਾਰ' ਰੇਡੀਓ ਪ੍ਰੋਗਰਾਮ ਸੁਣੋ

ਹਰ ਸ਼ਨਿਚਰਵਾਰ 5 ਵਜੇ ਤੋਂ 8.30 ਵਜੇ ਤੱਕ ਸ਼ਾਮ

**ਰੇਡੀਓ 1470 AM or 103 FM (Cable Only)**

# ਰਾਜੀਵ ਤੇ ਗੋਰਬਾਚੋਵ ਵਲੋਂ ਪਾਕਿਸਤਾਨੀ ਹਾਕਮਾਂ ਨੂੰ ਤਾੜਨਾ

ਮਾਸਕੋ — ਸੋਵੀਅਤ ਯੂਨੀਅਨ ਅਤੇ ਭਾਰਤ ਨੇ ਪਾਕਿਸਤਾਨ ਨੂੰ ਸਖਤ ਵਾਰਨਿੰਗ ਦਿੱਤੀ ਹੈ ਕਿ ਜੇਕਰ ਉਸਨੇ ਬਾਗੀ ਅਫਗਾਨਾਂ ਦੀ ਮੱਦਦ ਜਾਰੀ ਰੱਖੀ ਤਾਂ ਦੱਖਣੀ ਏਸ਼ੀਆ ਦੇ ਇਸ ਖਿਤੇ ਦਾ ਮਾਹੌਲ ਫਿਰ ਵਿਗੜ ਜਾਏਗਾ। ਰੂਸੀ ਲੀਡਰ ਗੋਰਬਾਚੋਵ ਨੇ ਅਫਗਾਨ ਮਸਲੇ ਬਾਰੇ ਪਾਕਿਸਤਾਨ ਨੂੰ ਜਵਾਬੀ ਕਾਰਵਾਈ ਤੋਂ ਜਾਣੂ ਕਰਾਇਆ ਹੈ। ਪਿਛਲੇ ਦਿਨੀਂ ਅਫਗਾਨ ਪ੍ਰਧਾਨ ਨਜੀਬ ਉਲਾ ਨਾਲ ਗੋਰਬਾਚੋਵ ਦੀ ਗੱਲਬਾਤ ਸਮੇਂ ਰੂਸੀ ਲੀਡਰ ਨੇ ਜਨੇਵਾ ਸਮਝੌਤੇ ਦੀ ਪਾਕਿਸਤਾਨ ਵਲੋਂ ਹੋ ਰਹੀ ਉਲੰਘਣਾ ਉਤੇ ਸਖਤ ਚਿੰਤਾ ਪ੍ਰਗਟ ਕੀਤੀ ਹੈ ਅਤੇ ਕਿਹਾ ਕਿ ਪਾਕਿਸਤਾਨ ਨੂੰ ਸੋਵੀਅਤ ਦੀ ਜਵਾਬੀ ਕਾਰਵਾਈ ਦਾ ਸਾਹਮਣਾ ਕਰਨਾ ਪ੍ਰਏਗਾ। ਗੋਰਬਾਚੋਵ ਨੇ ਕਿਹਾ ਕਿ ਜੇਕਰ ਸਮਝੌਤੇ ਦੀ ਨਿਗਰਾਨੀ ਕਰਨ ਵਾਲੀ ਸੰਯੁਕਤ ਰਾਸ਼ਟਰ ਦੀ ਟੀਮ ਇਹਨਾਂ ਉਲੰਘਣਾਵਾਂ ਨੂੰ ਨਾ ਰੋਕ ਸਕੀ ਤਾਂ ਸਖਤ ਕਦਮ ਉਠਾਣਾ ਜ਼ਰੂਰੀ ਹੋ ਜਾਏਗਾ। ਸੂਚਨਾ ਏਜੰਸੀ ਤਾਸ ਨੇ ਅਫਗਾਨ ਸਰਕਾਰ ਵਲੋਂ ਸੰਯੁਕਤ ਰਾਸ਼ਟਰ ਨੂੰ ਦਿੱਤੇ ਪ੍ਰੋਟੈਸਟ ਪੱਤਰਾਂ ਦਾ ਜ਼ਿਕਰ ਕੀਤਾ ਹੈ ਜਿਹਨਾਂ ਵਿਚ ਦੋਸ਼ ਲਾਏ ਗਏ ਹਨ ਕਿ ਪਾਕਿਸਤਾਨ ਰਫਿਊਜੀ ਅਫਗਾਨਾਂ ਨੂੰ ਵਾਪਸ ਆਪਣੇ ਘਰਾਂ ਨੂੰ ਜਾਣ ਤੋਂ ਰੋਕਦਾ ਹੈ ਤੇ ਫੌਜੀ ਕਾਰਵਾਈਆਂ ਕਰਵਾ ਰਿਹਾ ਹੈ। ਸੋਵੀਅਤ ਲੀਡਰਾਂ ਨੇ ਸਾਫ ਕਿਹਾ ਹੈ ਕਿ ਇਸ ਤਰ੍ਹਾਂ ਸੋਵੀਅਤ ਫੌਜਾਂ ਦੀ ਵਾਪਸੀ ਰੁਕੇਗੀ ਜਿਸ ਦੇ ਨਤੀਜੇ ਪਾਕਿਸਤਾਨ ਨੂੰ ਭੁਗਤਣੇ ਪੈਣਗੇ। ਗੋਰਬਾਚੋਵ ਦੀ ਇਸ ਵਾਰਨਿੰਗ ਨੂੰ ਵਾਸ਼ਿੰਗਟਨ ਪੋਸਟ ਨੇ ਸਖਤ ਕਲਾਮੀ ਕਿਹਾ ਹੈ ਅਤੇ ਦੱਸਿਆ ਹੈ ਕਿ ਰੂਸੀ ਲੀਡਰਾਂ ਨੇ ਸਖਤ ਸ਼ਬਦਾਂ ਦੀ ਵਰਤੋਂ ਪਹਿਲੀ ਵਾਰ ਕੀਤੀ ਹੈ।

### ਪ੍ਰਧਾਨ ਮੰਤਰੀ ਰਾਜੀਵ ਗਾਂਧੀ

ਭਾਰਤ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਨਿਊਯਾਰਕ ਟਾਈਮਜ਼ ਵਿਚ ਦਿੱਤੇ ਇੰਟਰਵਿਊ ਵਿਚ ਕਿਹਾ ਕਿ ਜੇਕਰ ਅਫਗਾਨਿਸਤਾਨ ਪਾਕਿਸਤਾਨ ਆਦਿ ਦੀ ਸ਼ਹਿ ਨਾਲ ਕੱਟੜ ਪੰਥੀ ਸਰਕਾਰ ਬਣਦੀ ਹੈ ਤਾਂ ਇਹ ਭਾਰਤ ਲਈ ਚਿੰਤਾ ਵਾਲੀ ਕਾਰਵਾਈ ਹੈ ਦੱਖਣੀ ਏਸ਼ੀਆ ਦੇ ਇਸ ਖਤਰੇ ਵਿਚ ਟਕਰਾਓ ਦੀ ਸਥਿਤੀ ਬਣੇਗੀ ਤੇ ਭਾਰਤ ਨੂੰ ਸਾਵਧਾਨੀ ਵਧਾਉਣੀ ਪਏਗੀ। ਮੈਨੂੰ ਆਸ ਹੈ ਕਿ ਨਜੀਬ ਉਲਾ ਦੀ ਸਰਕਾਰ ਕਾਇਮ ਰਹੇਗੀ।

# ਪਾਕਿਸਤਾਨੀ ਗਾਈਡ ਸਮੇਤ 4 ਹਲਾਕ

## ਗੁਰਜੰਟ ਸਿੰਘ ਭੱਜ ਗਿਆ — ਸਰਪੰਚ ਤੋਂ ਪਿਸਟਲ ਖੋਹ ਲਿਆ

ਚੰਡੀਗੜ੍ਹ — ਅੰਮ੍ਰਿਤਸਰ ਜ਼ਿਲੇ ਵਿਚ ਭਾਰਤ-ਪਾਕਿਸਤਾਨ ਸਰਹੱਦ ਉਪਰ ਸੀਮਾ ਸੁਰੱਖਿਆ ਦਲ ਨਾਲ ਮੁਕਾਬਲੇ ਮਗਰੋਂ ਅਖੌਤੀ "ਖਾਲਿਸਤਾਨੀ ਕਮਾਂਡੋ ਫੋਰਸ" ਅਤੇ "ਬੱਬਰ ਖਾਲਸਾ" ਨਾਲ ਸੰਬੰਧਤ ਛੇ ਕੱਟੜ ਦਹਿਸ਼ਤਪਸੰਦ ਪਾਕਿਸਤਾਨ ਵਾਪਸ ਚਲੇ ਜਾਣ ਵਿਚ ਸਫਲ ਹੋ ਗਏ ਜਦ ਕਿ ਇਹਨਾਂ ਨੂੰ ਲਿਆ ਰਿਹਾ ਪਾਕਿਸਤਾਨੀ ਗਾਈਡ ਮਾਰਿਆ ਗਿਆ। ਮਾਂਗਲੀ ਤੋਂ ਰਾਜੋਕੇ ਚੌਕੀ ਵਿਖੇ ਇਹਨਾਂ ਮੁਕਾਬਲਿਆਂ ਮਗਰੋਂ ਬੀ ਐਸ ਐਫ ਨੂੰ ਮੌਕੇ ਤੇ ਹੋਰ ਅਸਲੇ ਤੋਂ ਇਲਾਵਾ ਇਕ ਦੁਰਲੱਭ ਏ ਕੇ 47 ਚੀਨੀ ਲਾਈਟ ਮਸ਼ੀਨਗੰਨ ਮਿਲੀ ਜਿਸ ਵਿਚ ਗੋਲੀਆਂ ਦੀ ਬੈਲਟ ਚਲਦੀ ਹੈ। ਪਹਿਲਾਂ ਇਹ ਖਬਰਾਂ ਆਈਆਂ ਸਨ ਕਿ ਤਿੰਨ ਦਹਿਸ਼ਤਪਸੰਦ ਮਾਰੇ ਗਏ ਹਨ ਜਦ ਕਿ ਤਿੰਨ ਭੱਜਣ ਵਿਚ ਸਫਲ ਹੋ ਗਏ।

ਇਕ ਹੋਰ ਦਹਿਸ਼ਤਪਸੰਦ ਰਵਿੰਦਰ ਸਿੰਘ ਉਰਫ ਰਾਮੂ ਜਲੰਧਰ ਜ਼ਿਲੇ ਦੇ ਪਿੰਡ ਸ਼ੰਕਰ ਨੇੜੇ ਪੁਲਸ ਮੁਕਾਬਲੇ ਵਿਚ ਮਾਰਿਆ ਗਿਆ। ਰਵਿੰਦਰ ਸਿੰਘ ਨਕੋਦਰ ਲਾਗੇ ਗੋਹੀਰਾਂ ਪਿੰਡ ਦੇ ਜੋਧ ਸਿੰਘ ਦਾ ਲੜਕਾ ਸੀ। ਦਹਿਸ਼ਤਪਸੰਦਾਂ ਨੇ ਬੰਗਾ ਥਾਣੇ ਦੇ ਪਿੰਡ ਲੰਗੇਰੀ ਵਿਖੇ ਸਰਪੰਚ ਗੁਰਮੀਤ ਸਿੰਘ ਦੇ ਘਰੋਂ ਲਾਇਸੈਂਸੀ ਰਿਵਾਲਵਰ ਖੋਹ ਲਿਆ ਅਤੇ ਇਕ ਚੰਨਣ ਰਾਮ ਨਾਮੀ ਵਿਅਕਤੀ ਦੀ ਹੱਤਿਆ ਕਰ ਦਿੱਤੀ।

ਭਾਰਤ-ਪਾਕਿਸਤਾਨ ਸਰਹੱਦ ਤੇ ਖੇਮਕਰਨ ਸੈਕਟਰ ਵਿਚ ਪਿੰਡ ਮਾਂਗਲੀ ਨੇੜੇ ਬੀ ਐਸ ਐਫ ਨਾਲ ਟਾਕਰੇ ਵਿਚ ਛੇ ਦਹਿਸ਼ਤਪਸੰਦਾਂ ਨੂੰ ਭਾਰਤ ਲਿਆ ਰਿਹਾ ਇਕ ਪਾਕਿਸਤਾਨੀ ਗਾਈਡ ਮਾਰਿਆ ਗਿਆ ਜਦ ਕਿ ਅਧਿਕਾਰੀਆਂ ਨੂੰ ਮੌਕੇ ਤੋਂ ਭਾਰੀ ਮਾਤਰਾ ਵਿਚ ਅਸਲਾ ਤੇ ਹਥਿਆਰ ਮਿਲੇ। ਬੀ ਐਸ ਐਫ ਦੇ ਡੀ ਆਈ ਜੀ ਵੀ ਐਸ ਸਿਰੋਹੀ ਨੇ ਪੱਤਰਕਾਰਾਂ ਨੂੰ ਇਹ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਭਾਰਤ ਵਿਚ ਦਾਖਲ ਹੋਣ ਦਾ ਯਤਨ ਕਰਨ ਵਾਲਿਆਂ ਵਿਚ ਖਤਰਨਾਕ ਦਹਿਸ਼ਤਪਸੰਦ ਅਤੇ ਖਾਲਿਸਤਾਨ ਕਮਾਂਡੋ ਫੋਰਸ ਦਾ ਆਪੇ ਬਣਿਆ ਲੈਫਟੀਨੈਂਟ ਜਨਰਲ ਗੁਰਜੰਟ ਸਿੰਘ ਬੁਧਵਾਲਾ ਵੀ ਸ਼ਾਮਲ ਸੀ। ਬਾਕੀ ਪੰਜੇ ਬੱਬਰ ਖਾਲਸਾ ਦੇ ਬੰਦੇ ਸਨ।

ਇਕ ਹੋਰ ਮੁਕਾਬਲਾ ਇਸੇ ਇਲਾਕੇ ਵਿਚ ਪਿੰਡ ਬਾਬਾ ਪੀਰ ਨੇੜੇ ਹੋਇਆ ਜਿਸ ਵਿਚ ਇਕ ਦਹਿਸ਼ਤਪਸੰਦ ਮਾਰਿਆ ਗਿਆ ਜਦ ਕਿ ਉਸਦਾ ਸਾਥੀ ਭਜਣ ਵਿਚ ਸਫਲ ਹੋ ਗਿਆ। ਸ੍ਰੀ ਸਿਰੋਹੀ ਨੇ ਦੱਸਿਆ ਕਿ ਮਰਨ ਵਾਲਾ ਸਵਰਨ ਸਿੰਘ ਭਿੰਡਰਾਂਵਾਲੇ ਟਾਈਗਰਜ਼ ਫੋਰਸ ਨਾਲ ਸੰਬੰਧਤ ਸੀ ਤੇ ਉਹ ਪਾਕਿਸਤਾਨ ਜਾਣ ਦਾ ਯਤਨ ਕਰਨ ਵਿਚ ਮਾਰਿਆ ਗਿਆ। ਉਸ ਪਾਸੋਂ 32 ਬੋਰ ਦਾ ਇਕ ਰਿਵਾਲਵਰ ਮਿਲਿਆ।

### ਏ ਕੇ-47 ਐਮ ਜੀ ਬਰਾਮਦ

ਪਹਿਲੇ ਮੁਕਾਬਲੇ ਦੌਰਾਨ ਫੜੇ ਗਏ ਹਥਿਆਰਾਂ ਵਿਚ ਇਕ ਏ ਕੇ 47 ਐਲ ਐਮ ਜੀ 6 ਏ ਕੇ 47 ਰਫਲਾਂ ਤਿੰਨ 455 ਬੋਰ ਦੇ ਪਿਸਤੌਲ ਦੋ 455 ਬੋਰ ਦੇ ਰਿਵਾਲਵਰ, ਏ ਕੇ 47 ਦੇ 18 ਮੈਗਜ਼ੀਨ 3685 ਰੌਂਦ ਇਕ ਸਟੀਰੀਓ ਕੈਸਿਟ ਪਲੇਅਰ, 8 ਪੈਕਿਟਾਂ ਵਿਚ 48 ਸਾਈਨਾਈਡ ਕੈਪਸੂਲ ਅਤੇ 11000 ਰੁਪਏ ਭਾਰਤੀ ਕਰੰਸੀ ਦੇ ਸ਼ਾਮਲ ਹਨ। ਐਲ ਐਮ ਜੀ ਜਿਸਦੇ ਦਹਿਸ਼ਤਪਸੰਦਾਂ ਪਾਸ ਹੋਣ ਬਾਰੇ ਹੁਣ ਤੱਕ ਨਹੀਂ ਪਤਾ ਸੀ ਉਪਰ ਕੁਝ ਚੀਨੀ ਨਿਸ਼ਾਨ ਸਨ ਅਤੇ ਇਸ ਉਪਰ ਮੇਡ ਇਨ ਖਾਲਿਸਤਾਨ ਲਿਖਿਆ ਹੋਇਆ ਸੀ। ਇਹ ਪਹਿਲਾ ਮੌਕਾ ਹੈ ਕਿ ਦਹਿਸ਼ਤਗਰਦਾਂ ਨੇ ਐਲ ਐਮ ਜੀ ਸਮਗਲ ਕਰਨ ਦਾ ਯਤਨ ਕੀਤਾ ਜਿਸ ਦੇ ਲਈ ਬੈਲਟ ਵਾਲਾ ਡਰੰਮ ਮੈਗਜ਼ੀਨ ਵਰਤਿਆ ਜਾਂਦਾ ਹੈ। ਇਸ ਤੋਂ ਗੋਲੀ ਵੀ ਧੜਾਧੜ ਚਲਦੀ ਹੈ ਤੇ ਮਾਰ ਵੀ ਦੂਰ ਤੱਕ ਕਰਦੀ ਹੈ।

# ਜੋਧਪੁਰ ਨਜ਼ਰਬੰਦਾਂ ਬਾਰੇ ਵਿਚਾਰ — ਬੂਟਾ ਸਿੰਘ

ਗ੍ਰਹਿ ਮੰਤਰੀ ਬੂਟਾ ਸਿੰਘ ਨੇ ਆਪਣੇ ਦੌਰੇ ਸਮੇਂ ਜੋਧਪੁਰ ਰਾਇਪੁਰ ਤੇ ਸੋਜਾਤ ਦੇ ਸਥਾਨਾਂ ਉਤੇ ਬੋਲਦਿਆਂ ਕਿਹਾ ਕਿ ਸਰਕਾਰ ਕਿਸੇ ਵੀ ਅਜਿਹੀ ਜਥੇਬੰਦੀ ਜਾਂ ਵਿਅਕਤੀ ਨਾਲ ਪੰਜਾਬ ਮਸਲੇ ਬਾਰੇ ਗੱਲਬਾਤ ਨਹੀਂ ਕਰੇਗੀ ਜਿਸ ਬਾਰੇ ਪਤਾ ਹੋਵੇ ਕਿ ਉਹ ਦੇਸ਼ ਦੀ ਅਖੰਡਤਾ ਤੇ ਫਿਰਕੂ ਏਕਤਾ ਦੇ ਖਿਲਾਫ ਕੰਮ ਕਰਦਾ ਜਾਂ ਕਰਦੀ ਹੈ। ਜੋਧਪੁਰ ਦੇ ਨਜ਼ਰਬੰਦਾਂ ਬਾਰੇ ਬੂਟਾ ਸਿੰਘ ਨੇ ਕਿਹਾ ਕਿ ਸਰਕਾਰ ਉਹਨਾਂ ਪ੍ਰਤੀ ਹਮਦਰਦੀ ਦਾ ਵਤੀਰਾ ਰਖਦੀ ਹੈ। ਇਸ ਦੇ ਪ੍ਰਗਟਾਵੇ ਵਜੋਂ ਹੀ 40 ਨਜ਼ਰਬੰਦਾਂ ਨੂੰ ਰਿਹਾਅ ਕੀਤਾ ਜਾ ਚੁਕਾ ਹੈ ਬਾਕੀ ਰਹਿੰਦੇ ਨਜ਼ਰਬੰਦਾਂ ਦੇ ਕੇਸਾਂ ਦਾ ਵੀ ਜਾਇਜ਼ਾ ਲਿਆ ਜਾ ਰਿਹਾ ਹੈ। ਜਿਹੜੇ ਲੋਕ ਬੇਕਸੂਰ ਪਾਏ ਗਏ ਉਹਨਾਂ ਨੂੰ ਅਵਸ਼ ਰਿਹਾਅ ਕੀਤਾ ਜਾਏਗਾ।


Accident and Sickness (Disabilities Insurance),
Life, Business Insurance, Group Insurance

**Complete Service of Financial Planning**
**Call Your Financial Planner**
**and**
**Complete Brokerage Service:**

**Bus: (604) 685-9335**
**Res: (604) 254-5837**



NORTH AMERICAN LIFE

**Sudesh Kalia**


# ਜਹਾਜ਼ ਅਗਵਾ ਕਾਂਡ ਦੀ ਸੁਣਵਾਈ ਸ਼ੁਰੂ

ਜੈਪੁਰ — ਇੰਡੀਅਨ ਏਅਰ ਲਾਈਨਜ਼ ਜਹਾਜ਼ ਦੀ ਸੁਣਵਾਈ ਦਾ ਅਗਲਾ ਦੌਰ ਅਜਮੇਰ ਕੇਂਦਰੀ ਜੇਲ੍ਹ 'ਚ ਕਾਇਮ ਵਿਸ਼ੇਸ਼ ਅਦਾਲਤ ਵਿਚ ਸ਼ੁਰੂ ਹੈ। 7ਵੇਂ ਦੌਰ ਦੀ ਸੁਣਵਾਈ ਵਿਚ ਬਚਾਅ ਪੱਖ ਦੇ 20 ਗਵਾਹਾਂ ਦੇ ਬਿਆਨ ਦਰਜ ਕਰਵਾਉਣ ਲਈ ਅਦਾਲਤ 'ਚ ਬੁਲਾਇਆ ਗਿਆ ਹੈ। ਅਦਾਲਤ 'ਚ 7 ਸਿਖ ਨੌਜਵਾਨਾਂ ਉਤੇ ਇੰਡੀਅਨ ਏਅਰ ਲਾਈਨਜ਼ ਦੇ ਬੋਇੰਗ 737 ਜਹਾਜ਼ ਨੂੰ ਅਗਵਾ ਕਰਨ ਦਾ ਮਾਮਲਾ ਵਿਚਾਰ ਅਧੀਨ ਹੈ।

# ਅਮਨਦੀਪ ਸੰਘੇੜਾ ਨੇ ਅਠਵੀਂ ਵਾਰ ਵਜ਼ੀਫਾ ਲਿਆ

ਅਮਨਦੀਪ ਸੰਘੇੜਾ ਜੋ ਗੁਰਨਾਮ ਸਿੰਘ ਸੰਘੇੜਾ ਅਤੇ ਹਰਮਿੰਦਰ ਸੰਘੇੜਾ ਦਾ ਇਕਲੌਤਾ ਲੜਕਾ ਹੈ, ਉਸ ਨੇ ਸਤਵੀਂ ਵਾਰ ਅਠਵਾਂ ਵਜ਼ੀਫਾ ਲਿਆ। ਅਮਨਦੀਪ ਨੇ ਇਸ ਸਾਲ ਯੂਨੀਵਰਸਿਟੀ ਆਫ ਬ੍ਰਿਟਿਸ਼ ਕੁਲੰਬੀਆ ਤੋਂ ਵਕਾਲਤ ਦੀ ਡਿਗਰੀ ਫਸਟ ਡਿਵੀਜ਼ਨ ਵਿਚ ਪ੍ਰਾਪਤ ਕੀਤੀ ਹੈ ਅਤੇ ਇਸ ਆਖਰੀ ਸਾਲ ਵਿਚ ਫਿਰ ਰਿਕਾਰਡ ਨੰਬਰ (ਟਰੱਸਟ ਲਾਅ ਵਿਚ) ਲੈ ਕੇ ਵਜ਼ੀਫਾ ਪ੍ਰਾਪਤ ਕੀਤਾ ਹੈ ਜੋ ਉਸ ਨੂੰ ਨਕਦ ਦਿਤਾ ਗਿਆ ਕਿਉਂਕਿ ਉਹ ਇਸ ਸਾਲ ਪੜ੍ਹਾਈ ਖਤਮ ਕਰ ਰਿਹਾ ਹੈ।

ਉਸ ਨੇ ਬੀ. ਏ. ਦੇ ਸਾਲਾਂ ਅਤੇ ਵਕਾਲਤ ਦੇ ਸਾਲਾਂ ਵਿਚ ਹਰ ਸਾਲ ਇਕ ਜਾਂ ਦੋ ਵਜ਼ੀਫੇ ਪ੍ਰਾਪਤ ਕੀਤੇ। ਅਤੇ ਨਾਲ ਹੀ ਅੰਤਰ ਯੂਨੀਵਰਸਿਟੀ ਗੋਸ਼ਟੀ ਵਿਚ ਪਹਿਲੇ ਨੰਬਰ ਤੇ ਜਿੱਤ ਪ੍ਰਾਪਤ ਕੀਤੀ।

ਹੁਣ ਉਹ ਵਕੀਲਾਂ ਦੀ ਪ੍ਰਸਿੱਧ ਫਰਮ ਬਰੇਡਵੁਡ ਐਂਡ ਕੰਪਨੀ ਨਾਲ ਆਰਟੀਕਲਿੰਗ ਕਰ ਰਿਹਾ ਹੈ।


NEW YORK LIFE INSURANCE COMPANY
2030-1055 W. Georgia Street.
Vancouver, B.C. V6E 3P3

**LIFE ■ HEALTH ■ GROUP ■ DISABILITY INSURANCE**

ਬੀਮਾ ਲੋੜਾਂ ਹਰ ਇਕ ਆਦਮੀ ਦੀ ਮਾਸਕ ਆਮਦਨ ਮੁਤਾਬਕ ਹੁੰਦੀਆਂ ਹਨ
ਤੁਹਾਨੂੰ ਕਿੰਨੇ ਬੀਮੇ ਦੀ ਲੋੜ ਹੈ, ਤੁਸੀਂ ਰੀਟਾਇਰ ਹੋਣ ਵੇਲੇ ਕਿੰਨੀ ਆਮਦਨ ਮੰਗਦੇ ਹੋ,
ਮੈਂ ਤੁਹਾਨੂੰ ਦੱਸਾਂਗਾ ਕਿ ਤੁਹਾਨੂੰ ਕੀ ਵਾਜਬ ਹੈ ?

**Off: 685-7364** **Bhupinder Dhaliwal** **Res: 589-1559**



Bhupinder Dhaliwal

REFRESHMENTS
BALLOONS

# CANADA DAY CELEBRATION SALE

One Day Only
9 A.M. TO 6 P.M.
SALE WHILE SUPPLIES LAST

PRIZE DRAWS

ਇਹ ਸੇਲ ਕੇਵਲ ਸ਼ੁਕਰਵਾਰ 1 ਜੁਲਾਈ
ਨੂੰ ਕੈਨੇਡਾ ਦਿਨ ਉਤੇ ਲੱਗੇਗੀ

NABOB
TEA BAGS
120's ........ $2.99

PALM
MARGARINE
1 lb. ........ 2/99¢

TANG
ORANGE CRYSTALS
3 x 92 g ........ 99¢

PACIFIC • 385 mL
EVAPORATED
MILK Limit: 12 cans per order . 69¢

ROYALE • 4's
BATHROOM
TISSUE ........ $1.44

LUNCH BOX • 250 mL
FRUIT
DRINKS ........ 4/$1.00

-PRODUCE SPECIALS-
CALIFORNIA • MEDIUM
ONIONS ...... 6 lbs. for $1.00
50 lb. bag ........ $6.99
WATERMELON ....... 19¢ lb.
CARROTS ........ 25¢ lb.
GREEN PEPPERS ... 39¢ lb.
LEMONS ..... 10 for $1.00

B.C. SUGAR
10 kg ........ $5.99
ROBIN HOOD
ALL-PURPOSE
FLOUR 10 kg ........ $5.99
SUNBEAM BREAD
White or Brown, 570 g ...... 99¢
VIVA
PAPER TOWELS 2's ... 99¢
BULK
ALMONDS ....... lb. $1.79

— MEAT SPECIALS —
FRESH
CHICKEN LEGS ..... lb 99¢
BULK
WIENERS ........ lb 99¢
REGULAR
GROUND BEEF ..... lb 99¢
FRESH
CHICKEN
WINGS ........ lb $1.09

— COUPON —
SUN-RYPE • Blue Label
APPLE JUICE 1 L ........ 79¢
WITHOUT COUPON PRICE: 99¢
EXPIRY DATE: JULY 1, 1988
LIMIT: ONE CASE PER COUPON

— COUPON —
FOREMOST
HOMO MILK 4 L (pouch) ........ $2.99
WITHOUT COUPON PRICE: 3.39
EXPIRY DATE: JULY 1, 1988
LIMIT: 2 BAGS PER COUPON

— COUPON —
FRESH • Utility Grade • 3 per Bag
FRYING CHICKEN ... lb. 79¢
WITHOUT COUPON PRICE: 99¢ LB.
EXPIRY DATE: JULY 1, 1988
LIMIT: ONE BAG PER COUPON

- Sale in retail quantities only.
- We reserve the right to limit quantities.
- Regular flyer will not be in effect for this sale day.

GIN'S
SHOP-EASY FOODS
6305 FRASER ST. (at 47th) VANCOUVER, B.C.

# ANNOUNCEMENT

## WE ARE OPEN AGAIN SAME LOCATION

NEW! THE SHORT TERM HALF NOW, HALF LATER POLICY. Autoplan

# ਨਰਵਾਲ ਇਨਸ਼ੋਰੈਂਸ ਸਰਵਿਸਜ਼ ਲਿ:



ਪ੍ਰਿਤਪਾਲ ਸਿੰਘ ਨਰਵਾਲ



ਜਸਬੀਰ ਕੌਰ ਨਰਵਾਲ B.A. (U.B.C.) A.I.B. I & II

## MURRICK INSURANCE SERVICES LTD.

## ਪ੍ਰਿਤਪਾਲ ਸਿੰਘ ਨਰਵਾਲ

ਨੋਟਰੀ ਪਬਲਿਕ

ਬੀ. ਏ. (ਪੰਜਾਬ) ਐਲ ਐਲ. ਬੀ., (ਹਰਿਆਣਾ)

ਸਾਬਕਾ ਐਡਵੋਕੇਟ ਤੇ ਓਥ ਕਮਿਸ਼ਨਰ

ਹੇਠ ਲਿਖੇ ਕੰਮ ਤਸੱਲੀਬਖਸ਼ ਕੀਤੇ ਜਾਂਦੇ ਹਨ:

- ਘਰ ਵੇਚਣ ਤੇ ਖਰੀਦਣ ਦੇ ਕਾਗਜ਼ ਤਿਆਰ ਕਰਨੇ
- ਮੌਡਗੇਜ਼ ਸੰਬੰਧੀ ਹਰ ਤਰ੍ਹਾਂ ਦੇ ਕਾਗਜ਼ ਤਿਆਰ ਕਰਨੇ
- ਹਲਫੀਆ ਬਿਆਨ ਲੈਣੇ
- ਪਾਸਪੋਰਟ ਜਾਂ ਫੋਟੋ ਅਟੈਸਟ ਕਰਨੀਆਂ
- ਕਮਰਸ਼ੀਅਲ ਕਨਟਰੈਕਟ ਬਣਾਉਣੇ ਮੁਖਤਿਆਰਨਾਮੇ ਤਿਆਰ ਕਰਨੇ
- ਵਸੀਅਤ ਆਦਿ • ਲੀਜ਼ ਦੇ ਕਾਗਜ਼ ਬਣਾਉਣੇ
- ਇੰਡੀਆ ਦੇ ਕਾਨੂੰਨ ਬਾਰੇ ਜਾਣਕਾਰੀ ਤੇ ਸਲਾਹ
- ਬੱਚੇ ਅਡਾਪਟ (ਗੋਦ ਲੈਣਾ) ਕਰਨਾ

## ਨਰਵਾਲ ਇਨਸ਼ੋਰੈਂਸ ਸਰਵਿਸਜ਼ ਲਿਮਿਟਿਡ

MURRICK INSURANCE SERVICES LTD.

- ਘਰਾਂ ਦੀ ਇਨਸ਼ੋਰੈਂਸ
- ਬਿਜਨਸ ਦੀ ਇਨਸ਼ੋਰੈਂਸ
- ਕਮਰਸ਼ੀਅਲ ਇਨਸ਼ੋਰੈਂਸ
- ਵਿਜ਼ਟਰ ਇਨਸ਼ੋਰੈਂਸ
- ਲਾਈਫ ਇਨਸ਼ੋਰੈਂਸ
- ਐਕਸੀਡੈਂਟ ਤੇ ਸਿਕਨਸ
- ਕਾਰਾਂ, ਟਰੱਕਾਂ ਤੇ ਵੈਨਾਂ ਆਦਿ ਦੀ ਇਨਸ਼ੋਰੈਂਸ

**FAST SERVICE**

**OPEN**
9 A.M. TO 5 P.M. (MON. TO FRI.)
SAT. 10 A.M. TO 3 P.M.

## • ਖੁਸ਼ਖਬਰੀ •

Autoplan
1988 INSURANCE AND LICENCE

1. ਸਾਨੂੰ ਘਰਾਂ ਦੀ ਇਨਸ਼ੋਰੈਂਸ, ਕਮਰਸ਼ੀਅਲ ਇਨਸ਼ੋਰੈਂਸ ਤੇ ਲਾਈਫ ਇਨਸ਼ੋਰੈਂਸ ਲਿਖਣ ਲਈ ਦਸ ਕੰਪਨੀਆਂ ਦੀ ਹਿਮਾਇਤ ਹਾਸਲ ਹੈ
2. ਆਪਣੇ ਘਰ ਦੀ ਇਨਸ਼ੋਰੈਂਸ ਜਾਂ ਕਿਸੇ ਕਿਸਮ ਦੀ ਇਨਸ਼ੋਰੈਂਸ ਕਰਵਾਉਣ ਲਈ ਸਾਨੂੰ ਪਹਿਲਾਂ ਫੋਨ ਕਰੋ ਤੇ ਰੇਟ ਚੈਕ ਕਰੋ।
3. ਜੋ ਇਨਸ਼ੋਰੈਂਸ ਅਸੀਂ ਪਹਿਲਾਂ ਆਪਦੇ ਘਰ ਦੀ ਜਾਂ ਕਾਰ ਦੀ ਲਿਖ ਚੁੱਕੇ ਹਾਂ, ਉਹ ਛੇਤੀ ਤੋਂ ਛੇਤੀ ਸਾਡੇ ਹੇਠ ਲਿਖੇ ਫੋਨ ਤੇ ਸੰਪਰਕ ਕਰੋ।
4. ਆਪ ਸਾਡੇ ਦਫਤਰ ਵਿਚ ਟਾਈਮ ਕੱਢ ਕੇ ਦਰਸ਼ਨ ਦਿਓ।

ਆਪਦੇ ਦਰਸ਼ਨ . ਅਭਿਲਾਸ਼ੀ:

**OFF. 325-4744**
6415 MAIN ST. (at 48th., Ave.)
VANCOUVER, B.C.

**OFF. 325-4744**
6415 MAIN ST. (at 48th., AVE
VANCOUVER, B.C.

# ਪਹਿਲੀ ਵਾਰ ਵੈਨਕੂਵਰ ਵਿਚ
# ਇੰਡੋ-ਕੈਨੇਡੀਅਨ ਫਰੈਂਡਸ਼ਿਪ ਸੁਸਾਇਟੀ
# ਵਲੋਂ




# ਕੈਨੇਡਾ-ਦਿਨ

# ਪਹਿਲੀ ਜੁਲਾਈ, 1988 ਨੂੰ ਵੱਡੇ ਪੱਧਰ ਉਤੇ ਮਨਾਇਆ ਜਾ ਰਿਹਾ ਹੈ

**ਬੀ. ਸੀ. ਦੇ ਪ੍ਰੀਮੀਅਰ ਵੈਂਡਰ ਜ਼ਾਮ ਅਤੇ ਪਾਰਲੀਮੈਂਟ ਦੇ ਸਪੀਕਰ ਜੌਹਨ ਫਰੇਜ਼ਰ ਇਸ ਸਮਾਗਮ ਵਿਚ ਮੁਖ ਮਹਿਮਾਨ ਹੋਣਗੇ।**

ਇਸ ਸਮਾਗਮ ਵਿਚ ਫੈਡਰਲ ਮਨਿਸਟਰ, ਬੀ. ਸੀ. ਦੇ ਮਨਿਸਟਰ ਤੇ ਅਸੈਂਬਲੀ ਮੈਂਬਰ ਅਤੇ ਕੌਂਸਲਾਂ ਦੇ ਮੇਅਰ ਵੀ ਸ਼ਾਮਲ ਹੋਣਗੇ।

**ਕਲਚਰਲ ਪ੍ਰੋਗਰਾਮ** ਵੀ ਵਧੀਆ ਪੱਧਰ ਦਾ ਪੇਸ਼ ਕੀਤਾ ਜਾ ਰਿਹਾ ਹੈ

**ਭਾਰਤ ਦੇ ਪ੍ਰਸਿੱਧ ਡਾਂਸ ਵੱਖ ਵੱਖ ਗਰੁੱਪਾਂ ਵਲੋਂ ਪੇਸ਼ ਕੀਤੇ ਜਾਣਗੇ**

ਸਥਾਨ :

**ਹੈਲਿਨਕ ਕਮਿਊਨਿਟੀ ਸੈਂਟਰ (Hellenic Community Centre)**
**4500 Arbutus St., Vancouver, B.C.**

## ਦਾਖਲਾ ਟਿਕਟਾਂ ਨਾਲ ਹੋਵੇਗਾ
## ਟਿਕਟ ਦੀ ਕੀਮਤ 25 ਡਾਲਰ ਹੈ

**(ਦਾਖਲੇ ਦੇ ਹੱਕ ਰਾਖਵੇਂ ਹਨ)**

ਹੋਰ ਜਾਣਕਾਰੀ ਲਈ ਫੋਨ ਕਰੋ :

**ਡਾ: ਜੀ. ਐਸ. ਗਿੱਲ — 526-5454** **ਮਿ: ਸਾਮਤਾਨੀ — 525-3764** **ਪੀ. ਐਸ. ਗਿੱਲ — 522-2122**

**ਰੋਸ਼ਨ ਲਾਲ ਕੋਛੜ — 298-7889** **ਸੁਦੇਸ਼ ਕਾਲੀਆ — 254-5837**



# ਸਾਹਿਤ ਤੇ ਕਲਾ



ਕਹਾਣੀ

## ਇਸ਼ਕ ਦਾ ਵਣਜ

**ਹਰਭਜਨ ਹਾਂਸ**

"ਬਾਈ ਜੀ, ਉਦੋਂ ਪੌਣਾਂ ਰੁਕ ਜਾਂਦੀਆਂ ਸਨ, ਮਤੇ ਪੱਤਿਆਂ ਦੀ ਸਰਸਰਾਹਟ ਕਲੋਲ ਕਰਦੇ ਦੋ ਪ੍ਰੇਮ-ਪੰਛੀਆਂ 'ਚ ਵਿਘਨ ਪਾਏ ... ਸਾਰੀ ਕਾਇਨਾਤ ਜਿਵੇਂ ਹਬਲੇ ਕੰਮ ਛੱਡ ਸਾਡੇ ਵੱਲ ਨੀਝ ਲਾ ਕੇ ਤੱਕਣ ਲੱਗ ਪੈਂਦੀ ਸੀ ... ਸੂਰਜ ਦੀਆਂ ਕਿਰਨਾਂ ਆਪਣਾ ਸੇਕ ਮੱਠਾ ਕਰ ਲੈਂਦੀਆਂ ! ਗੱਲਾਂ ਦੀ ਲੜੀ ਉਹਦੇ ਮੂੰਹੋਂ ਝੜ ਰਹੀ ਸੀ। ਜਿਵੇਂ ਕੋਈ ਐਕਟਰ ਫਿਲਮੀ-ਸੰਵਾਦ ਕਾਗਜ਼ ਤੋਂ ਪੜ੍ਹ ਰਿਹਾ ਹੋਵੇ, "ਉਦੋਂ ਅਸੀਂ ਸਭ ਕੁਝ ਭੁਲ ਜਾਂਦੇ ਬਾਈ ਜੀ ... ਸਮਾਜ, ਮਾਂ-ਬਾਪ, ਭੈਣ-ਭਾਈ ... ਮੰਨੋ ਨਾ ਮੰਨੋ ਬਾਈ ਜੀ, ਕਿਸੇ ਕਿਸੇ ਵੇਲੇ ਤਾਂ ਸਾਨੂੰ ਆਪਣਾ ਖੁਦਾ ਵੀ ਨਹੀਂ ਸੀ ਯਾਦ ਰਹਿੰਦਾ !"

ਮੇਰਾ ਜੀਅ ਕਰਦਾ ਸੀ ਕਿ ਮੈਂ ਉਸਦੀਆਂ ਬੇ-ਥਵੀਆਂ ਤੇ ਹੱਸਾਂ, ਪਰ ਸਮਾਜੀ ਤੌਰ-ਤਰੀਕਿਆਂ ਨੇ ਮੇਰੇ ਹਾਸਿਆਂ ਦੀ ਘੰਢੀ ਨੱਪੀ ਰੱਖੀ। ਮੈਂ ਉਹਨੂੰ ਜਾਣਦਾ ਤੱਕ ਨਹੀਂ ਸੀ। ਪੁਛ-ਪੁਛਾ ਕੇ ਜਦੋਂ ਉਹ ਘਰ ਆਇਆ ਤਾਂ ਮੈਂ ਗੁਸਲਖਾਨੇ 'ਚ ਸੀ। ਭਰਜਾਈ ਨੇ ਉਹਦੀ ਆਮਦ ਬਾਰੇ ਦੱਸਿਆ ਤਾਂ 'ਹੋਊ ਕੋਈ ਆਪਣੇ ਕਨੇਡਾ ਵਾਲੇ ਸਕੇ-ਸੰਬੰਧੀ ਦੀ ਚਿਠੀ-ਚੁਠੀ ਲੈਣ ਵਾਲਾ !' ਸੋਚ ਮੈਂ ਬੇ-ਫਿਕਰ ਹੋਇਆ ਇਸ਼ਨਾਨ-ਪਾਣੀ 'ਚ ਮਸਤ ਰਿਹਾ, ਜਾਂ ਹੋ ਸਕਦਾ ਕਨੇਡਿਓਂ ਪਰਤਣ ਕਾਰਨ 'ਆਮ' ਕਨੇਡੀਅਨਾਂ ਵਾਂਗ ਮੇਰੇ ਵੀ 'ਫੰਗ' ਜਿਹੇ ਨਿਕਲੇ ਹੋਣ ! ਕਾਫ਼ੀ ਦੇਰ ਨਾਲ ਪੁਜਕੇ 'ਸੌਰੀ' ਫੀਲ ਕਰਦੇ ਨੇ ਮੈਂ ਉਹਨੂੰ ਨੀਝ ਨਾਲ ਤੱਕਿਆ ਤੇਈਆਂ-ਚੌਵੀਆਂ ਦਾ ਹੋਕੇ ਵੀ ਉਹ ਹਾਰਿਆ-ਹੰਭਿਆ ਪਿਆ ਸੀ। ਅੱਖਾਂ ਵਿਚਲੀ ਲਾਲੀ ਤੇ ਅੱਖਾਂ ਦੁਆਲੇ ਕਾਲੇ ਚੱਕਰਾਂ ਨੂੰ ਵੇਖ ਇੰਜ ਲਗਦਾ ਸੀ ਜਿਵੇਂ ਹੁਣੇ-ਹੁਣੇ ਉਹ ਆਪਣੇ ਕਿਸੇ ਸਕੇ-ਸਕੋਦਰੇ ਦੀ ਮੌਤ ਤੇ ਬੇ-ਪਨਾਹ ਹੰਝੂ ਵਹਾਕੇ ਆਇਆ ਹੋਵੇ।

"ਬਾਈ ਜੀ, ਮੇਰਾ ਨਾਂ ਜਸਵੀਰ ਹੈ, ਪਹਿਲੀ ਵਾਰ ਤੁਹਾਨੂੰ ਮਿਲ ਰਿਹਾ ਹਾਂ, ਤੁਸੀਂ ਜਾਣਦੇ ਤਾਂ ਮੈਨੂੰ ਹੈ ਨਹੀਂ ... ਮੈਂ ਮੋਗਿਓਂ ਆਇਆਂ, ਬੁਧ ਸਿੰਘ ਵਾਲੇ ਦੇ ਦਲੀਪ ਸਿੰਘ ਤੋਂ ਤੁਹਾਡਾ ਪਤਾ ਚੱਲਿਆ ਸੀ ਕਿ ਤੁਸੀਂ ਕਨੇਡਿਓਂ ਆਏ ਓਂ ... ਉਹਨੇ ਇਹ ਵੀ ਦੱਸਿਆ ਸੀ ਕਿ ਤੁਸੀਂ ਵੀ ਉਸੇ ਸ਼ਹਿਰ ਰਹਿੰਨੇ ਓਂ, ਜਿਥੇ ਸਾਡਾ ਰੱਬ ਵਸਦਾ !"

"ਹੂੰਹ" ! ਮੈਂ ਉਸਦਾ ਸੰਜੀਦਾ ਚਿਹਰਾ ਵੇਖਕੇ ਗੱਲ ਹਾਸੇ 'ਚ ਪਾਉਣੀ ਚਾਹੀ, "ਰੱਬ ਨਹੀਂ, ਉਹ ਤਾਂ ਪੱਥਰਾਂ ਦਾ ਮੁਲਕ ਹੈ, ਕੰਟਰੀ ਆਫ ਸਟੋਨਜ਼, ਪੱਥਰਾਂ 'ਚ ਰਹਿ-ਰਹਿ ਲਹੂ-ਮਾਸ ਦੇ ਪੁਤਲੇ ਵੀ ਪੱਥਰ ਹੋ ਗਏ ਨੇ ...ਸੋਲ-ਲੈਸ, ਇਮੋਸ਼ਨਜ਼-ਲੈਸ !"

"ਆਬਦੇ ਆਬਦੇ ਮੰਨਣ ਦੀ ਗੱਲ ਐ ਬਾਈ ਜੀ ... ਕਿਸੇ ਵਾਸਤੇ ਪੱਥਰ ਭਾਰ ਤੋਲਣ ਵਾਲਾ ਵੱਟਾ ਹੈ, ਤੇ ਕੋਈ ਓਸੇ ਪੱਥਰ 'ਚੋਂ ਆਪਣਾ ਰੱਬ ਲੱਭ ਲੈਂਦਾ

ਝੇਂਡ ਕਰਾਕੇ ਮੈਂ ਚੁੱਪ ਕਰ ਗਿਆ। ਆਪਣੇ ਆਪ ਨੂੰ ਸੰਭਾਲਕੇ ਫੇਰ ਬੋਲਿਆ, "ਹਾਂ ! ਤਾਂ ਬਾਈ ਜਸਵੀਰ ਸਿੰਘਾਂ, ਤੂੰ ਆਪਣੇ ਕਿਸੇ ਰੱਬ ਦੀ ਗੱਲ ਕਰ ਰਿਹਾ ਸੀ ?"

"ਟਾਈਮ ਹੈਗਾ ਬਾਈ ਜੀ ਕੋਲ, ਸਾਡੇ ਵਰਗੇ ਫਕੀਰਾਂ ਦੇ ਰੋਣੇ ਤੇ ਝੋਰੇ ਸੁਣਨ ਨੂੰ ?" ਗਰਮ-ਗਰਮ ਚਾਹ ਦੇ ਕੱਪ ਨੂੰ ਦੋ ਘੁੱਟਾਂ 'ਚ ਅੰਦਰ ਕਰਦੇ ਮੈਨੂੰ ਜਾਪਿਆ ਜਿਵੇਂ ਉਹ ਆਪਣੀ ਵੇਦਨਾ ਦੇ ਪ੍ਰਗਟਾਵੇ ਲਈ ਅੰਤ ਦਾ ਕਾਹਲਾ ਸੀ

"ਮੇਰੇ ਮਹਿਮਾਨ ਫਕੀਰਾ, ਅੱਜ ਦਾ ਟਾਇਮ ਤੇਰੀ ਭੇਂਟ ... ਪਰ ਸੱਜਣਾ ! ਜਾਪਦਾ ਪੀੜ੍ਹਾਂ ਦਾ ਪਰਾਗਾ ਭਨਾਉਣ ਵਾਸਤੇ ਤੂੰ ਗਲਤ ਭੱਠੀ ਤੇ ਆ ਗਿਆਂ ... ਤੇਰੇ ਦੁੱਖ ਤਾਂ ਮਾਈ ਫਰੈਂਡ ਉਹੀ ਸਮਝੂ ਜੀਹਨੂੰ ਇਨ੍ਹਾਂ ਪੀੜ੍ਹਾਂ ਦੀ ਸਾਰ ਹੋਵੇ ਤੇ ਸਾਡੀਆਂ ਸਾਰਾਂ ਤਾਂ ਕਨੇਡਾ ਦੀ ਭੇਂਟ ਚੜ੍ਹ ਗਈਆਂ। ਕਿਸੇ ਮੀਣੇ ਬਲਦ ਵਾਂਗ ਪੰਜਾਲੀ 'ਚ ਸਿਰ ਸੁੱਟੀ ਟਵੰਟੀ-ਫੋਰ ਆਵਰਜ਼ ਕੰਮ ਕਰਨ ਵਾਲੇ ਅਸੀਂ ਉਸ ਦੇਵ-ਦਾਨਵ ਦੀ ਸਟੋਰੀ ਦੇ ਪਾਤਰ ਆਂ, ਜੋ ਕਿਸੇ ਮਾਨਸ ਦੀ ਮੌਜੂਦਗੀ ਮਹਿਸੂਸ ਕਰਦਿਆਂ ਹੀ 'ਆਦਮ-ਬੋ, ਆਦਮ-ਬੋ' ਕਰਦਾ ਹੈ ਤੇ ਅਸੀਂ ਡਾਲਰਾਂ ਦਾ ਪ੍ਰਛਾਵਾਂ ਦੇਖ 'ਡਾਲਰ-ਬੋ, ਡਾਲਰ-ਬੋ' ਕਰਨ ਵਾਲੇ ਬੌਣੇ ਦਾਨਵ ਹਾਂ। ਸਾਡੀ ਸੋਚ, ਸਾਡੀ ਸਾਇਕੀ, ਸਾਡੀਆਂ ਭਾਵਨਾਵਾਂ ਤੇ ਸਾਡੇ ਰੀਲੇਸ਼ਨਜ਼ ਦਾ ਹਰ ਰਾਹ ਡਾਲਰਾਂ ਦੀ ਮੰਜ਼ਿਲ ਤੇ ਆ ਕੇ ਮੁੱਕ ਜਾਂਦਾ .... !"

"ਕੋਈ ਨਾ ਬਾਈ ਜੀ", ਮੇਰਾ ਭਾਸ਼ਣ ਸੁਣ ਸ਼ਾਇਦ ਉਹ ਉਕਤਾ ਗਿਆ ਸੀ, ਇਸੇ ਕਾਰਨ ਵਿਚਕਾਰੋਂ ਕਟਦਾ ਬੋਲਿਆ, "ਦੁਖ ਤਾਂ ਕਹਿੰਦੇ ਕੰਧਾਂ ਨਾਲ ਵੀ ਸਾਂਝਾ ਕਰ ਲਈਦਾ !"

ਮੈਂ ਉਹਦਾ ਕਟਾਖਸ਼ ਸਮਝ ਚੁਕਾ ਸੀ। ਮੇਰੀ ਹੈਸੀਅਤ ਉਹਦੇ ਵਾਸਤੇ ਕੰਧ ਵਰਗੇ ਅੰਨ੍ਹੇ-ਬੋਲ਼ੇ ਦਰਸ਼ਕ ਵਰਗੀ ਸੀ। ਪਰ ਹਾਂ। ਮੈਨੂੰ ਕੋਈ ਇਹਦਾ ਗਿਲਾ ਨਹੀਂ ਸੀ।

"ਬਾਈ ਜੀ ... ਮੈਂ ਤੇ ਉਹ ਕਦੋਂ ਮਿਲੇ ਸੀ, ਹੁਣ ਤਾਂ ਯਾਦ ਵੀ ਨਹੀਂ। ਸ਼ਾਇਦ ਸਕੂਲ 'ਚ ਕਿਸੇ ਜਮਾਤ 'ਚ ... ਮੈਨੂੰ ਤਾਂ ਜਦੋਂ ਦੀ ਸੁਰਤ ਆਈ ਹੈ, ਉਹ ਮੇਰੇ ਨਾਲ ਪੜ੍ਹਦੀ ਹੁੰਦੀ ਸੀ। ਸਾਡੇ ਪਰਿਵਾਰ ਵੱਖ-ਵੱਖ ਮੁਹੱਲਿਆਂ 'ਚ ਰਹਿੰਦੇ ਸੀ, ਵਾਅਵਾ ਦੂਰੀ ਤੇ ... ਪਰ ਉਹਦਾ ਘਰ ਤਾਂ ਮੇਰੇ ਲਈ ਕੋਈ ਮਕਬਰਾ ਸੀ। ਉਹਦੇ ਘਰ ਜਾਂਦਿਆਂ ਨਾ ਕਦੀ ਮੇਰਾ ਮਨ ਅੱਕਿਆ ਸੀ, ਨਾ ਕਦੀ ਪੈਰ ਥੱਕੇ ਸਨ।"

"ਇਹਨੂੰ ਪਿਆਰ ਦੀ ਕਰਾਮਾਤ ਕਹਿੰਦੇ ਨੇ, ਇਸ਼ਕ ਦੀ ਖੇਡ ... ਮੁਹੱਬਤ ਦਾ ਭੂਤ ਤਾਂ ਜਸਵੀਰ ਸਿਆਂ, ਸਿਰ ਚੜ੍ਹ-ਚੜ੍ਹ ਬੋਲਦਾ !"

"ਦੁਰ-ਫਿਟੇ ਮੂੰਹ !" ਉਹਦੇ ਕੁਸੈਲੇ ਜਿਹੇ ਮੂੰਹ ਨੂੰ ਵੇਖ ਮੈਂ ਉਹਦੀ ਮਨੋ-ਅਵਸਥਾ ਦਾ ਅੰਦਾਜ਼ਾ ਲਾ ਲਿਆ ਸੀ, ਪਰ ਉਹ ਬੇ-ਪ੍ਰਵਾਹ ਬੋਲਦਾ ਰਿਹਾ, "ਫੇਰ ਅਸੀਂ ਕਾਲਜਾਂ 'ਚ ਚਲੇ ਗਏ, ਵੱਖ-ਵੱਖ ਕਾਲਜਾਂ 'ਚ ... ਬਾਈ ਜੀ, ਉਹਦੇ ਘਰ ਦਿਆਂ ਨੇ ਉਹਨੂੰ ਵੋਮਿਨ ਕਾਲਜ 'ਚ ਐਡਮਿਟ ਕਰਵਾ ਦਿੱਤਾ ...!"

"ਇਹ ਇੰਡੀਆ ਵੀ ਕਰੇਜੀ-ਕੰਟਰੀ ਹੈ ! ਮੁੰਡੇ ਕੁੜੀਆਂ ਲਈ ਵੱਖ-ਵੱਖ ਕਾਲਜ ... ਮੈਂ ਤਾਂ ਸੁਣਿਆ ਇਹ ਵੋਮਿਨ ਕਾਲਜ ਹਈ ਨਿਰ੍ਹੇ ਜੇਲ੍ਹ ... ਏ ਹਾਈ ਸਕਿਉਰਿਟੀ ਪਰਿਜਨ !"

"ਸੁਨਣ ਨੂੰ ਤੂੰ ਕਿਹੜਾ ਉਥੇ ਜੰਮਿਆਂ ਬਾਈ ਜੀ ... ਆਹ ਚਾਰ-ਪੰਜ ਸਾਲ ਪਹਿਲਾਂ ਇਥੋਂ ਹੀ ਕੁੱਤੇ-ਖੱਸੀ ਕਰਦਾ ਗਿਆਂ !" ਪਰ ਮੈਨੂੰ ਉਹਨੇ ਇਹ ਸੁਣਾਇਆ ਨਹੀਂ, ਸਗੋਂ ਦਮ ਲੈ ਕੇ ਫਿਰ ਸ਼ੁਰੂ ਹੋ ਗਿਆ, "ਫੇਰ ਸਾਨੂੰ ਇੰਤਜ਼ਾਰ ਦਾ ਚਸਕਾ ਪੈ ਗਿਆ ... ਬਾਈ ਜੀ, ਹਫਤਾ ਭਰ ਉਡੀਕ ਕਰੀ ਜਾਣੀਂ, ਵਾਰ-ਐਤਵਾਰ ਗਿਣਦਿਆਂ ਉਂਗਲੀਆਂ ਦੇ ਪੋਟੇ ਘਸ ਜਾਣੇ, ਕੈਲੰਡਰ ਉਪਰ ਲਕੀਰਾਂ ਮਾਰ-ਮਾਰ ਉਹਦਾ ਚਿਹਰਾ ਵਿਗਾੜ ਦੇਣਾ ... ਤੇ ਉਹ ਆਉਂਦੀ ... ਸਕੂਲ ਦੇ ਪਿਛਲੇ ਪਾਸੇ ਵਾਲੇ ਵਿਰਾਨ ਪਾਰਕ 'ਚ ਸਾਡਾ ਮਿਲਣ-ਮੁਕਾਮ ਹੁੰਦਾ ਤੇ ਬਾਈ ਜੀ, ਜਦੋਂ ਅਸੀਂ ਮਿਲਦੇ, ਉਦੋਂ ਪੌਣਾਂ ਰੁਕ ਜਾਂਦੀਆਂ, ਮਤੇ ਪੱਤਿਆਂ ਦੀ ਸਰਸਰਾਹਟ ਦੋ ਕਲੋਲ ਕਰਦੇ ਪ੍ਰੇਮ-ਪੰਛੀਆਂ 'ਚ ਵਿਘਨ ਪਾਏ !"

"ਮੇਰੇ ਵਿਲੀਅਮ ਵਰਡਜਵਰਥ ... ਕੁਛ ਸੀ ਵੀ ਕਿ ਐਵੇਂ ਗਧੀ ਪਰੀ ਬਣੀ ਹੋਈ ਸੀ ?"

"ਫਿੱਟੇ-ਮੂੰਹ ਤੇਰੇ ਜੰਮਣ ਦੇ !" ਉਹਦੇ ਚਿਹਰੇ ਦੀ ਕੁੜੱਤਣ ਸਾਫ ਕਹਿ ਰਹੀ ਸੀ, ਪਰ ਹੁਣ ਨਿਰੀ ਉਹਦੇ ਮੂੰਹੋਂ ਕਵਿਤਾ ਝੜ ਰਹੀ ਸੀ, "ਬਾਈ ਜੀ, ਕੀਹਤੋਂ ਬੋਲ ਉਧਾਰੇ ਲੈ ਕੇ ਉਹਦੀ ਸਿਫਤ ਕਰਾਂ ... ਤੇ ਕਾਅਦੀ ਸਿਫਤ ਕਰਾਂ ਬਾਈ ਜੀ ... ਉਹਦੇ ਹੁਸਨ ਦੀ, ਉਹਦੇ ਸੁਭਾਅ ਦੀ, ਉਹਦੀ ਅਪਣੱਤ ਦੀ ਜਾਂ ...!"

"ਚਲ ਅੱਜ ਉਹਦੀ ਬੀਊਟੀ ਦੀ ਸਹੀ ... ਬਾਕੀ ਰੱਬ ਚਾਹਿਆ ਫੇਰ ਕਦੇ, ਐਨੀ ਟਾਈਮ !"

"ਬਾਈ ਜੀ, ਉਹਦਾ ਰੰਗ ਕੋਈ ਕਸ਼ਮੀਰੀ ਸੇਬ ਸੀ, ਬਰਫ ਦੀ ਡਲੀ, ਮੱਸਿਆ ਦੀ ਰਾਤ ਨੂੰ ਕਾਲੇ ਅੰਬਰ ਤੇ ਚਮਕਣ ਵਾਲਾ ਕੋਈ ਗਹਿਰਾ ਤਾਰਾ ... ਉਹਦਾ ਨੱਕ, ਜਿਵੇਂ ਕਾਗਜ਼ ਤੇ ਪੁਠਾ ਸਾਤਾ ਵਾਹਿਆ ਹੋਵੇ, ਤਿੱਖਾ, ਲੰਬਾ ... ਉਹਦੇ ਵਾਲ਼ ਕਿਸੇ ਕਾਲੀ ਘਟਾ ਦੇ ਮਾਫਕ ਸਨ ... ਬਾਈ ਜੀ, ਬਾਈ ਜੀ, "ਮੈਨੂੰ ਜਾਪਿਆ ਜਿਵੇਂ ਨੱਕੋ ਨੱਕ ਭਰਿਆ ਉਹ ਡੁੱਲ੍ਹਣ ਲਈ ਉਤਾਵਲਾ ਸੀ, "ਬਾਈ ਜੀ, ਮੈਂ ਤਾਂ ਉਹਦੀਆਂ ਜ਼ੁਲਫਾਂ 'ਚ ਬੱਸ ਜਿਵੇਂ ਗੁਆਚ ਹੀ ਜਾਂਦਾ !"

"ਓ ਮਾਈ ਡੀਅਰ ਬ੍ਰਦਰ ! ਤੁਹਾਡੇ ਸਾਰੇ ਆਸ਼ਕਾਂ ਕੋਲ ਆਪਣੀ ਗਰਲ-ਫਰੈਂਡ ਦੀ ਪਰੇਜ ਵਾਸਤੇ ਇਹੀ ਪੰਜ-ਸੱਤ ਅਲੰਕਾਰ ਕਿਉਂ ਨੇ ? ਆਹ ਐਪਲ ਜਿੰਨੀ ਲਾਲ ਜੱਟੀ ਮੈਂ ਤਾਂ ਪੰਜਾਬ 'ਚ ਅੱਜ ਤੱਕ ਤੱਕੀ ਨੀਂ, ਹਾਂ ! ਸਾਡੇ ਕਨੇਡਾ 'ਚ ਜ਼ਰੂਰ ਮੇਮਾਂ ਦਾ ਰੰਗ ਬੀ. ਸੀ. ਦੇ ਐਪਲਾਂ ਵਰਗਾ !"

"ਬਾਈ ਜੀ, ਥੋਨੂੰ ਖੌਰੇ ਬੁਰਾ ਲੱਗੂ ... ਤੁਹਾਨੂੰ ਇਹ ਰੋਗ ਚੁੰਬੜਿਆ ਹੁੰਦਾ ਤਾਂ ਪੁਛਦਾ ਥੋਡੇ ਦੁਖਦੇ ਥਾਂ ਹੱਥ ਰੱਖਕੇ ... ਜਿਹੜੀਆਂ ਪੀੜਾਂ ਮੈਂ ਜਰੀਆਂ ਜਾਂ ਜਰ ਰਿਹਾਂ, ਮੈਨੂੰ ਤਾਂ ਆਹ ਪੰਜ-ਸੱਤ ਯਾਦ ਰਹਿਗੇ, ਜੇ ਥੋਨੂੰ ਆਪਣਾ ਨਾਂ ਭੀ ਨਾ ਭੁਲ ਜਾਂਦਾ !"

"ਥੈਂਕ ਗਾਡ !" ਮੈਂ ਵਾਕਿਆ ਹੀ ਵਾਹਿਗੁਰੂ ਦਾ ਸ਼ੁਕਰ ਗੁਜ਼ਾਰਦੇ ਕਿਹਾ, "ਤੇਰੇ ਹਿਸਾਬ ਨਾਲ ਤਾਂ ਇਹ ਬਿਮਾਰੀ ਏਡਜ ਤੋਂ ਵੀ ਭੈੜੀ ਐ ... ਬੇ-ਮਰੁੱਬਤ, ਬੇ-ਇਲਾਜ, ... ਚੱਲ ਛੱਡ ਵਾਧੂ ਦੀਆਂ ਗੱਲਾਂ, ਅਸਲ ਸਟੋਰੀ ਵਲ ਆ

"ਹਾਂ ਤਾਂ ਬਾਈ ਜੀ !" ਏਸੇ ਗੱਲ ਲਈ ਤਾਂ ਕਾਹਲਾ ਸੀ ਉਹ, "ਅਸੀਂ ਮਿਲਦੇ ਰਹੇ, ਸਾਡੇ ਵਿਆਹ ਦੀ ਚਰਚਾ ਦੋਵਾਂ ਪਰਿਵਾਰਾਂ 'ਚ ਕਈ ਵਾਰ ਚੱਲੀ ਤੇ ਆਈ ਗਈ ਹੋ ਗਈ। ਅਜੇ ਅਸੀਂ ਬੀ. ਏ. ਦਾ ਇਮਤਿਹਾਨ ਦੇ ਕੇ ਹਟੇ ਸਾਂ ਕਿ ਉਹ ਆਪਣੇ ਮਾਂ-ਬਾਪ ਨਾਲ ਕਨੇਡਾ ਚਲੀ ਗਈ ... ਉਹਦਾ ਵੱਡਾ ਭਰਾ ਉਥੇ ਸੀ, ਉਹਨੇ ਬੁਲਾਇਆ ਸੀ ਸਾਰੇ ਪਰਿਵਾਰ ਨੂੰ !"

"ਸੌਰੀ ਫਾਰ ਇੰਟਰਪਸਨ, ਜਸਵੀਰ ਜੀਓ ... ਜਾਂਦੀ ਹੋਈ ਮਿਲਕੇ ਗਈ ਸੀ ਜਾਂ ਹਵਾ 'ਚ ਹੀ ਇਹ ਬੋਲ ਥਰੋ ਕਰ ਗਈ ਸੀ, 'ਅਸੀਂ ਤੇਰੇ ਸ਼ਹਿਰ ਨੂੰ ਸਲਾਮ ਕਰ ਚਲੇ ਆਂ।'

ਉਹਦੇ ਚਿਹਰੇ ਨੂੰ ਪੜ੍ਹਕੇ ਮੈਂ ਜਾਚਿਆ ਕਿ ਉਸ ਨੂੰ ਗੁਸਾ ਮੇਰੇ ਤੇ ਗੱਲ ਨੂੰ ਟੋਕਣ ਦਾ ਨਹੀਂ ਸੀ, ਸਗੋਂ ਪਿਆਰ ਵਰਗੀ ਸੀਰੀਅਸ ਸ਼ੈਅ ਨੂੰ ਵਿਅੰਗ ਜਿਹਾ ਸਮਝਣ 'ਚ ਸੀ। ਪਰ ਉਹ ਤਾਂ ਡੁਬਿਆ ਪਿਆ ਸੀ, ਆਪਣੇ ਪਿਆਰ ਦੀ ਉਸ ਡੂੰਘੀ ਦਾਸਤਾਨ 'ਚ, ਜੀਹਨੂੰ ਉਹ ਆਪਣੇ ਦਿਲ ਦੀਆਂ ਸਾਰੀਆਂ ਤੈਹਾਂ ਚੋਂ ਸਮੇਟ ਮੇਰੇ ਸਨਮੁਖ ਰਖਣਾ ਚਾਹੁੰਦਾ ਸੀ, "ਬਾਈ ਜੀ, ਉਹ ਦਿਨ ਵੀ ਕਦੇ ਭੁਲਣਾ .. ਅਸੀਂ ਪਾਰਕ ਦੇ ਉਸੇ ਬੈਂਚ ਉਪਰ ਮਿਲ ਬੈਠੇ, ਜਿਥੇ ਵਰ੍ਹਿਆਂ ਤੋਂ ਬੈਠਦੇ ਆਏ ਸਾਂ। ਉਸ ਦੇ ਜਾਣ 'ਚ ਕੁਝ ਘੰਟੇ ਬਾਕੀ ਸਨ। ਸਾਰਾ ਘਰ ਰਿਸ਼ਤੇਦਾਰਾਂ ਤੇ ਮਿਲਣ ਵਾਲਿਆਂ ਨਾਲ ਭਰਿਆ ਪਿਆ ਸੀ ਤੇ ਬਾਈ ਜੀ, ਸਭਨਾਂ ਨੂੰ ਛੱਡ ਉਹ ਮੇਰੇ ਕੋਲ ਬੈਠੀ ਰਹੀ ... ਅਸੀਂ ਗੱਲਾਂ ਕਰਦੇ ਰਹੇ, ਨਾ ਮੁਕਣ ਵਾਲੀਆਂ ਗੱਲਾਂ, ਨਾ ਕਿਸੇ ਤਣ-ਪੱਤਣ ਲੱਗਣ ਵਾਲੀਆਂ ਗੱਲਾਂ ... ਗੱਲਾਂ ਕਰ ਕਰ ਅਸੀਂ ਪਤਾ ਨਹੀਂ ਕਿਸ ਖਲਾਅ ਨੂੰ ਪੁਰ ਕਰਨਾ ਚਾਹੁੰਦੇ ਸੀ ... ਪਰ ਬਾਈ ਜੀ, ਉਹ ਕਦੇ ਪੂਰਾ ਨਾ ਹੋਇਆ .... ਅੱਜ ਹਜ਼ਾਰਾਂ ਗੱਲਾਂ ਹੋਰ ਨੇ ਜੋ ਉਹਦੇ ਨਾਲ ਕਰਨੀਆਂ ਮੰਗਦਾ, ਪਰ ਬਾਈ ਜੀ, ਸੱਤ ਸਮੁੰਦਰਾਂ ਦੀ ਦੂਰੀ ਕੁਝ ਜ਼ਿਆਦਾ ਹੀ ਹੈ !"

"ਇਹ ਦੂਰੀ ਤਾਂ ਸਿਰਫ ਬਾਈ ਘੰਟੇ ਦੀ ਹੈ, ਮੇਰੇ ਡੀਅਰ ਦੋਸਤ ... ਐਨੀ ਨੇੜਤਾ ਕਨੇਡਾ ਤੇ ਹਿੰਦ ਦੀ ਕਿ ਜਿਹੜੇ ਦਿਨ ਤੁਸੀਂ ਇੰਡੀਆ ਤੋਂ ਤੁਰਦੇ ਓਂ, ਉਸੇ ਦਿਨ ਕੈਨੇਡਾ 'ਚ ਪਹੁੰਚ ਜਾਂਦੇ ਹੋਂ !"

"ਦੂਰੀ ਤੇ ਦਿਲਾਂ 'ਚ ਹੁੰਦੀ ਹੈ, ਬਾਈ ਜੀ !" 'ਦੂਰੀ' ਸੰਬੰਧੀ ਜਾਣਕਾਰੀ ਸੁਣ ਉਹ ਬਿਲਕੁਲ ਮੁਤਾਸਰ ਨਹੀਂ ਸੀ ਹੋਇਆ ਲਗਦਾ "ਕਾਗਜ਼ਾਂ ਦੀ ਹਿੱਕ ਤੇ ਵਾਹੇ ਅੱਖਰ ਕਦੇ ਇਹ ਦੂਰੀ ਨੂੰ ਕਲ੍ਹਾਵੇ 'ਚ ਲੈ ਕੇ ਭੋਰਾ ਕੁ ਕਰ ਦਿੰਦੇ ਨੇ, ਪਰ ਹੁਣ ਤਾਂ ਉਹ ਕਰਮਾ-ਜੋਗੀ ਤੋਂ ਇਹ ਵੀ ਨਹੀਂ ਹੁੰਦਾ !"

ਹੁਣ ਮੇਰੇ ਮਿੱਟੀ ਦੇ ਮਾਧੋ ਵਰਗੇ ਦਿਮਾਗ ਨੂੰ ਕੁਛ-ਕੁਛ ਮਹਿਸੂਸ ਹੋਣ ਲੱਗ ਪਿਆ। ਉਹਦੇ ਦੁਖਾਂਤ ਤੋਂ ਹੁਣ ਓਪਰੇਪਣ ਦਾ ਪਰਦਾ ਉਤਰਦਾ ਮਹਿਸੂਸ ਹੋ ਰਿਹਾ ਸੀ ਮੈਨੂੰ। "ਮੇਰੇ ਹਮਦਰਦੀ ਦੇ ਪਾਤਰ ! ਫੇਰ ਉਹ ਕੁੜੀ ਕੈਨੇਡਾ ਚਲੀ ਗਈ ... ਦੋ-ਚਾਰ ਮਹੀਨੇ ਖਤ ਲਿਖੇ ... ਤੇ ਫੇਰ ... ਤੇ ਫੇਰ 'ਤੈਨੂੰ ਮੇਰੀ ਆਖਰੀ ਸਲਾਮ ਮੇਰੇ ਦੋਸਤਾ !'

"ਨਹੀਂ !" ਹੰਝੂ ਉਹਦੀਆਂ ਅੱਖਾਂ ਚੋਂ ਡੁਲ੍ਹਣ ਲਈ ਬਹਿਬਲ ਸਨ, "ਦੋ-ਚਾਰ ਮਹੀਨੇ ਨਹੀਂ, ਤਿੰਨ ਸਾਲ ਉਹ ਲਗਾਤਾਰ ਖਤ ਲਿਖਦੀ ਰਹੀ ... ਫੇਰ ਉਹਦੀ ਭਰਜਾਈ ਇਥੇ ਆਈ ... ਕੁਛ ਤੋਹਫੇ, ਜਿਹੜੇ ਉਹਨੇ ਭੇਜੇ ਸਨ, ਲੈ ਕੇ ਘਰ ਆਈ ... ਵਿਆਹ ਦੀ ਗੱਲ ਵੀ ਤੁਰੀ ... ਮੈਥੋਂ ਉਹਦੇ ਸਾਰੇ ਖਤ ਤੇ ਫੋਟੋ ਲੈ ਲਏ, ਕਹਿਣ ਲੱਗੀ ਇੰਮੀਗਰੇਸ਼ਨ ਵਾਸਤੇ ਅਪਲਾਈ ਕਰਨਾ ਹੈ !"

"ਵਾਹਟ ? ... ਇੰਮੀਗਰੇਸ਼ਨ ਵਾਸਤੇ ਅਪਲਾਈ ਕਰਨ ਲਈ ਫੋਟੋਜ਼ ਤੇ ਲੈਟਰਜ਼ ਦਾ ਕੀ ਕੰਮ ?"

"ਮੈਨੂੰ ਬਾਈ ਜੀ, ਕੀ ਪਤਾ ਸੀ। ਅਸੀਂ ਫੋਟੋ ਤੇ ਚਿੱਠੀਆਂ ਦੇ ਦਿੱਤੀਆਂ ... ਦੋ ਮਹੀਨੇ ਇਥੇ ਰਹਿਕੇ ਜਦੋਂ ਕੈਨੇਡਾ ਪਰਤਣ ਲੱਗੀ ਤਾਂ ਸੁਨੇਹਾ ਭਿਜਵਾ ਦਿੱਤਾ ... ਕਿ ਆਪਣਾ ਮੁੰਡਾ ਜਿਥੇ ਮਰਜ਼ੀ ਵਿਆਹ ਲਵੇ, ਸਾਡੀ ਕੁੜੀ ਨੇ ਤਾਂ ਕੈਨੇਡਾ ਮੈਰਿਜ ਕਰਵਾਣੀ ਹੈ !"

"ਬੁਲਸ਼ਿਟ ! ਫਰਾਡ !! ਚਾਰ ਸੌ ਵੀਹ !!! ਫੋਰ ਹੰਡਰਡ ਤੇ ਟਵੰਟੀ !!!! ਤੁਸੀਂ ਯਾਰ ਜਸਵੀਰ ਸਿੰਘ ... ਯੂ ਇੰਡੀਅਨਜ਼ ਆਰ ਸਟਰੇਂਜ ... ਅੰਨ੍ਹਿਆਂ ਵਾਂਗ ਯਕੀਨ ਕਰਕੇ ਸਭ ਕੁਝ ਉਹਦੇ ਹੱਥ ਫੜਾ ਦਿੱਤਾ।"

"ਬਾਈ ਜੀ ! ਅਸੀਂ ਸਟਰੇਂਜ ਨਹੀਂ, ਅਸੀਂ ਬੇਵਕੂਫ ਨਹੀਂ, ਅਸੀਂ ਨੇਕ-ਨੀਅਤ ਵਾਲੇ ਆਂ ... ਤੇ ਸਮਝਦੇ ਆਂ ਕਿ ਸਾਡੇ ਵਰਗੇ ਈ ਲੋਕਾਂ ਦੇ ਦਿਲ ਸਾਫ ਨੇ .... ਬਾਈ ਜੀ ! ਕਹਾਣੀ ਬੜੀ ਪੁਰਾਣੀ ਹੈ, ਪਰ ਸਾਡੇ ਲਈ ਅੱਜ ਵੀ ਓਨੀ ਸਾਰਥਕ ਹੈ .... ਕ੍ਰਿਸ਼ਨ ਭਗਵਾਨ ਨੇ ਯੁਧਿਸ਼ਟਰ ਨੂੰ ਹਸਤਨਾਪੁਰ ਚੋਂ ਕੋਈ ਭੈੜਾ ਆਦਮੀ ਢੂੰਡ ਕੇ ਲਿਆਉਣ ਲਈ ਕਿਹਾ ਸੀ। ਯੁਧਿਸ਼ਟਰ ਸਾਰਾ ਦਿਨ ਸ਼ਹਿਰ ਦੀਆਂ ਗਲੀਆਂ ਛਾਣਦਾ ਰਿਹਾ, ਸ਼ਾਮੀਂ ਪਰਤਿਆ ਤਾਂ ਖਾਲੀ ਹੱਥ ... ਸਾਰੇ ਹੱਸਣ ਲੱਗੇ ਕਿ ਸ਼ਹਿਰ ਬੁਰਿਆਂ ਨਾਲ ਭਰਿਆ ਪਿਆ ਤੇ ਇਹਤੋਂ ਇਕ ਨਹੀਂ ਤਲਾਸ਼ ਹੋਇਆ। ਇਹ ਸੁਣਕੇ ਕ੍ਰਿਸ਼ਨ ਜੀ ਪਤਾ ਕੀ ਬੋਲੇ ?"

"ਨਾ ਭਰਾ ... ਕੀ ਬੋਲੇ ਕ੍ਰਿਸ਼ਨ ਭਗਵਾਨ ?"

"ਬੋਲੇ .... ਆਦਮੀ ਜਿਹੋ ਜਿਹਾ ਆਪ ਹੁੰਦਾ ਹੈ, ਵੈਸੀ ਉਹਨੂੰ ਦੁਨੀਆਂ ਨਜ਼ਰ ਆਉਂਦੀ ਐ। ਸੋ ਬਾਈ ਜੀ, ਅਸੀਂ ਆਪ ਸੱਚੇ ਆਂ, ਤੇ ਸਾਨੂੰ ਸਾਰੇ ਸੱਚੇ ਨਜ਼ਰ ਆਉਂਦੇ ਨੇ !"

"ਓਅ ਮਾਈ ਯੰਗ ਫਰੈਂਡ ! ਅਸੀਂ ਟਵੰਟੀ ਫਸਟ ਸੈਂਚਰੀ 'ਚ ਇੰਟਰ ਹੋਣ ਜਾ ਰਹੇ ਆਂ, ਤੇ ਤੁਸੀਂ ਦੁਆਪਰ ਖੌਰੇ ਤ੍ਰੇਤੇ ਦੇ ਮਿਥਹਾਸ ਨੂੰ ਹਿੱਕ ਨਾਲ ਲਾਈ ਬੈਠੇ ਓਂ .... ਐਨੀ ਹੋਅ, ਉਹਦੀ ਭਰਜਾਈ ਨੇ ਉਹਦਾ ਮੈਸਿਜ ਤੁਹਾਨੂੰ ਕਨਵੇਅ ਕਰ ਦਿੱਤਾ ਕਿ ਤੇਰੀ ਪਾਸਟ ਫਰੈਂਡ ਇਜ ਗਿਟਿੰਗ ਮੈਰਿਡ ਇਨ ਕੈਨੇਡਾ ... ਤੇ ਹੁਣ ਤੂੰ ਆਪਣਾ ਸਵੰਬਰ ਐਥੇ ਕ੍ਰਿਸ਼ਨ-ਭੂਮੀ 'ਚ ਰਚਾ ਲੈ !"

ਬਾਈ ਜੀ !" ਉਹਦੇ ਚੀਖ ਵਰਗੇ ਬੋਲ ਤੋਂ ਮੈਨੂੰ ਅਨੁਭਵ ਹੋਇਆ ਕਿ ਜੇ ਇਹ ਗੱਲ ਕਿਸੇ ਬੱਚੇ ਨੇ ਕਹੀ ਹੁੰਦੀ ਤਾਂ ਉਹਨੇ ਮੂੰਹ ਤੇ ਥੱਪੜ ਦੇ ਮਾਰਨਾ ਸੀ। ਇੰਜ ਜਾਪਿਆ ਜਿਵੇਂ ਉਸ ਕੋਲ ਕਹਿਣ-ਸੁਨਣ ਦੀ ਤਾਬ ਬਾਕੀ ਨਹੀਂ ਸੀ ਬਚੀ, "ਬਾਈ ਜੀ, ਜੇ ਐਨਾ ਸੁਖਾਲਾ ਹੁੰਦਾ ਤਾਂ ਮੈਨੂੰ ਕੀ ਲੋੜ ਸੀ ਕਿ ਤੁਹਾਡੇ ਅੱਗੇ ਆਪਣਾ ਮੌਜੂ ਬਣਾਉਂਦਾ।"

ਮੈਨੂੰ ਆਪਣੇ 'ਹਾਸੇ-ਮਖੌਲ' ਵਾਲੇ ਸੁਭਾਅ ਤੇ ਅੰਤ ਦਾ ਗੁੱਸਾ ਆਇਆ। ਮੇਰਾ ਕਦਈਂ ਇਹ ਹੱਕ ਨਹੀਂ ਸੀ ਬਣਦਾ ਕਿ ਉਹਦੀ ਹਰ ਗੱਲ ਨੂੰ 'ਆਈ-ਗਈ' ਸਮਝ ਟਿਚਕਰਾਂ ਕਰਦਾ ਫਿਰਾਂ। "ਸੌਰੀ ਮਿਸਟਰ ਜਸਵੀਰ ਸਿੰਘੁ ! ਆਈ ਐਮ ਰੀਅਲੀ ਸੌਰੀ !! ਮੈਂ ਤੇਰੇ ਦੁਖ ਨੂੰ ਮਹਿਸੂਸ ਕਰਦਾਂ ... ਪਰ ਮੇਰੇ ਦੋਸਤ ! ਹੁਣ ਤੇਰੇ ਕੋਲ ਇਹਦਾ ਕੀ ਬਦਲ ਹੈ ... ਮੇਰੇ ਲਾਇਕ ਕੀ ਸੇਵਾ ਹੈ ? ... ਵਾਹਟ ਕੈਨ ਆਈ ਡੂ ਫਾਰ ਯੂ ?"

"ਬਾਈ ਜੀ !" ਉਹ ਮੋਮ ਵਾਂਗ ਢਲ ਚੁਕਾ ਸੀ, "ਤੁਸੀਂ ਰੱਬ ਵੇਖਿਆ ?" ਮੇਰਾ ਨਾਂਹ ਵਿਚ ਸਿਰ ਹਿਲਦਾ ਦੇਖ ਬੋਲਿਆ, "ਨਹੀਂ ਵੇਖਿਆ ਨਾ ... ਕਿਸੇ ਨੇ ਵੀ ਨਹੀਂ ਵੇਖਿਆ ... ਯਕੀਨ ਦਾ ਦੂਜਾ ਨਾਂ ਰੱਬ ਹੈ ... ਤੇ ਮੇਰਾ ਰੱਬ ਤੁਹਾਡੇ ਸ਼ਹਿਰ ਵਸਦਾ .... ਉਹਦੀ ਭਰਜਾਈ ਨੇ ਜੋ ਕਿਹਾ ਹੈ, ਝੂਠ ਹੈ। ਸੂਰਜ ਐਧਰੋਂ ਚੜ੍ਹਦਾ ਓਧਰੋਂ ਚੜ੍ਹਣ ਲਗ ਪਏ, ਪਰ ਮੇਰਾ ਰੱਬ ਨਹੀਂ ਬਦਲ ਸਕਦਾ। ਜਦੋਂ ਅਸੀਂ ਵਖ ਹੋਏ ਸੀ ਬਾਈ ਜੀ, ਮੈਂ ਉਹਨੂੰ ਇਕ ਰੁਮਾਲ ਦਿਤਾ ਸੀ ਤੇ ਉਸ ਵਕਤ ਉਸ ਕੋਲ ਕੁਝ ਨਹੀਂ ਸੀ ... ਉਸ ਨੇ ਮੈਨੂੰ ਆਪਣੇ ਪੈਰ ਥੱਲੇ ਆਈ ਜ਼ਮੀਨ ਦੀ ਮਿੱਟੀ ਦੀ ਲੱਪ ਉਠਾਕੇ ਦੇ ਦਿੱਤੀ ਸੀ। ਉਹ ਮਿੱਟੀ ਦੀ ਲੱਪ ਕਿਸੇ ਪੂਜਣ-ਯੋਗ ਦੇਵੀ ਦੀ ਤਸਵੀਰ ਵਾਂਗ ਅੱਜ ਵੀ ਮੈਂ ਸੰਭਾਲ ਕੇ ਰੱਖੀ ਹੈ ... ਉਹਦੇ 'ਚੋਂ ਅੱਜ ਵੀ ਉਹੀ ਖੁਸ਼ਬੂ ਆਉਂਦੀ ਹੈ ਬਾਈ ਜੀ, ਜਿਹੜੀ ਪਹਿਲੀ ਵਾਰ ਆਈ ਸੀ !"

"ਸਦਕੇ ਓਏ ਮੇਰੇ ਮਹਿਬੂਬ ਦੋਸਤਾ ਤੇਰੇ ਯਕੀਨ ਦੇ ! ਐਨੇ ਸਿਦਕ ਵਾਲੇ ਭਗਤ ਕੋਲ ਤਾਂ ਰੱਬ ਵੀ ਆਪ ਚੱਲਕੇ ਆਏ। ਪਰ ਮੈਨੂੰ ਅਜੇ ਵੀ ਪਤਾ ਨਹੀਂ

→

→

ਵਾਹਟ ਰੋਲ ਆਈ ਕੋਨ ਪਲੇਅ ?"

"ਬਾਈ ਜੀ ! ਤੁਸੀਂ ਉਹਨੂੰ ਮਿਲ ਸਕਦੇ ਓਂ । ਉਸ ਕਰਮਾਂ-ਜੋਗੀ ਨੂੰ ਕਹਿਣਾ ਕਿ ਮੋਗੇ ਦੀ ਪਾਰਕ ਵਿਚਲੇ ਬੈਂਚ ਨੂੰ ਭੁਲ ਗਈ ਏਂ, ਜਿਥੇ ਬੈਠਕੇ ਉਮਰਾਂ ਦੇ ਸਾਥ ਨਿਭਾਣ ਦੇ ਵਾਅਦ-ਨਾਮੇ ਤੇ ਮੋਹਰਾਂ ਲੱਗੀਆਂ ਸਨ। ਜੇ ਉਹ ਮੈਨੂੰ ਭੁੱਲ ਗਈ ਹੈ, ਜਿਉਂਦੀ ਰਹੇ, ਰੱਬ ਉਹਨੂੰ ਮੇਰੀ ਉਮਰ ਵੀ ਲਾਏ... ਪਰ ਬਾਈ ਜੀ, ਇਹ 'ਨਾਂਹ' ਮੈਂ ਉਹਦੇ ਮੂੰਹੋਂ ਸੁਣਨਾਂ ਚਾਹੁੰਨਾ ... ਸਿਰਫ ਇਕ ਵਾਰ .... ਚਿੱਠੀ ਨਹੀਂ ਲਿਖਣੀ ਨਾ ਲਿਖੇ .... ਤੁਹਾਨੂੰ ਇਕ ਵਾਰ ਕਹਿ ਦਵੇ, ਤੁਸੀਂ ਬਾਈ ਜੀ ਮੈਨੂੰ ਲਿਖ ਦੇਣਾ !"

"ਜਸਵੀਰ !" ਉਸਨੂੰ ਹੰਝੂ ਵਹਾਂਦੇ ਵੇਖ ਮੇਰੀਆਂ ਅੱਖਾਂ ਵੀ ਤਰ ਹੋ ਗਈਆਂ "ਮੈਂ ਕੋਸ਼ਿਸ਼ ਕਰਾਂਗਾ ਉਸ ਨੂੰ ਮਿਲਣ ਦੀ। ਕਿਸੇ ਦੀ ਵੱਲ ਦੇ ਉਲਟ ਕੋਈ ਕੁਝ ਨਹੀਂ ਕਰ ਸਕਦਾ, ਮਾਂ-ਬਾਪ, ਭੈਣ-ਭਾਈ ਵੀ ਨਹੀਂ। ਕਨੇਡਾ ਨਿਰਾ ਛਲੇਡਾ .... ਵਕਤ ਬੰਦੇ ਨੂੰ ਬਦਲ ਦਿੰਦਾ .... ਫੇਰ ਪਿਆਰ ਤਾਂ ਹਈ ਮੁਸ਼ਕ-ਕਫੂਰ, ਧੂਏਂ 'ਚ ਬਦਲ ਜਾਂਦਾ ਪਲਾਂ 'ਚ, ਪਿਛੇ ਆਪਣਾ ਨਾਮੋ-ਨਿਸ਼ਾਨ ਵੀ ਨਹੀਂ ਛਡਦਾ...ਛੇ ਮਹੀਨੇ ਹੋਗੇ ਤੈਨੂੰ ਉਹਨੇ ਕੋਈ ਖਤ ਨਹੀਂ ਲਿਖਿਆ, ਹੋ ਸਕਦਾ .... !"

"ਉਹ ਬੇ-ਵਫਾ ਨਹੀਂ ਹੋ ਸਕਦੀ !" ਉਹ ਚੀਖਿਆ।

"ਗੱਲ ਬੇ-ਵਫ਼ਾਈ ਦੀ ਨਹੀਂ, ਮਜਬੂਰੀ ਹੋ ਸਕਦੀ ਹੈ ... ਲਾਲਚ ਹੋ ਸਕਦਾ..... ਘਰ ਦਾ, ਕਾਰ ਦਾ, ਉਥੇ ਜੌਬ ਤੇ ਲੱਗੇ ਪਾਰਟਨਰ ਦਾ .... ਲਾਈਫ ਉਥੇ ਬਹੁਤ ਕੰਪਲੈਕਸ ਹੈ !"

"ਪਿਆਰ ਸਾਹਮਣੇ ਘਰ, ਕਾਰ, ਜੌਬ ਬੜੀਆਂ ਤੁਛ ਨੇ ਬਾਈ ਜੀ। ਪਰ ਜੇ ਉਹਨੇ ਨਾਂਹ ਕਹਿਣਾ ਹੈ, ਜੀਅ ਸਦਕੇ ਕਹੇ ... ਫਿਰ ਕਾਹਦਾ ਜ਼ੋਰ ਹੈ ਉਹਦੇ ਤੇ। ਤੁਸੀਂ ਮਿਲਕੇ ਪਤਾ ਤਾਂ ਲੈ ਲੈਣਾ, ਕਿਤੇ ਕਰਮਾਂ-ਜੋਗੀ ਬੇ-ਦੋਸ਼ਣ ਤੇ ਹੀ ਨਾ ਰੋਸ ਕਰੀ ਜਾਵਾਂ !"

"ਭਲਾ ਜਸਵੀਰ ਸਿੰਘ, ਜੇ ਉਹਨੇ 'ਨਾਂਹ' ਕਰ ਦਿੱਤੀ ?"

"ਫੇਰ ਕੀ ਐ ਬਾਈ ਜੀ .... ਜੋ ਉਹਨੇ ਠੀਕ ਸੋਚਿਆ, ਉਸ ਕਰ ਲਿਆ। ਜੋ ਮੈਨੂੰ ਠੀਕ ਲੱਗੇਗਾ ਮੈਂ ਕਰ ਲਵਾਂਗਾ। ਬਾਈ ਜੀ, ਉਹ ਮੇਰਾ ਮੁਕਾਮ ਸੀ, ਮੁਕਾਮ ਤੱਕ ਨਾ ਪਹੁੰਚਣ ਵਾਲਿਆਂ ਨੂੰ ਰਾਹਵਾਂ ਨਹੀਂ, ਖੂਹ-ਖਾਤੇ ਝਲਦੇ ਨੇ !"

ਮੈਨੂੰ ਹੰਝੂ-ਭਰੀਆਂ ਅੱਖਾਂ ਨੂੰ ਧੁੰਦਲਾ ਧੁੰਦਲਾ ਦਿਖ ਰਿਹਾ ਸੀ । ਮੈਨੂੰ ਜਾਪਿਆ ਜਿਵੇਂ ਉਹ ਧੁੰਦ 'ਚ ਗੁਆਚ ਗਿਆ ਹੋਵੇ। ਮੈਂ ਆਪਣੀਆਂ ਅੱਖਾਂ ਰੁਮਾਲ ਨਾਲ ਸਾਫ਼ ਕਰਕੇ ਦੇਖਿਆ ਤਾਂ ਉਹ ਸੱਚੀ-ਮੁੱਚੀਂ ਜਾ ਚੁਕਾ ਸੀ।

ਗੁਆਂਢ ਘਰ ਟੇਪ-ਰਿਕਾਰਡ ਉਪਰ ਕੋਈ ਗਵਈਆ ਸਾਰੇ ਵਾਯੂਮੰਡਲ 'ਚ ਆਪਣੇ ਬੋਲ ਖਿਲਾਰ ਰਿਹਾ ਸੀ 'ਵਾਰਸ ਸ਼ਾਹ ਇਸ ਇਸ਼ਕ ਦੇ ਵਣਜ ਵਿਚੋਂ, ਜਫ਼ਰ ਜਾਲ ਕੀ ਖੱਟਿਆ ਵੱਟਿਆ ਸੂ।'

## ਮਿੰਨੀ ਕਹਾਣੀ

# ਦੁਸ਼ਮਣੀ-ਦੋਸਤੀ

**ਬਲਜੀਤ ਉੱਪਲ**

ਸਦੀਆਂ ਪੁਰਾਣੀ ਗੱਲ ਹੈ। ਇਕ ਬਹੁਤ ਦਿਆਲੂ ਰਾਜਾ ਸੀ। ਉਸ ਦਾ ਨਾਂ ਸੀ ਗੌਰਬ। ਉਸਦੇ ਰਾਜ ਵਿਚ ਸਾਰੀ ਪਰਜਾ ਸੁਖੀ ਰਹਿੰਦੀ ਸੀ। ਉਹ ਗਰੀਬਾਂ ਦਾ ਹਮਦਰਦ, ਇਨਸਾਫ ਪਸੰਦ, ਕਹਿਣੀ ਤੇ ਕਰਨੀ ਦਾ ਪੱਕਾ ਸੀ। ਗੌਰਬ ਦੇ ਘਰ ਇਕ ਲੜਕੀ ਨੇ ਜਨਮ ਲਿਆ। ਰਾਜੇ ਨੇ ਲੜਕੀ ਨੂੰ ਲੜਕਾ ਸਮਝਕੇ ਖੁਸ਼ੀ ਮਨਾਈ। ਉਸ ਦਾ ਸਹਿਜ ਨਾਂ ਰੱਖ ਦਿੱਤਾ। ਸਹਿਜ ਬਹੁਤ ਸੁੰਦਰ ਸੀ। ਬਦਕਿਸਮਤੀ ਨੂੰ ਸਹਿਜ ਦੀ ਮਾਂ ਉਸ ਨੂੰ ਛੋਟੀ ਉਮਰ ਵਿਚ ਹੀ ਛੱਡ ਗਈ। ਰਾਜਾ ਸਹਿਜ ਨੂੰ ਬਹੁਤ ਪਿਆਰ ਕਰਦਾ ਸੀ। ਉਸ ਨੇ ਉਸਨੂੰ ਮਾਤਾ ਦਾ ਵੀ ਪਿਆਰ ਦਿੱਤਾ। ਸਹਿਜ ਜਵਾਨ ਹੋਈ ਤਾਂ ਉਸ ਦੀ ਸੁੰਦਰਤਾ ਹੋਰ ਵੀ ਵਧ ਗਈ। ਰਾਜਾ ਸਹਿਜ ਦੇ ਵਿਆਹ ਬਾਰੇ ਸੋਚਣ ਲੱਗਾ। ਉਸ ਨੇ ਸੋਚਿਆ ਕਿ ਸਹਿਜ ਦੇ ਵਿਆਹ ਤੇ ਮੈਂ ਸਵੰਬਰ ਰਚਾਂਗਾ। ਸਵੰਬਰ ਦਾ ਦਿਨ ਨਿਸ਼ਚਿਤ ਕਰ ਦਿੱਤਾ ਗਿਆ। ਦੂਰ ਦੂਰ ਤੱਕ ਸਵੰਬਰ ਬਾਰੇ ਹੋਕਾ ਦਿੱਤਾ ਕਿ ਜਿਹੜਾ ਆਦਮੀ ਪੁਰਾਣਾ ਥੰਮ ਚੁੱਕੇਗਾ ਉਸ ਨਾਲ ਸਹਿਜ ਦੀ ਸ਼ਾਦੀ ਕਰ ਦਿੱਤੀ ਜਾਵੇਗੀ।

ਇਸ ਸਵੰਬਰ ਦੇ ਬਾਰੇ ਦੂਰ ਉਸ ਦੇ ਦੁਸ਼ਮਣ ਰਾਜੇ ਦੇ ਲੜਕੇ ਅਫਜਲ ਦੇ ਕੰਨੀਂ ਵੀ ਜਾ ਪਈ। ਅਫਜਲ ਬੁੱਧੀਮਾਨ ਅਤੇ ਬਹੁਤ ਬਹਾਦਰ ਸੀ। ਉਹ ਝਟ ਜਾਣ ਲਈ ਤਿਆਰ ਹੋ ਗਿਆ। ਸਵੰਬਰ ਦੇ ਦਿਨ ਅਫਜਲ ਵੀ ਪੰਡਾਲ ਵਿਚ ਪਹੁੰਚ ਗਿਆ। ਬਹੁਤ ਦੂਰੋਂ ਦੂਰੋਂ ਵੱਡੇ ਵੱਡੇ ਰਾਜੇ, ਮਹਾਰਾਜੇ, ਅਮੀਰ ਘਰਾਣੇ ਨਾਲ ਸਬੰਧਤ ਬਹੁਤ ਲੋਕ ਪਹੁੰਚੇ ਹੋਏ ਸਨ। ਜਦੋਂ ਪੁਰਾਣਾ ਥੰਮ ਦਿਖਾਇਆ ਗਿਆ ਅਤੇ ਸਵੰਬਰ ਦੀ ਸ਼ਰਤ ਸੁਣਾਈ ਗਈ ਕਿ ਜਿਸ ਤੋਂ ਥੰਮ ਨਾ ਚੁਕਿਆ ਗਿਆ ਤਾਂ ਮੌਤ ਕਬੂਲਣੀ ਪਵੇਗੀ। ਤਾਂ ਸਭ ਹੈਰਾਨ ਰਹਿ ਗਏ ਤੇ ਦੂਸਰੇ ਪਾਸੇ ਸਹਿਜ ਫੁੱਲਾਂ ਦਾ ਹਾਰ ਲਈ ਮੁਸਕਰਾ ਰਹੀ ਸੀ। ਪੁਰਾਣਾ ਥੰਮ ਦੇਖ ਕੇ ਅੰਤੇ ਸ਼ਰਤ ਸੁਣ ਕੇ ਸਭ ਹੈਰਾਨ ਰਹਿ ਗਏ ਅਤੇ ਪੰਡਾਲ ਵਿਚ ਸਨਾਟਾ ਛਾ ਗਿਆ। ਕੁਝ ਦੇਰ ਦੀ ਚੁੱਪ ਤੋਂ ਬਾਅਦ ਇਕ ਨੌਜਵਾਨ ਉਠਿਆ ਤਾਂ ਵੱਖਰੋ-ਵੱਖਰੀਆਂ ਕਿਆਸਾਂ ਲੱਗਣੀਆਂ ਸ਼ੁਰੂ ਹੋ ਗਈਆਂ। ਜਦੋਂ ਪਹਿਲੀ ਵਾਰੀ ਹੀ ਉਸ ਨੇ ਥੰਮ ਚੁੱਕ ਦਿਤਾ ਤਾਂ ਤਾੜੀਆਂ ਦੀ ਆਵਾਜ਼ ਆਈ। ਜਦ ਉਸ ਨੇ ਥੰਮ ਚੁਕਕੇ ਥੱਲੇ ਸੁੱਟ ਕੇ ਤਿੰਨ ਟੋਟੇ ਕਰ ਦਿੱਤੇ ਤਾਂ ਤਾੜੀਆਂ ਦੀ ਆਵਾਜ਼ ਹੋਰ ਉਚੀ ਹੋ ਗਈ। ਗੌਰਬ ਨੇ ਪੁੱਛਿਆ ਇਹ ਕਿਸ ਦਾ ਲੜਕਾ ਹੈ ਤਾਂ ਉਹ ਹੈਰਾਨ ਰਹਿ ਗਿਆ। ਕਿਉਂਕਿ ਉਸ ਉਸਦੇ ਦੁਸ਼ਮਣ ਦਾ ਬੇਟਾ ਸੀ। ਪਰ ਹੁਣ ਉਹ ਆਪਣੇ ਬਚਨ ਤੋਂ ਨਹੀਂ ਭੱਜ ਸਕਦਾ ਸੀ। ਅਫਜਲ ਨੇ ਸਹਿਜ ਦੇ ਜੈ ਮਾਲਾ ਪਾਈ। ਸਹਿਜ ਦੇ ਪਿਤਾ ਗੌਰਬ ਨੇ ਅਫਜਲ ਨੂੰ ਜੱਫੀ ਵਿਚ ਲਿਆ ਅਤੇ ਕਿਹਾ, "ਸਾਨੂੰ ਤੇਰੀ ਬਹਾਦਰੀ ਨੇ ਦੋ ਦੁਸ਼ਮਣਾਂ ਤੋਂ ਦੋ ਦੋਸਤ ਬਣਾ ਦਿੱਤਾ।'

## ਝੋਰਾ

**ਕਰਮਜੀਤ 'ਘੁਮਾਣ'**

ਤੈਂ ਜਦ ਸਹਿਕਦੇ ਜਿਹੇ ਸਾਹ 'ਚ ਮੈਨੂੰ ਏਹ ਦੱਸਿਆ
"ਕਿ ਮੈਂ ਇਕ ਪੱਥਰ ਦਿਲ ਹਾਂ"
ਤਾਂ ਮੈਨੂੰ ਕੋਈ ਹੈਰਾਨੀ ਜਾਂ ਗਿਲਾ ਨਹੀਂ ਹੋਇਆ।
ਕਿਉਂਕਿ ਐਥੇ ਹਰ ਨਵ-ਜਨਮੇਂ ਦਿਹਾੜੇ ਹੁੰਦੇ
ਕੁ-ਕਰਮ, ਚੋਰ-ਬਾਜ਼ਾਰੀਆਂ, ਹੇਰਾ-ਫੇਰੀਆਂ ਤੇ ਦੂਜੇ ਦੇ
ਹੱਕਾਂ ਨੂੰ ਖੋਹਕੇ ਆਪਣੇ ਢਿੱਡਾਂ ਦੀ ਪੂਰਤੀ ਲਈ
ਲੋਕਾਂ ਦੇ ਭੇੜ ਕਰਵਾਉਣ ਵਾਲੇ ਜਾਂ ਫਿਰ ਅਖੌਤੀ
ਪ੍ਰਮਾਣਤਾ ਦੇ ਹੱਕ ਦਰਸਾਉਣ ਵਾਲੇ
ਆਪਣੇ ਆਪ ਨੂੰ ਸਰਵੋਤਮ ਸਮਝਣ ਵਾਲੇ
ਉਹ ਟੱਟ-ਪੂੰਜੀਏ ਜੋ ਸਾਹਿਤ ਦੀ ਸਰਦਲ ਤੇ ਖੜਕੇ
ਕਲਮ ਦੇ ਬੋਲਾਂ ਦੀ ਗਰਦਨ ਮਰੋੜਦੇ ਹਨ।
ਸਿਰਫ ਝੂਠੀ ਸ਼ੋਹਰਤ ਤੇ ਬੱਲੇ ਬੱਲੇ ਦੇ ਮਾਣ ਤੇ ਸਾਹ ਭਰਦੇ ਹਨ।
ਉਹ ਅਖੌਤੀ ਸਾਹਿਤਕਾਰ ਜੋ ਆਪਣੇ ਜ਼ਿਹਨ ਦੀ ਸੜਿਆਂਦ ਦਾ
ਚਿੱਕੜ ਕਲਮ ਦੇ ਸਹਾਰੇ ਦੂਜਿਆਂ ਤੇ ਸੁਟਦੇ ਹਨ।
ਉਹਨਾਂ ਨਾਲੋਂ ਤੇਰਾ ਦਿਲ ਫੇਰ ਵੀ ਚੰਗਾ ਹੈ।
ਤੇਰਾ ਪੱਥਰ ਦਿਲ ਹੋਣਾ ਮੇਰੇ ਲਈ ਕੋਈ ਅਪਮਾਨ ਦੀ ਗੱਲ ਨਹੀਂ।
ਪਰ ਇਕ ਝੋਰਾ ਜ਼ਰੂਰ ਹੈ।

# ਡਾ: ਚੁਟਾਨੀ ਟ੍ਰਬਿਊਨ ਦੇ ਚੇਅਰਮੈਨ ਬਣੇ

ਚੰਡੀਗੜ੍ਹ — ਪੀ ਜੀ ਆਈ ਚੰਡੀਗੜ੍ਹ ਦੇ ਸਾਬਕਾ ਡਾਇਰੈਕਟਰ ਅਤੇ ਭਾਰਤ ਦੇ ਪ੍ਰਸਿਧ ਸਰਜਨ ਡਾਕਟਰ ਪੀ ਐਨ ਚੁਟਾਨੀ ਨੂੰ ਟ੍ਰਬਿਊਨ ਟਰੱਸਟ ਦਾ ਨਵਾਂ ਚੇਅਰਮੈਨ ਬਣਾਇਆ ਗਿਆ ਹੈ। ਉਹਨਾਂ ਦੀ ਇਹ ਨਿਯੁਕਤੀ ਟਰੱਸਟ ਦੇ ਸਾਬਕ ਚੇਅਰਮੈਨ ਸਵਰਗੀ ਪੀ ਐਸ ਗਿਆਨੀ ਦੀ ਥਾਂ ਕੀਤੀ ਗਈ ਹੈ। ਉਹਨਾਂ ਤੋਂ ਇਲਾਵਾ ਮਿ. ਬੀ. ਕੇ. ਨਹਿਰੂ ਸਾਬਕ ਆਈ. ਏ. ਐਸ. ਅਫਸਰ ਨੂੰ ਟਰੱਸਟ ਦਾ ਨਵਾਂ ਮੈਂਬਰ ਲਿਆ ਗਿਆ ਹੈ। ਮਿ. ਨਹਿਰੂ ਦੇਸ਼ ਵਿਚ ਵੱਡੇ ਵੱਡੇ ਅਹੁਦਿਆਂ ਉਤੇ ਕੰਮ ਕਰ ਚੁਕੇ ਹਨ।

(ਇਹ ਉਪਰੋਕਤ ਕਹਾਣੀ 13 ਕੁ ਸਾਲ ਦੀ ਬੱਚੀ ਬਲਜੀਤ ਉੱਪਲ ਦੀ ਲਿਖੀ ਹੋਈ ਹੈ ਜੋ ਇੰਡੀਆ ਵਿਚ ਅੱਠਵੀਂ ਜਮਾਤ ਵਿਚ ਪੜ੍ਹਦੀ ਹੈ। ਇਹ ਹੋਣਹਾਰ ਬੱਚੀ ਅਮਰਜੀਤ ਸੂਫੀ ਦੀ ਭਤੀਜੀ ਹੈ। ਇਸ ਉਮਰ ਵਿਚ ਹੀ ਅਜਿਹੀ ਪਰਪੱਕ ਸੋਚ ਤੋਂ ਪਤਾ ਲਗਦਾ ਹੈ ਕਿ ਇਹ ਬੱਚੀ ਕਿਸੇ ਦਿਨ ਚੰਗੀ ਕਹਾਣੀਕਾਰ ਬਣ ਸਕੇਗੀ — ਸੰਪਾਦਕ)


# ਕੀ ਇੰਮੀਗਰੇਸ਼ਨ ਦਾ ਮਸਲਾ ਹੈ?

**ਸਲਾਹ ਮਸ਼ਵਰੇ ਲਈ ਸਾਡੀ ਮਦਦ ਲੈਂਵੋ**

**ਅਸੀਂ ਆਪਦੀ ਸੇਵਾ 1946 ਤੋਂ ਕਰਦੇ ਆ ਰਹੇ ਹਾਂ ਪਹਿਲੀ ਮੁਲਾਕਾਤ ਦੀ ਕੋਈ ਫੀਸ ਨਹੀਂ ਹੋਵੇਗੀ।**

# ਵਰਲਡ ਵਾਈਡ ਇੰਮੀਗਰੇਸ਼ਨ ਐਂਡ ਡਾਕੂਮੈਨਟੇਸ਼ਨ ਸਰਵਿਸਜ਼



ਦਲਜੀਤ ਸਿੰਘ ਸੰਧੂ L.L.B. (U.k.)
Res. 580-1822

- ਰਿਸ਼ਤੇਦਾਰਾਂ ਨੂੰ ਕੈਨੇਡਾ ਮੰਗਵਾਉਣ ਲਈ ਚੰਗੀ ਸਲਾਹ
- ਇੰਡੀਆ, ਕੈਨੇਡਾ ਜਾਂ ਕਿਸੇ ਹੋਰ ਮੁਲਕ ਦਾ ਵੀਜ਼ਾ ਲੈਣਾ ਹੋਵੇ ਜਾਂ ਮਿਆਦ ਵਧਾਉਣੀ ਹੋਵੇ ਉਸਦੇ ਬਾਰੇ 'ਚ ਵੀ ਸਾਡੇ ਕੋਲ ਆਉ 'ਅਸੀਂ ਤੁਹਾਨੂੰ ਸਹੀ ਸਲਾਹ ਦੇ ਸਕਦੇ ਹਾਂ।
- ਕਿਸੇ ਰਿਸ਼ਤੇਦਾਰ ਦੇ ਬੱਚੇ ਨੂੰ ਅਡਾਪਟ (ਗੋਦ ਲੈਣਾ) ਕਰਨ ਬਾਰੇ ਜਾਣਕਾਰੀ -ਤੁਸੀਂ ਇਥੇ ਬੈਠੇ ਹੀ ਕਿਸੇ ਵੀ ਮੁਲਕ ਚੋਂ ਬੱਚੇ ਨੂੰ ਅਡਾਪਟ ਕਰ ਸਕਦੇ ਹੋ। ਤੁਹਾਨੂੰ ਉਸ ਮੁਲਕ 'ਚ ਜਾਣ ਦੀ ਲੋੜ ਨਹੀਂ ਹੈ।
- ਅਰਫਨ ਜਾਂ ਯਤੀਮ ਬੱਚੇ ਨੂੰ ਮੰਗਵਾਉਣਾ ਹੋਵੇ ਉਸ ਬਾਰੇ ਜਾਣਕਾਰੀ ਭਰਾ, ਭੈਣ, ਭਤੀਜਾ, ਭਤੀਜੀ, ਭਾਣਜਾ, ਭਾਣਜੀ, ਪੋਤੀ, ਪੋਤਾ, ਦੋਹਤੀ ਦੋਹਤਾ ਜਿਨ੍ਹਾਂ ਦੀ ਉਮਰ 18 ਸਾਲ ਤੋਂ ਘੱਟ ਹੋਵੇ ਤੇ ਵਿਆਹੇ ਹੋਏ ਨਾ ਹੋਣ। ਉਸ ਨੂੰ ਤੁਸੀਂ ਮੰਗਵਾ ਸਕਦੇ ਹੋ।
- ਜੇ ਕਿਸੇ ਕਾਰਨ ਕੋਈ ਤੁਹਾਡਾ ਰਿਸ਼ਤੇਦਾਰ ਬੇ-ਕਾਨੂੰਨੀ ਰਹਿੰਦਾ ਹੋਇਆ ਕੈਨੇਡਾ ਫੜਿਆ ਜਾਵੇ ਜਾਂ ਉਸਦੇ ਸੈਰ ਕਰਨ ਦੀ ਮਨਿਆਦ ਲੰਘ ਗਈ ਹੋਵੇ ਤਾਂ ਅਸੀਂ ਉਸ ਨੂੰ ਕਿਵੇਂ ਛੁਡਾ ਸਕਦੇ ਹਾਂ ਉਸ ਦੇ ਬਾਰੇ ਸਾਰੀ ਜਾਣਕਾਰੀ ਅਸੀਂ ਤੁਹਾਨੂੰ ਦੇ ਸਕਦੇ ਹਾਂ।
- ਜੇ ਤੁਸੀਂ ਕਿਸੇ ਰਿਸ਼ਤੇਦਾਰ ਦੀ ਚਿਠੀ ਭਰੀ ਹੈ ਤਾਂ ਉਨ੍ਹਾਂ ਨੂੰ ਕਿਸੇ ਵੀ ਕਾਰਨ ਇੰਮੀਗਰੇਸ਼ਨ ਉਸ ਨੂੰ ਆਉਣ ਤੋਂ ਵੀਜ਼ਾ ਦੇਣ ਤੋਂ ਮਨਾਂ ਕਰ ਦਿਤਾ ਗਿਆ ਹੈ ਤਾਂ ਤੁਹਾਡੇ ਖਿਆਲ ਵਿਚ ਉਨ੍ਹਾਂ ਨਾਲ ਬੇਇਨਸਾਫੀ ਹੋਈ ਹੈ ਅਸੀਂ ਉਸ ਕੰਮ ਦੀ ਅਪੀਲ ਕਰਕੇ ਤੁਹਾਡੀ ਹਰ ਕਾਨੂੰਨੀ ਤੌਰ ਤੇ ਮੱਦਦ ਕਰ ਸਕਦੇ ਹਾਂ।
- ਜੇਕਰ ਤੁਹਾਡੇ ਕੇਸ ਨੂੰ ਬਹੁਤ ਦੇਰ ਹੋ ਗਈ ਹੈ। ਸਾਲ, ਦੋ ਸਾਲ, ਤਿੰਨ ਸਾਲ ਤੱਕ ਤੋਂ ਕੰਮ ਨਹੀਂ ਨਿਕਲ ਰਿਹਾ। ਤਾਂ ਅਸੀਂ ਕਾਨੂੰਨੀ ਤੌਰ 'ਤੇ ਤੁਹਾਡੇ ਵਾਸਤੇ ਇੰਮੀਗਰੇਸ਼ਨ ਕੋਲੋਂ ਪਤਾ ਕਰਕੇ ਦੱਸ ਸਕਦੇ ਹਾਂ ਕਿ ਕੀ ਕਾਰਨ ਹੈ।

- ਜੇ ਇੰਡੀਆ ਤੋਂ ਕੋਈ ਡਾਕੂਮੈਂਟ ਮੰਗਾਉਣਾ ਹੋਵੇ ਤਾਂ ਅਸੀਂ ਮੰਗਵਾ ਸਕਦੇ ਹਾਂ।
- ਬਿਜ਼ਨਿਸ ਤੌਰ ਤੇ ਕੈਨੇਡਾ ਦੀ ਇੰਮੀਗਰੇਸ਼ਨ ਲੈਣੀ ਹੋਵੇ।
- ਸਟੂਡੈਂਟ ਵੀਜ਼ੇ ਬਾਰੇ ਜਾਣਕਾਰੀ ਵੀ ਸਾਥੋਂ ਲਵੋ।
- ਟੈਂਪਰੇਰੀ ਵਰਕ ਪਰਮਿਟ ਲੈਣ ਬਾਰੇ ਵੀ ਅਸੀਂ ਕਾਨੂੰਨੀ ਤਰੀਕੇ ਦੱਸ ਸਕਦੇ ਹਾਂ
- ਜੇਕਰ ਤੁਸੀਂ ਕਿਸੇ ਰਿਸ਼ਤੇਦਾਰ ਜਾਂ ਦੋਸਤ ਮਿੱਤਰ ਨੂੰ ਕੈਨੇਡਾ ਸੈਰ ਕਰਨ ਲਈ ਮੰਗਵਾਉਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੇ ਲਈ ਰਾਹਦਾਰੀ (Declaration) ਬਣਾ ਸਕਦੇ ਹਾਂ।
- ਕੈਨੇਡੀਅਨ ਸਿਟੀਜ਼ਨਸ਼ਿਪ ਲੈਣ ਦਾ ਤੇ ਤੁਹਾਡੇ ਨਾਲ ਜਾ ਕੇ ਗੱਲਬਾਤ ਕਰਨ 'ਚ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ।
- ਜੇ ਤੁਸੀਂ ਇੰਡੀਆ ਕੋਈ ਜਾਇਦਾਦ ਹੈ ਉਸਨੂੰ ਤੁਸੀਂ ਕਿਵੇਂ ਆਪਣੇ ਨਾਂ ਰੱਖ ਸਕਦੇ ਹੋ ਜਾਂ ਕਿਸੇ ਦੇ ਨਾਂ ਕਿਸ ਤਰ੍ਹਾਂ ਲਵਾ ਕੇ ਫੇਰ ਵੀ ਤੁਹਾਡੇ ਕੋਲ ਜ਼ਮੀਨ ਕਿਵੇਂ ਰਹਿ ਸਕਦੀ ਹੈ, ਜਾਂ ਤੁਸੀਂ ਇਥੇ ਬੈਠੇ ਹੋਏ ਉਹੋ ਜ਼ਮੀਨ ਕਿਵੇਂ ਵੇਚ ਸਕਦੇ ਹੋ। ਇਸ ਬਾਰੇ ਅਸੀਂ ਸਲਾਹ ਦੇ ਸਕਦੇ ਹਾਂ।
- ਜੇ ਤੁਸੀਂ ਘਰ ਖਰੀਦਣਾ ਹੋਵੇ, ਤੁਹਾਡੇ ਕੋਲ ਪੈਸੇ ਡਾਊਨ ਪੇਮਿੰਟ ਦੇਣ ਲਈ ਥੋੜ੍ਹੇ ਹੋਣ ਤਾਂ ਅਸੀਂ ਤੁਹਾਨੂੰ ਦਸ ਸਕਦੇ ਹਾਂ ਕਿ ਇਸ ਸਭ ਦਾ ਬੰਦੋਬਸਤ ਕਿਵੇਂ ਹੋ ਸਕਦਾ ਹੈ। ਤੁਹਾਡੇ ਕੋਲ ਪ੍ਰਾਪਰਟੀ ਹੈ, ਜੇਕਰ ਉਸਦੇ ਉਪਰ ਫਸਟ, ਸੈਕਿੰਡ, ਥਰਡ ਮੌਰਗੇਜ ਥੋੜੇ ਤੋਂ ਥੋੜੇ ਵਿਆਜ ਤੇ ਲੈਣੀ ਹੋਵੇ ਤਾਂ ਉਸ ਬਾਰੇ ਦਸ ਸਕਦੇ ਹਾਂ ਤੁਸੀਂ ਪ੍ਰਾਪਰਟੀ ਜਾਂ ਬਿਜ਼ਨਿਸ ਖਰੀਦਣੀ ਹੋਵੇ। ਤੁਸੀਂ ਕਿਥੋਂ ਜਾਂ ਕਿੰਦਾਂ ਪੈਸੇ ਲੈ ਸਕਦੇ ਹੋ।

ਉਪਰ ਲਿਖੇ ਮਸਲਿਆਂ ਤੋਂ ਇਲਾਵਾ ਅਸੀਂ ਤੁਹਾਨੂੰ ਹੋਰ ਕਿਸੇ ਤੁਹਾਡੇ ਇੰਡੀਆਂ ਵਿਚਲੇ ਮਸਲੇ ਬਾਰੇ ਵੀ ਸਲਾਹ ਮਸ਼ਵਰਾ ਦੇ ਸਕਦੇ ਹਾਂ।

ਨਵੇਂ ਰਫਿਊਜੀ ਕਾਨੂੰਨ ਬਾਰੇ ਸਾਡੇ ਕੋਲੋਂ ਸਲਾਹ ਲਵੋ।



ਮਲਕੀਤ ਸਿੰਘ ਪਰਹਾਰ
(ਇੰਮੀਗਰੇਸ਼ਨ ਸਲਾਹਕਾਰ)
Res: 521-5061

## IMMIGRATION PROBLEMS?

**Let us assist you as we have been doing since 1946**

**Complete Immigration Service in Canada**

Sponsoring Immediate Family
Close Relatives
Independent Immigrants
Fiance (e) Application
Student Visa
Refugee Application
Visitors Visa
Adoption Application
Returning Resident Permit
Citizenship Application
Orphan Relatives Application

Investors Immigration
Entrepreneurs Immigration
Self-Employed Immigration
Family Business Immigration
Work Permit
Retired Person Application
Release Hearing
Immigration Inquiry
Immigration Appeal
Preparing Application Forms
Etc....

FREE consultation for first interview

**Malkit Singh Parhar & Daljit Sandhu**
**IMMIGRATION CONSULTANTS**
World Wide Immigration & Documentation Services
2127 — Kingsway, Vancouver, B.C. Canada
**Off. (604) 430-6611**

# ਪੰਜਾਬੀ ਫਿਲਮ ਪ੍ਰੋਡਿਊਸਰ ਅਤੇ ਡਾਇਰੈਕਟਰ ਜਗਜੀਤ ਨਾਲ ਇਕ ਮੁਲਾਕਾਤ

— ਮੁਲਾਕਾਤੀ : ਸੁਖਵੰਤ ਹੁੰਦਲ

(ਫਿਲਮ ਪ੍ਰੋਡਿਊਸਰ ਅਤੇ ਡਾਇਰੈਕਟਰ ਜਗਜੀਤ ਹੁਣ ਤੱਕ ਪੰਜਾਬੀ ਫਿਲਮਾਂ ਬਣਾ ਚੁੱਕੇ ਹਨ। ਇਨ੍ਹਾਂ ਫਿਲਮਾਂ ਦੇ ਨਾਂ ਹਨ, ਮਾਹੀ ਮੁੰਡਾ, ਗੱਭਰੂ ਪੰਜਾਬ ਦੇ, ਕੀ ਬਣੂ ਦੁਨੀਆਂ ਦਾ, ਪੁੱਤ ਜੱਟਾਂ ਦੇ, ਪਟੋਲਾ। ਫਿਲਮਾਂ ਵਿਚ ਜਾਣ ਤੋਂ ਪਹਿਲਾਂ ਉਹ ਨੋਰਾ ਰਿਚਰਡ ਰੰਗ ਮੰਚ ਨਾਲ ਇਕ ਐਕਟਰ ਵਜੋਂ ਸੰਬੰਧਤ ਰਹੇ ਹਨ। ਉਨ੍ਹਾਂ ਨੇ ਚਿੱਟੀਆਂ ਰਾਤਾਂ, ਮਸੀਹਾ, ਪਰਸੂ ਪਰਸਾ ਪਰਸ ਰਾਮ, ਢਾਈ ਅੱਖਰ ਪ੍ਰੇਮ ਦੇ ਆਦਿ ਨਾਟਕਾਂ ਵਿਚ ਕੰਮ ਕੀਤਾ। ਇਸ ਤੋਂ ਬਿਨਾਂ ਉਹ ਪੰਜਾਬੀ ਕਹਾਣੀਆਂ ਦੀ ਇਕ ਕਿਤਾਬ 'ਜਿੰਦਗੀ ਦੀ ਵਾਟ' ਪੰਜਾਬੀ ਸਾਹਿਤ ਨੂੰ ਭੇਂਟ ਕਰ ਚੁੱਕੇ ਹਨ। ਇਸ ਸਮੇਂ ਉਹ ਪੰਜਾਬੀ ਫਿਲਮੀ ਕਲਾਕਾਰਾਂ (ਜਿਨ੍ਹਾਂ ਵਿਚ ਰਮਾ ਵਿਜ, ਦਿਲਜੀਤ ਕੌਰ ਸ਼ਾਮਲ ਹਨ) ਦੀ ਟੀਮ ਲੈ ਕੇ ਕੈਨੇਡਾ ਵਿਚ ਰੰਗਾਰੰਗ ਪ੍ਰੋਗਰਾਮ ਪੇਸ਼ ਕਰਨ ਆਏ ਹੋਏ ਹਨ। ਵੈਨਕੂਵਰ ਵਿਚ ਉਨ੍ਹਾਂ ਸ਼ੋਅ ਤਿੰਨ ਜੁਲਾਈ ਨੂੰ ਕੁਈਨ ਅਲੈਜਵਿਥ ਥੀਏਟਰ ਵਿਚ ਹੋਵੇਗਾ)

? ਸਭ ਤੋਂ ਪਹਿਲਾਂ ਤੁਸੀਂ ਸਾਨੂੰ ਇਹ ਦੱਸੋ ਕਿ ਤੁਸੀਂ ਫਿਲਮਾਂ ਵਿਚ ਕਦੋਂ ਆਏ

ਜੁਆਬ : ਮੈਂ 1975 ਵਿਚ ਪਹਿਲੀ ਵਾਰ ਬੰਬੇ ਕਦਮ ਰੱਖਿਆ। ਉਸ ਤੋਂ ਪਹਿਲਾਂ ਮੈਂ ਚੰਡੀਗੜ੍ਹ ਪੜ੍ਹਦਾ ਸੀ, ਢੁੱਡੀਕੇ ਕਾਲਜ ਪੜ੍ਹਦਾ ਸੀ। ਉਥੇ ਮੇਰਾ ਡਰਾਮਿਆਂ ਦਾ ਸ਼ੌਕ ਸੀ। ਡਰਾਮੇ ਕਰਦਾ ਸੀ। ਨੋਰਾ ਰਿਚਰਡ ਰੰਗ ਮੰਚ ਸੀ ਸਾਡੀ ਚੰਡੀਗੜ੍ਹ ਵਿਚ। ਉਥੋਂ ਮੈਂ 1975 ਵਿਚ ਐਕਟਰ ਬਨਣ ਦੇ ਸ਼ੌਕ ਨਾਲ ਸਿੱਧਾ ਬੰਬੇ ਗਿਆ ਸੀ।

? ਤੁਸੀਂ ਥੀਏਟਰ ਵਿਚ ਇਕ ਐਕਟਰ ਵਜੋਂ ਕੰਮ ਕਰਦੇ ਸੀ ?

— ਹਾਂ ਜੀ, ਇਕ ਐਕਟਰ ਵਜੋਂ।

? ਤੁਸੀਂ ਫਿਲਮਾਂ ਵਿਚ ਜਾਣ ਤੋਂ ਪਹਿਲਾਂ ਕਿਸੇ ਇਨਸਟੀਟਿਊਸ਼ਨ ਵਿਚੋਂ ਫਿਲਮਾਂ ਬਾਰੇ ਕੋਈ 'ਫਾਰਮਲ' ਟਰੇਨਿੰਗ ਵੀ ਲਈ, ਇਕ ਐਕਟਰ ਵਜੋਂ ਜਾਂ ਡਾਇਰੈਕਟਰ ਵਜੋਂ ?

— ਨਹੀਂ। ਮੇਰਾ ਸਾਰਾ ਸੰਬੰਧ ਰੰਗਮੰਚ ਦੇ ਨਾਲ ਹੀ ਰਿਹਾ। ਮੈਂ ਚੰਡੀਗੜ੍ਹ ਰੰਗਮੰਚ ਵਿਚ ਜਾਣਿਆ ਪਛਾਣਿਆ ਐਕਟਰ ਸੀ। ਜਗਤ ਪ੍ਰਸਿੱਧ ਨਾਵਲਕਾਰ ਦਸਤੋਵਸਕੀ ਦੇ ਨਾਵਲ 'ਚਿੱਟੀਆਂ ਰਾਤਾਂ' ਉਤੇ ਅਧਾਰਤ ਨਾਟਕ ਮੇਰੀ ਸਭ ਤੋਂ ਵੱਡੀ ਪ੍ਰਾਪਤੀ ਸੀ। ਪੌਣੇ ਦੋ ਘੰਟੇ ਲੰਮੇ ਪਲੇ ਵਿਚ ਅਸੀਂ ਸਿਰਫ ਦੋ ਆਰਟਿਸਟ ਹੀ ਸੀ। ਜਦੋਂ ਅਸੀਂ ਉਹ ਖੇਡਿਆ ਨਵਤੇਜ ਸਿੰਘ ਪ੍ਰੀਤਲੜੀ ਉਦੋਂ ਉਹ ਜਿਉਂਦੇ ਸਨ, ਨੇ ਸਾਡਾ ਉਹ 'ਪਲੇ' ਦੇਖਿਆ। ਸਾਰੇ ਹੀ ਅਖਬਾਰਾਂ ਵਿਚ ਪਬਲਿਸਟੀ ਵੀ ਦਿਤਾ। ਏਥੋਂ ਤੱਕ ਕੇ 'ਸੋਵੀਅਤ ਦੇਸ' ਵਿਚ ਉਹਦਾ ਰੀਵੀਊ ਕੀਤਾ। ਅਤੇ ਉਨਾਂ ਇਸ ਹੀ ਸਿਲਸਿਲੇ ਵਿਚ ਮੈਨੂੰ ਰਾਜਿੰਦਰ ਸਿੰਘ ਬੇਦੀ ਹੁਰਾਂ ਨਾਲ ਵੀ ਮਿਲਵਾਇਆ। ਇਸ ਲਈ ਇਕ ਐਕਟਰ ਵਜੋਂ ਜਿਹੜੀ ਮੈਂ ਟਰੇਨਿੰਗ ਲਈ ਉਹ ਰੰਗਮੰਚ ਹੀ ਹੈ।

? ਕੀ ਤੁਸੀਂ ਇਕ ਐਕਟਰ ਵਜੋਂ ਫਿਲਮਾਂ ਵਿਚ ਵੀ ਕੰਮ ਕੀਤਾ ?

— ਹਾਂ ਇਕ ਦੋ ਫਿਲਮਾਂ ਵਿਚ ਕੀਤਾ। ਛੋਟਾ ਮੋਟਾ ਰੋਲ। ਇਕ ਫਿਲਮ ਵਿਚ ਸਾਈਡ ਹੀਰੋ ਦਾ ਵੀ ਕੀਤਾ। ਉਹ ਫਿਲਮ ਵੀ ਅਸੀਂ ਆਪ ਪ੍ਰੋਡਿਊਸ ਕੀਤੀ ਸੀ। ਪਰ ਉਹਦੇ ਵਿਚ ਇਕ ਐਕਟਰ ਦੀ ਅਤੇ 'ਕਰੈਕਟਰ' ਦੀ ਜਿਹੜੀ ਸਾਂਝ ਸੀ ਉਹ ਨਹੀਂ ਪੈ ਸਕੀ। ਉਥੇ ਮੈਂ ਮਹਿਸੂਸ ਕੀਤਾ ਰੰਗਮੰਚ ਅਤੇ ਫਿਲਮ ਵਿਚ 'ਬੇਸਿਕ' ਫਰਕ ਹੈ। ਉਥੇ ਇਉਂ ਹੈ ਕਿ ਐਕਟਰ ਦੀ ਅਤੇ ਕਰੈਕਟਰ ਦੀ ਪਹਿਲਾਂ 'ਫਿਜੀਕਲ' ਸਾਂਝ ਬਹੁਤ ਜ਼ਰੂਰੀ ਹੈ। ਉਹਦਾ ਚਿਹਰਾ ਮੁਹਰਾ, ਉਹਦਾ ਰੰਗ ਰੂਪ, ਉਹਦੇ ਨੈਣ ਨਕਸ਼ ਉਸ ਕਰੈਕਟਰ ਨਾਲ ਮੇਲ ਖਾ ਜਾਣ ਤਾਂ ਬਹੁਤ ਬੱਲੇ। ਮਤਲਬ 'ਫਿਫਟੀ ਪਰਸੈਂਟ' ਨੰਬਰ ਤਾਂ ਸਾਨੂੰ ਸਕਰੀਨ ਤੇ ਕਿਉਂਕਿ ਸਾਹਮਣੇ ਦੇਖਣ ਵਾਲੀ ਚੀਜ਼ ਰੰਗਰੂਪ ਵਗੈਰਾ, ਜਾਂ ਚਾਲ ਢਾਲ ਦੇ ਹੀ ਮਿਲ ਜਾਂਦੇ ਹਨ। 'ਫਿਫਟੀ ਪਰਸੈਂਟ' ਅਸੀਂ ਆਪਣੇ ਅੰਦਰੋਂ ਐਕਟਰ ਦੇ ਤੌਰ ਤੇ ਕੱਢਣੇ ਹਨ। ਇਸ ਕਰਕੇ ਮੇਰੀ ਉਸ ਕਰੈਕਟਰ ਨਾਲ ਸਾਂਝ ਨਹੀਂ ਪੈ ਸਕੀ ਅਤੇ ਇਕ ਐਕਟਰ ਵਜੋਂ ਮੈਂ ਫਲਾਪ ਹੋਇਆ।

? ਤੁਸੀਂ ਕਦੋਂ ਮਹਿਸੂਸ ਕੀਤਾ ਕਿ ਤੁਹਾਨੂੰ ਫਿਲਮਬਾਜ਼ੀ ਵਿਚ ਇਕ ਐਕਟਰ ਦੀ ਥਾਂ ਪ੍ਰੋਡਿਊਸਰ ਅਤੇ ਡਾਇਰੈਕਟਰ ਵਜੋਂ ਕੰਮ ਕਰਨਾ ਚਾਹੀਦਾ ?

— ਇਸੇ ਸਮੇਂ ਜਦੋਂ ਮੈਂ ਇਕ ਐਕਟਰ ਵਜੋਂ ਫੇਲ ਹੋਇਆ, ਹਾਲਾਂਕਿ ਬਾਅਦ ਵਿਚ ਮੈਂ ਦੋ ਫਿਲਮਾਂ ਵਿਚ ਰੋਲ ਕੀਤਾ। 'ਬਲਬੀਰੋ ਭਾਬੀ' ਵਿਚ ਮੇਰਾ ਛੋਟਾ ਜਿਹਾ ਰੋਲ ਸੀ, ਲੋਕਾਂ ਨੇ ਪਸੰਦ ਕੀਤਾ। ਉਸ ਤੋਂ ਬਾਅਦ ਮੈਂ 'ਗੱਭਰੂ ਪੰਜਾਬ ਦਾ' ਵਿਚ ਰੋਲ ਕੀਤਾ ਉਹ ਬਹੁਤ ਹੀ ਪਸੰਦ ਕੀਤਾ ਲੋਕਾਂ ਨੇ। ਇਹ ਹੁਣ ਦੀ ਗੱਲ ਹੈ। ਪਰ ਫੇਰ ਵੀ ਮੈਂ ਇਹ ਮਹਿਸੂਸ ਕੀਤਾ ਕਿ ਜਿਥੋਂ ਤੱਕ ਆਪਣੇ ਮਨ ਦੀ ਗੱਲ ਕਹਿਣ ਦਾ ਸਬੰਧ ਹੈ, ਜਿਵੇਂ ਕਿ ਤੁਸੀਂ ਜਾਣਦੇ ਹੋ ਮੈਂ ਇਕ ਲੇਖਕ ਦੇ ਤੌਰ ਤੇ ਮੈਂ ਕਈ ਕਹਾਣੀਆਂ ਲਿਖ ਚੁਕਾ ਸੀ, ਮਨ ਦੇ ਵਿਚ ਲੋਕਾਂ ਅੱਗੇ ਕੁਝ ਕਰਨ, ਉਨ੍ਹਾਂ ਨੂੰ ਕੁਝ ਕਹਿਣ ਦੀ ਤਾਂਘ ਸੀ, ਉਹ ਇਕ ਡਾਇਰੈਕਟਰ ਹੀ ਬੇਹਤਰ ਢੰਗ ਨਾਲ ਕਹਿ ਸਕਦਾ ਹੈ। ਡਾਇਰੈਕਟਰ ਕੈਪਟਨ ਹੈ ਸ਼ਿਪ ਦਾ। ਐਕਟਰ ਤੇ ਇਕ ਮੁਹਰਾ ਹੈ ਜਿਸ ਤਰ੍ਹਾਂ ਡਾਇਰੈਕਟਰ ਚਾਹੇ, ਉਸਨੇ ਤਾਂ ਉਸ ਤਰ੍ਹਾਂ ਹੀ ਚਲਣਾ ਹੈ। ਜੇ ਤੁਸੀਂ ਲੋਕਾਂ ਨੂੰ ਕੁਝ ਕਹਿਣਾ ਚਾਹੁੰਦੇ ਹੋ, ਉਹ ਇਕ ਡਾਇਰੈਕਟਰ ਦੇ ਤੌਰ ਤੇ ਹੀ ਖੂਬਸੂਰਤ ਢੰਗ ਨਾਲ ਕਹਿ ਸਕਦੇ ਹਾਂ। ਇਸ ਲਈ ਉਥੋਂ ਮੈਂ ਆਪਣੀ ਲਾਈਨ 'ਚੇਂਜ' ਕਰ ਲਈ।

? ਹੁਣ ਤੱਕ ਤੁਸੀਂ ਕਿੰਨੀਆਂ ਫਿਲਮਾਂ ਬਣਾ ਚੁੱਕੇ ਹੋ ?

— ਇਕ ਪ੍ਰੋਡਿਊਸਰ ਦੇ ਤੌਰ ਤੇ ਮੈਂ 'ਮਾਹੀ ਮੁੰਡਾ' ਬਣਾਈ ਸੀ। ਉਸ ਤੋਂ ਬਾਅਦ ਜਿੰਨੀਆਂ ਮੈਂ ਫਿਲਮਾਂ ਕੀਤੀਆਂ ਉਨ੍ਹਾਂ 'ਰਾਈਟਰ' ਡਾਇਰੈਕਟਰ ਮੈਂ ਹੀ ਰਿਹਾ। ਕੋਈ ਪੰਜ ਫਿਲਮਾਂ ਮੇਰੀਆਂ ਰੀਲੀਜ਼ ਹੋ ਚੁਕੀਆਂ ਮਾਹੀ ਮੁੰਡਾ ਤੋਂ ਬਿਨਾਂ। ਪੰਜਵੀਂ ਫਿਲਮ 'ਪਟੋਲਾ' 25 ਮਾਰਚ 1988 ਨੂੰ ਰੀਲੀਜ਼ ਹੋਈ। ਇਹ ਫਿਲਮ ਪੰਜਾਬ ਦੇ ਹਾਲਾਤ ਮਾੜੇ ਹੋਣ ਦੇ ਬਾਵਜੂਦ ਵੀ ਬੜੀ ਸੁਹਣੀ ਚੱਲ ਰਹੀ ਹੈ।



ਜਿਵੇਂ ਕਿ ਮੋਗੇ ਵਰਗੇ ਇਕ ਛੋਟੇ ਜਿਹੇ ਸ਼ਹਿਰ ਵਿਚ ਉਹਦਾ ਤੇਰਵਾਂ ਹਫਤਾ ਲਗ ਜਾਣਾ ਇਹ ਇਕ ਰੀਕਾਰਡ ਹੈ।

? ਤੇ ਇਸ ਫਿਲਮ ਤੋਂ ਬਾਅਦ ਤੁਸੀਂ ਅੱਜ ਕਲ ਕੀ ਕਰ ਰਹੇ ਹੋ। ਕੋਈ ਨਵੀਂ ਫਿਲਮ ਦਾ ਪ੍ਰਾਜੈਕਟ ਹੈ ਜਾਂ ਟੀ. ਵੀ. ਵਗੈਰਾ ਲਈ ਕੋਈ ਪ੍ਰੋਗਰਾਮ ਤਿਆਰ ਕਰ ਰਹੇ ਹੋ। ਸੁਣਿਆ ਅੱਜ ਕਲ੍ਹ ਟੀ. ਵੀ. ਉਤੇ ਕਾਫੀ ਕੁਝ ਹੋ ਰਿਹਾ ਪੰਜਾਬੀ ਵਿਚ ਜਾਂ ਨੇੜ ਭਵਿੱਖ ਵਿਚ ਹੋਣ ਜਾ ਰਿਹਾ ?

— ਸਾਡੇ ਦਿਨ ਬ ਦਿਨ ਟੈਲੀਵਿਯਨ ਪਾਪੂਲਰ ਹੋ ਰਿਹਾ। ਪਹਿਲਾਂ ਉਹ ਹਾਲਤ ਨਹੀਂ ਸੀ ਜੋ ਅੱਜ ਹੈ। ਉਸਨੂੰ ਦੇਖਦਿਆਂ ਹਿੰਦੁਸਤਾਨ ਸਰਕਾਰ ਦਾ ਪ੍ਰਾਜੈਕਟ ਹੈ ਕਿ ਦੇਸ਼ ਨੂੰ ਚਾਰ ਜੋਨਾਂ ਵਿਚ ਵੰਡ ਕੇ ਜਿਹੜੀਆਂ 'ਰੀਜਨਲ' ਲੈਂਗੂਏਜ਼ਜ਼ (ਇਲਾਕਾਈ ਬੋਲੀਆਂ) ਹਨ ਉਨ੍ਹਾਂ ਨੂੰ ਵੀ ਉਭਾਰਿਆ ਜਾਵੇ ਕਿਉਂਕਿ ਪਹਿਲਾਂ ਇਹਨਾਂ ਬੋਲੀਆਂ ਨੂੰ ਉਨਾ ਟਾਇਮ ਨਹੀਂ ਮਿਲਿਆ। ਉਸ ਦੇ ਤਹਿਤ ਮੈਂ ਪੰਜਾਬੀ ਵਿਚ ਪੰਜਾਬੀ ਅਕਾਡਮੀ ਦੀ ਸਪਾਂਸਰਸ਼ਿਪ ਉਤੇ ਪੰਜਾਬੀ ਸ਼ਾਰਟ ਸਟੋਰੀਜ਼ (ਤੇ ਫਿਲਮਾਂ) ਬਣਾਵਾਂਗਾ। ਜਿਹਦੇ ਵਿਚ ਗੁਰਬਖਸ਼, ਨਾਨਕ ਸਿੰਘ ਨਾਵਲਿਸਟ, ਸੁਜਾਨ ਸਿੰਘ, ਕੁਲਵੰਤ ਸਿੰਘ ਵਿਰਕ ਅੱਪ ਟੂ ਨਵਤੇਜ ਸਿੰਘ ਪ੍ਰੀਤਲੜੀ ਅਤੇ ਅਜੀਤ ਕੌਰ ਦੀ ਪੀੜ੍ਹੀ ਤੱਕ ਤੇਰਾਂ ਪਾਇਨੀਰ ਲੇਖਕਾਂ ਦੀਆਂ ਕਹਾਣੀਆਂ ਨੂੰ ਚੁਣਿਆ ਹੈ।

? ਇਹ ਤਾਂ ਪੰਜਾਬੀ ਲਈ ਬਹੁਤ ਸ਼ੁਭ ਗੱਲ ਹੋਵੇਗੀ। ਇਸ ਤੋਂ ਪਹਿਲਾਂ ਕਿ ਮੈਂ 'ਜਨਰਲ' ਪੰਜਾਬੀ ਫਿਲਮਾਂ ਬਾਰੇ ਤੁਹਾਡੇ ਨਾਲ ਗੱਲਬਾਤ ਕਰਾਂ, ਮੈਂ ਇਕ ਸੁਆਲ ਇਹ ਪੁਛਣਾ ਚਾਹੁੰਦਾਂ ਕਿ ਜਦੋਂ ਤੁਸੀਂ ਫਿਲਮ ਬਨਾਉਣ ਬਾਰੇ ਸੋਚਦੇ ਹੋ ਉਸ ਸਮੇਂ ਤੁਸੀਂ ਕਿਹੜੀਆਂ ਗੱਲਾਂ ਦਾ ਧਿਆਨ ਕਰਦੇ ਹੋ ? ਕਿਹੜੇ ਕਿਹੜੇ ਪਹਿਲੂਆਂ ਉਪਰ ਵਿਚਾਰ ਕਰਦੇ ਹੋ ?

— ਇਹ ਕੌੜਾ ਸੱਚ ਹੈ ਕਿ ਅਸੀਂ ਫਿਲਮਾਂ 'ਕਮਰਸ਼ੀਅਲ' ਬਣਾਉਂਦੇ ਹਾਂ। ਇਹ ਇਲਜਾਮ ਹਿੰਦੀ ਫਿਲਮਾਂ ਤੇ ਵੀ ਲਾਇਆ ਜਾਂਦਾ ਅਤੇ ਸਾਡੇ ਪੰਜਾਬੀ ਫਿਲਮਾਂ ਤੇ ਵੀ। ਸਭ ਤੋਂ ਪਹਿਲਾਂ ਤਾਂ ਸਾਨੂੰ ਇਹ ਸੋਚਣਾ ਪੈਂਦਾ ਕਿ ਇਹ ਦਸ ਬਾਰਾਂ ਲੱਖ ਜਿਹੜਾ ਫਿਲਮ ਤੇ ਲਾਉਣਾ ਉਹ 'ਰੀਕਵਰ' (ਪੂਰਾ) ਕਿਵੇਂ ਕਰਨਾ ਹੈ। ਅੱਜ ਕੋਈ ਵੀ ਪੰਜਾਬੀ ਫਿਲਮ 10-12 ਲੱਖ ਤੋਂ ਹੇਠਾਂ ਨਹੀਂ ਬਣਦੀ। ਇਸ ਲਈ ਪਹਿਲਾਂ ਜਦੋਂ ਵੀ ਬੱਜਟ ਬਣਾਇਆ ਜਾਂਦਾ ਤਾਂ ਇਹ ਦੇਖਿਆ ਜਾਂਦਾ ਕਿ ਇਹ ਜਿਹੜਾ ਪੈਸਾ ਲਾ ਰਿਹਾ ਹੈ, ਫਾਈਨੈਂਸਰ ਲਾ ਰਿਹਾ, ਪ੍ਰੋਡਿਊਸਰ ਲਾ ਰਿਹਾ ਜਾਂ ਖੁਦ ਆਪ ਲਾ ਰਹੇ ਹਾਂ ਡਾਇਰੈਕਟਰ ਦੇ ਤੌਰ ਤੇ ਉਹ ਵਾਪਸ ਕਿਵੇਂ ਆਉਣਾ। ਇਸ ਲਈ ਉਹਨੂੰ ਦੇਖਦੇ ਹੋਏ ਪਹਿਲਾਂ ਤਾਂ ਅਸੀਂ ਕਮਰਸ਼ੀਅਲ ਹੀ ਸੋਚਦੇ ਹਾਂ।

? ਬਈ ਫਿਲਮ ਟਿਕਟ ਆਫਿਸ ਉਪਰ ਕਾਮਯਾਬ ਹੋਵੇਗੀ ਜਾਂ ਨਹੀਂ

— ਹਾਂ ਜੀ। ਏਥੇ ਵੀ ਹਰ ਇਕ ਡਾਇਰੈਕਟਰ ਦੀ ਵੱਖ ਵੱਖ ਨਜ਼ਰ ਹੈ। ਰਾਜਕਪੂਰ ਦੀ ਹੋਰ ਢੰਗ ਦੀ ਸੋਚ ਹੈ, ਮਨਮੋਹਨ ਦਿਸਾਈ ਹੈ ਉਹ ਮਾਰ ਧਾੜ ਦੀ ਫਿਲਮ ਲੈ ਕੇ ਸੋਚੇਗਾ ਕਿ ਹਾਂ ਇਸ ਢੰਗ ਦੀ ਫਿਲਮ ਵਿਕੇਗੀ। ਇਸੇ ਤਰ੍ਹਾਂ ਇਹ ਸਮਝ ਲਉ ਕਿ ਹਰ ਡਾਇਰੈਕਟਰ ਦੀ ਆਪਣੀ ਸੋਚ ਹੈ ਕਿ ਉਸਨੂੰ ਕਿਹੜੀ ਚੀਜ਼ ਕਮਰਸ਼ੀਅਲ ਲਗਦੀ ਹੈ। ਕਮਰਸ਼ੀਅਲ ਚੀਜ਼ ਉਹਨੇ ਬਣਾਉਣੀ ਕਿਵੇਂ ਹੈ।

? ਅੱਗੇ ਜਦੋਂ ਵੀ ਕੋਈ ਫਿਲਮ ਦੇਖੀਦੀ ਹੈ ਤਾਂ ਇਕ ਸੁਆਲ ਮਨ ਵਿਚ ਆਉਂਦਾ ਹੈ, ਹਿੰਦੀ ਫਿਲਮਾਂ ਵਾਲੇ ਵੀ ਪੰਜਾਬੀ ਫਿਲਮਾਂ ਵਾਲੇ ਵੀ ਇਕ ਹੀ ਕਹਾਣੀ ਨੂੰ ਵਾਰ ਵਾਰ 'ਰੀਪੀਟ' (ਦੁਹਰਾਈ) ਕਰੀ ਜਾਂਦੇ ਹੈ। ਇਸਦੇ ਕੀ ਕਾਰਨ ਹਨ ?

— ਇਹਦੇ ਕਾਰਨ ਇਹ ਹੈ ਕਿ ਫਿਲਮ ਨੂੰ 'ਰਾਈਟਰ' ਦੀ ਮਾਧਿਅਮ ਹੋਣਾ ਚਾਹੀਦਾ ਹੈ, ਪਰ ਸਾਡੀ ਫਿਲਮ 'ਰਾਈਟਰ' ਦੀ ਮਾਧਿਅਮ ਹਾਲੇ ਤੱਕ ਨਹੀਂ ਬਣੀ ਉਹ ਪ੍ਰੋਡਿਊਸਰ ਔਰ ਫਾਈਨੈਂਸਰ ਔਰ ਡਿਸਟਰੀਵਿਊਟਰ ਦਾ ਮਾਧਿਅਮ ਬਣੀ ਹੋਈ ਹੈ ਜਿਹੜੀ ਨਹੀਂ ਹੋਣੀ ਚਾਹੀਦੀ। ਸਾਡੇ ਕੋਲ ਵਧੀਆ 'ਰਾਈਟਰ' ਨਹੀਂ ਹੈ। ਵਧੀਆ ਫਿਲਮ ਰਾਈਟਰ। ਜੇ ਉਹ ਵਧੀਆ ਫਿਲਮ ਲਿਖਣ ਤਾਂ ਨਵੇਂ ਨਵੇਂ ਆਈਡਿਏ ਵੀ ਆਉਣ। ਬਜਾਏ ਇਸਦੇ ਕਿ ਇਕ ਰਾਈਟਰ ਦੇ ਦਿਮਾਗ ਵਿਚ ਇਕ 'ਆਈਡਿਆ' ਆਵੇ ਤੇ ਉਸਨੂੰ 'ਡੀਵੈਲਪ' ਕਰਨ ਲਈ ਉਹ ਅਗੇ ਸੌ ਡਾਇਰੈਕਟਰਾਂ ਕੋਲ ਜਾਵੇ, ਵੱਖ ਵੱਖ ਪ੍ਰੋਡਿਊਸਰਾਂ ਕੋਲ ਜਾਵੇ। ਜੇ ਉਸ ਤੇ ਫਿਲਮ ਬਣੇ ਤਾਂ 'ਡੈਫੀਨਿਟਲੀ' (Definitely) ਨਵੀਂ ਫਿਲਮ ਹੋਏਗੀ। ਹੁੰਦਾ ਕੀ ਹੈ ਡਾਇਰੈਕਟਰ ਜਿਹੜਾ ਜਾਂ ਇਕ ਪ੍ਰੋਡਿਊਸਰ ਹੈ ਉਸਨੂੰ ਸੁਝਦਾ ਕਿ ਮੈਂ ਇਕ ਫਿਲਮ ਬਣਾਉਣੀ ਹੈ, ਉਸ ਵਿਚ ਮੈਂ ਅਮਿਤਾਬ ਬਚਣ ਨੂੰ ਲੈਣਾ। ਜੇ ਅਮਿਤਾਬ ਬਚਣ ਨੂੰ ਲੈਣਾ ਤਾਂ ਉਸਦੇ ਹਿਸਾਬ ਨਾਲ ਕਹਾਣੀ ਲਿਖ ਲਉ। ਅਮਿਤਾਬ ਬਚਣ ਦਾ 'ਐਂਗਰੀ ਯੰਗਮੈਨ' (Angry youngman) ਦਾ 'ਇਮੇਜ਼' ਹੈ ਤਾਂ ਐਂਗਰੀ ਯੰਗਮੈਨਾਂ ਦੀ ਕਹਾਣੀ ਲਿਖ ਲਉ। ਬਹੁਤੇ ਤਾਂ ਏਨੀ ਵੀ ਖੇਚਲ ਨਹੀਂ ਕਰਦੇ। ਉਹ ਕਹਿੰਦੇ ਆ ਪਾਕਿਸਤਾਨ ਦੀਆਂ ਫਿਲਮਾਂ ਦੇਖ ਲਉ। ਉਧਰ ਪਾਕਿਸਤਾਨੀ ਕਹਿੰਦੇ ਹਨ ਹਿੰਦੁਸਤਾਨ ਦੀਆਂ ਫਿਲਮਾਂ ਦੇਖ ਲਉ। ਉਹ ਉਹਨਾਂ ਦੀ ਨਕਲ ਮਾਰੀ ਜਾਂਦੇ ਹਨ ਉਹ ਉਹਨਾਂ ਦੀ। ਸਾਡੀਆਂ 25 ਪਰਸੈਂਟ ਜਿਹੜੀਆਂ ਫਿਲਮਾਂ ਬਣਦੀਆਂ ਹਨ ਉਹ ਸਾਊਥ ਵਿਚ ਹਿੱਟ ਹੋਈਆਂ ਹਨ, ਏਧਰ ਬਣੀ ਜਾ ਰਹੀਆਂ ਹਨ। ਜ਼ਰੂਰੀ ਨਹੀਂ ਕਿ ਉਹ ਚੱਲਣ ਵੀ। ਜਾਂ ਅਸੀਂ ਅੰਗਰੇਜ਼ੀ ਫਿਲਮਾਂ ਦੀ ਬਹੁਤ ਸੋਹਣੀ ਤਰ੍ਹਾਂ ਨਕਲ ਮਾਰ ਲੈਂਦੇ ਹਾਂ। ਇਸਦੀ ਵਜ੍ਹਾ ਇਹ ਹੀ ਹੈ ਕਿ ਪ੍ਰੋਡਿਊਸਰ ਇਹ ਹੀ ਸੋਚ ਲੈਂਦਾ, ਡਾਇਰੈਕਟਰ ਇਹ ਹੀ ਸੋਚ ਲੈਂਦਾ ਕਿ ਮੈਂ ਇਸ ਤਰ੍ਹਾਂ ਦੀ ਫਿਲਮ ਬਨਾਉਣੀ ਹੈ। ਜਿਵੇਂ ਕਹਿੰਦੇ ਹੁੰਦੇ ਆ ਕਿ ਝੱਗਾ ਪਹਿਲਾਂ ਸਿਉਂਦਾ, ਕਮੀਜ਼ ਪਹਿਲਾਂ ਸਿਉਂਦਾ ਤੇ ਆਦਮੀ ਨੂੰ ਬਾਅਦ ਵਿਚ ਉਹਦੇ ਵਿਚ ਫਿੱਟ ਕਰਦਾ।

? ਤੁਸੀਂ ਕਿਹਾ ਕਿ ਫਿਲਮ ਜਿਹੜੀ ਹੈ ਉਹ ਰਾਈਟਰ ਦਾ ਮੀਡੀਅਮ ਨਹੀਂ ਬਣੀ ਪਰ ਪਹਿਲਾਂ ਤੁਸੀਂ ਕਿਹਾ ਹੈ ਕਿ ਫਿਲਮ ਦਾ ਕੈਪਟਨ ਡਾਇਰੈਕਟਰ ਹੁੰਦਾ ਹੈ ਫਿਲਮ ਡਾਇਰੈਕਟਰ ਦਾ 'ਐਕਸਪ੍ਰੈਸ਼ਨ' (Expression) ਹੁੰਦੀ ਹੈ। ਇਹ ਤਾਂ ਨਹੀਂ ਕਿ ਡਾਇਰੈਕਟਰ ਆਪਣਾ 'ਐਕਸਪ੍ਰੈਸ਼ਨ' ਦੇਣ ਦੀ ਥਾਂ ਟਿਕਟ ਆਫਿਸ ਨੂੰ ਹੀ ਨਜ਼ਰ ਵਿਚ ਰੱਖਦਾ। ਉਦਾਹਰਣ ਲਈ ਜਦੋਂ ਪਹਿਲਾਂ ਜਦੋਂ ਪੰਜਾਬੀ ਦੀ ਫਿਲਮ 'ਨਾਨਕ ਨਾਮ ਜਹਾਜ਼' ਆਈ, ਉਦੋਂ ਇਕੱਠੀਆਂ ਹੀ ਕਿੰਨੀਆਂ ਹੀ ਧਾਰਮਿਕ ਨਾਂ ਦੀਆਂ ਫਿਲਮਾਂ ਪੰਜਾਬੀ ਵਿਚ ਬਣੀਆਂ। ਜਿਵੇਂ 'ਨਾਨਕ ਦੁਖੀਆ ਸਭ ਸੰਸਾਰ', 'ਦੁਖ ਭੰਜਨ ਤੇਰਾ ਨਾਮ', 'ਮਨ ਜੀਤੇ ਜੱਗ ਜੀਤ' ਆਦਿ ਗੁਰਬਾਣੀ ਵਿਚੋਂ ਕੁਝ ਸ਼ਬਦ ਕੱਢਕੇ ਨਾਂ ਰੱਖ ਦਿੱਤੇ ਤੇ ਫਿਲਮਾਂ ਵਿਚ ਉਹੀ ਪੁਰਾਣੀਆਂ ਕਹਾਣੀਆਂ। ਜਿਵੇਂ 'ਮਨ ਜੀਤੇ ਤੇ ਜਗ ਜੀਤ' ਵਿਚ ਦੀ ਡਾਕੂਆਂ ਦੀ ਕਹਾਣੀ ਤੁਸੀਂ ਕਿਸੇ ਹਿੰਦੀ ਫਿਲਮ ਵਿਚ ਪਹਿਲਾਂ ਹੀ ਫਿਲਮਾਈ ਜਾਂ ਚੁਕੀ ਦੇਖ ਸਕਦੇ ਹੋ।

— ਤੁਸੀਂ ਬਿਲਕੁਲ ਠੀਕ ਕਹਿ ਰਹੇ ਹੋ। ਹੁੰਦਾ ਇਹ ਹੈ ਕਿ ਪੈਸਾ 'ਰਿਕਵਰ' (recover) ਕਰਨ ਦਾ ਅਸੀਂ ਸੌਖਾ ਤਰੀਕਾ ਅਪਨਾਉਂਦੇ ਹਾਂ। ਸੌਖਾ ਤਰੀਕਾ ਕੀ ਹੈ, ਉਹ ਕਹਿੰਦੇ ਆ ਕਿ ਆਹ ਫਿਲਮ ਜੀ ਬੜੀ ਹਿੱਟ ਹੋਈ ਹੈ। ਫਿਲਮ ਦੇ ਵਿਚ ਕਾਮਿਡੀ ਸੀ ਇਸ ਕਰਕੇ ਹਿੱਟ ਹੋਈ ਹੈ। ਤਾਂ ਫਿਰ ਕਾਮਿਡੀ ਫਿਲਮਾਂ ਹੀ ਸੋਚੀਆਂ ਜਾਣਗੀਆਂ। ਹੁਣ ਨਾਨਕ ਨਾਮ ਜਹਾਜ਼ ਚੱਲੀ ਹੈ। ਤੁਹਾਨੂੰ ਯਾਦ ਹੋਏਗਾ ਕਿ ਉਨ੍ਹਾਂ ਬੰਦਿਆਂ ਨੇ 'ਨਾਨਕ ਨਾਮ ਜਹਾਜ਼' ਸਿਰਫ ਇਕ 'ਟਰਿਬਿਊਟ' (Tribute) ਪੇਸ਼ ਕਰਨ ਲਈ ਫਿਲਮ ਬਣਾਈ ਸੀ। ਗੁਰੂ ਨਾਨਕ ਦੇਵ ਜੀ ਦੇ ਜਨਮ ਦਿਨ ਤੇ। ਉਸ ਪ੍ਰੋਡਿਊਸਰ ਡਾਇਰੈਕਟਰ ਨੇ ਇਹ ਕਦੇ ਵੀ ਨਹੀਂ ਸੋਚਿਆ ਸੀ ਕਿ ਇਹ ਫਿਲਮ ਉਨ੍ਹਾਂ ਨੂੰ ਕਮਰਸ਼ੀਅਲ ਬਹੁਤ ਪੈਸਾ ਕਮਾ ਕੇ ਦੇਵੇ। ਉਹ 'ਜਸਟ ਲਾਈਕ (Just like) ਇਕ ਡਾਕੂਮੈਂਟਰੀ ਫਿਲਮ ਸੀ। ਉਹਦੇ ਵਿਚ ਸੰਤ ਫਤਹਿ ਸਿੰਘ ਨੂੰ ਯੂਜ਼ ਕਰਨਾ, ਗੁਰਨਾਮ ਸਿੰਘ ਨੂੰ ਦਿਖਾਉਣਾ। ਸੰਤ ਫਤਹਿ ਸਿੰਘ ਦੀ ਅਵਾਜ਼ ਵੀ ਵਰਤਣਾ। ਉਨ੍ਹਾਂ ਨੇ ਇਹ ਫਿਲਮ ਇਕ ਡਾਕੂਮੈਂਟਰੀ ਤਰੀਕੇ ਨਾਲ ਸੋਚੀ ਸੀ। ਪਰ ਹੋਇਆ ਉਲਟ। ਉਹ ਏਨਾ ਚੱਲ ਗਈ ਕਿ ਉਹ ਚੀਜ਼ਾਂ ਫਾਰਮੂਲਾ ਬਣ ਗਈਆਂ। ਲੋਕ ਇਹ ਫਿਲਮ ਟਰਾਲੀਆਂ ਵਿਚ ਚੜ੍ਹਕੇ ਦੇਖਣ ਆਏ। ਉਸਤੋਂ ਬਾਅਦ ਤਿੰਨ ਚਾਰ ਫਿਲਮਾਂ ਹੋਰ ਵੀ ਚੱਲੀਆਂ। ਪਰ ਹੌਲੀ ਹੌਲੀ ਜਦੋਂ ਇਹ ਘਸ ਗਿਆ, ਵਿਚ ਗੱਲ ਕੁਝ ਵੀ ਨਹੀਂ ਸੀ, ਉਹ ਫਾਰਮੂਲਾ ਫੇਲ ਹੋ ਗਿਆ। ਜਾਨੀ ਕਿ ਅੱਡ ਅੱਡ 'ਟਰਿੰਡ' (Trend) 'ਸੈਟ' ਹੁੰਦੇ ਰਹਿੰਦੇ ਹਨ। ਸਾਡੀ ਫਿਲਮ 'ਪੁੱਤ ਜੱਟਾਂ ਦੇ' ਆਈ ਹੈ : ਉਹਦਾ ਵੀ ਇਹ ਹੀ ਹਾਲ ਸੀ। ਉਹ ਕਹਿੰਦੇ ਯਾਰ ਏਦਾਂ ਦੀ ਲਾਉਡ ਫਿਲਮ ਕੌਣ ਦੇਖੇਗਾ। ਉਹਦੇ ਵਿਚ ਵਾਰ ਵਾਰ ਹਰ ਦੂਜੇ ਤੀਜੇ ਪਲ ਜੱਟ ਨੂੰ 'ਭੰਨਾਇਆ' ਜਾ ਰਿਹਾ ਹੈ। ਮੈਂ ਉਹਦੇ ਵਿਚ ਇਹ ਸੋਚ ਸਮਝਕੇ ਕੀਤਾ ਸੀ ਕਿ ਪੰਜਾਬੀ ਫਿਲਮ ਦੀ ਜਿਹੜੀ ਵੱਡੀ 'ਆਡੀਐਂਸ' ਹੈ, ਉਹ ਪੰਜਾਬ ਦੇ ਪੇਂਡੂ ਨੇ ਅਤੇ ਖਾਸ ਕਰ ਜੱਟ ਨੇ। ਤੇ ਉਸ ਫਿਲਮ ਦੇ ਵਿਚ ਮੈਂ ਢੰਗ ਨਾਲ ਹਰ ਡਾਇਲਾਗ ਵਿਚ ਹਰ ਗਾਣੇ ਵਿਚ ਜੱਟ ਨੂੰ ਐਕਸਪਲਾਇਟ (Exploit) ਕੀਤਾ। 'ਐਕਸਪਲਾਇਟੇਸ਼ਨ' ਕੀਤੀ ਜੱਟ ਸ਼ਬਦ ਦੀ। ਉਸਤੋਂ ਬਾਅਦ ਹੁਣ ਤੇਰਾਂ ਚੌਦਾਂ ਫਿਲਮਾਂ ਜਿਹੜੀਆਂ ਉਨਾਂ ਦਾ ਨਾਂ ਪੁੱਤ ਜੱਟਾਂ ਦੇ ਹੀ ਵਰਗਾ। ਜੱਟ ਨਾਲ ਸਬੰਧਤ। 'ਜੱਟ ਦਾ ਗੰਡਾਸਾ' ਆ, 'ਯਾਰੀ ਜੱਟ ਦੀ' ਆ, ਜਿਹੜੀ ਪਿਛੇ ਜਿਹੇ ਹਿੱਟ ਵੀ ਹੋਈ ਹੈ ਔਰ ਦੁਸ਼ਮਣੀ ਜੱਟ ਦੀ 'ਵੈਰੀ ਜੱਟ' ਪਤਾ ਨਹੀਂ ਕਿੰਨੀਆਂ ਕੁ ਜੱਟ ਸ਼ਬਦ ਵਾਲੇ ਨਾਂ ਵਾਲੀਆਂ ਹਨ। ਦੂਜੇ ਲੋਕ ਇਹ ਸਮਝਦੇ ਆ ਕਿ ਫਿਲਮ ਆ ਜਿਹੜਾ ਜਗਜੀਤ ਨੇ ਜੱਟਾਂ ਵਾਲਾ ਨਵਾਂ ਫਾਰਮੂਲਾ ਸੈਟ ਕੀਤਾ, ਇਹਦੇ ਨਾਲ ਹੀ ਚਲੇਗੀ।

? ਤੁਸੀਂ ਕਿਹਾ ਹੈ ਕਿ ਤੁਸੀਂ ਪੰਜਾਬ ਦੀ ਆਡੀਅੰਸ (Audience) ਨੂੰ ਧਿਆਨ ਵਿਚ ਰੱਖਕੇ, 'ਪੁੱਤ ਜੱਟਾਂ ਦੇ' ਵਿਚ ਜੱਟਾਂ ਨਾਲ ਸੰਬੰਧਤ ਇਕ ਫਾਰਮੂਲਾ ਪੇਸ਼ ਕੀਤਾ ਹੈ। ਤੁਸੀਂ ਇਕ ਲੇਖਕ ਰਹੇ ਹੋ, ਜਦੋਂ ਟਿਕਟ ਆਫਿਸ ਨੂੰ ਧਿਆਨ ਵਿਚ ਰੱਖ ਕੇ ਆਰਟਿਸਟ ਆਪਣੇ ਆਪ ਨੂੰ ਮਾਰਦਾ ਹੈ ਤਾਂ ਤੁਸੀਂ ਉਹਦੇ ਬਾਰੇ ਕਿਸ ਤਰ੍ਹਾਂ ਮਹਿਸੂਸ ਕਰਦੇ ਹੋ ?

— ਮੈਂ 'ਮਾਹੀ ਮੁੰਡਾ' ਫਿਲਮ ਬਣਾਈ। ਉਸ ਫਿਲਮ ਨੇ ਟਿਕਟ ਖਿੜਕੀ ਤੇ ਬਹੁਤ ਮਾਰ ਖਾਧੀ। ਉਸ ਫਿਲਮ ਉਤੇ ਸਾਡਾ ਨੌਂ ਲੱਖ ਰੁਪਈਆ ਲੱਗਾ ਸੀ, ਜਿਸ ਵਿਚੋਂ ਸਿਰਫ ਡੇਢ ਲੱਖ ਰੁਪਈਆ ਵਾਪਸ ਆਇਆ। ਏਡੀ ਮਾਰ ਮੈਂ ਇਕੱਲਾ ਤਾਂ ਸਹਿ ਹੀ ਨਹੀਂ ਸਕਦਾ ਸੀ, ਮੇਰੇ ਨਾਲ ਹੋਰ ਪਾਰਟਨਰ ਸੀ ਇਸ ਕਰਕੇ ਬਚ ਗਏ। ਉਹ ਫਿਲਮ ਕਾਫੀ ਸਾਹਿਤਕ ਸੀ, ਉਹਦੇ ਵਿਚ ਇਹ ਫਾਰਮੂਲੇ ਵੀ ਨਹੀਂ ਸਨ।

→

## ਲੌਂਗੋਵਾਲ ਕਤਲ ਕੇਸ ਦੀ ਸੁਣਵਾਈ ਮੁੜ ਸ਼ੁਰੂ

ਲੁਧਿਆਣਾ — ਸ਼ਰੋਮਣੀ ਅਕਾਲੀ ਦਲ ਦੇ ਸਵਰਗੀ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਕਤਲ ਕੇਸ ਦੀ ਸੁਣਵਾਈ ਫਿਰ ਸ਼ੁਰੂ ਹੋ ਗਈ ਜਦ ਸੰਗਰੂਰ ਦੇ ਐਡੀਸ਼ਨਲ ਸੈਸ਼ਨ ਜੱਜ ਸ਼੍ਰੀ ਓ. ਪੀ. ਗੋਇਲ ਦੀ ਅਦਾਲਤ ਵਿਚ ਪੁਲਸ ਦੇ ਚਾਰ ਗਵਾਹਾਂ ਦੇ ਬਿਆਨ ਲਿਖੇ ਗਏ। ਇਸ ਹਤਿਆ ਕੇਸ ਦੀ ਸੁਣਵਾਈ ਸ਼੍ਰੀ ਰਾਮ ਸਰੂਪ ਸ਼ਰਮਾ ਐਡੀਸ਼ਨਲ ਸੈਸ਼ਨ ਜੱਜ ਦੇ ਤਬਾਦਲਾ ਹੋਣ ਦੇ ਕਾਰਨ ਰੁਕ ਗਈ ਸੀ।

**'ਕੈਨੇਡਾ ਦਰਪਣ' ਆਪ ਪੜ੍ਹੋ ਤੇ ਦੂਜਿਆਂ ਨੂੰ ਪੜ੍ਹਨ ਲਈ ਪਰੇਰੋ**




ਜਰਨੈਲ ਸਿੰਘ ਸਰਾਂ

ਮਕਾਨ ਖ਼ੀਦਣ ਜਾਂ ਵੇਚਣ ਲਈ
ਤਜਰਬੇਕਾਰ ਸੇਲਜ਼ਮੈਨ ਦੇ ਤਜਰਬੇ ਦਾ ਲਾਭ ਉਠਾਓ
ਅੱਜ ਹੀ
ਜਰਨੈਲ ਸਿੰਘ ਸਰਾਂ ਨੂੰ ਫ਼ੋਨ ਕਰੋ
ਫ਼ੋਨ : 585-4888
ਘਰ : 590-0413
For Professional Market Evaluation and Consultation
Jarnail S. Saran
Bus: 585-4888 Res: 590-0413
9320 Scott Road (120 St.) Surrey, B.C. V3V 4B8

ਪ੍ਰਿੰਸ ਰੂਪਰਟ ਵਿਚ
ਹਿੰਦੀ, ਪੰਜਾਬੀ, ਪਾਕਿਸਤਾਨੀ ਮੂਵੀਆਂ ਲਈ
ਮੋਨੀਕਾ ਵੀਡੀਓ
ਨੂੰ ਯਾਦ ਰੱਖੋ
ਜਿਥੋਂ ਤੁਹਾਨੂੰ ਨਵੀਆਂ ਫਿਲਮਾਂ ਤੇ ਵਧੀਆ ਪ੍ਰਿੰਟ ਮਿਲਦੇ ਹਨ
ਫ਼ੋਨ ਕਰੋ : ਪਾਲ ਮੋਦਗਿੱਲ
627-1637

ਬੰਬੇ ਸਵੀਟਸ ਮੈਨੂਫੈਕਚਰਰ ਇਨਕ
ਮਠਿਆਈਆਂ ਦੀ ਸਭ ਤੋਂ ਵੱਡੀ ਦੁਕਾਨ!
BOMBAY SWEETS MANUFACTURER INC.
6556 —6560 MAIN (at 49th.Ave.)
VANCOUVER, B.C. V5X 3G9
Tel. (604) 321-1414
Or 874-5722
CONTACT:
NARESH SHUKLA & BROS.
$2.50 / ਪੌਂਡ ਵਾਲੀਆਂ ਜਲੇਬੀਆਂ $1.49
$2.50 / ਪੌਂਡ ਵਾਲੇ ਲੱਡੂ $1.75



Editor: Darshan Kaur Bains
ਨਵਰੰਗ ਵਿਚ ਇਸ਼ਤਿਹਾਰ ਦੇਣ ਵਾਸਤੇ
ਇਸ ਨੰਬਰ ਤੇ ਫੋਨ ਕਰੋ
274-1213
ਪਤਾ:
Navrang Publication Ltd.
P.O.BOX 23524
VANCOUVER AMF
B.C. V7B 1W2
ਨਵਰੰਗ ਦੇ ਮੈਂਬਰ ਬਣੋ
ਚੰਦਾ $20 ਡਾਲਰ
ਇਕ ਸਾਲ ਲਈ

INCOME TAX from $15
ACCOUNTING
ਸਰੀ ਵਿਚ ਆਪਣੀ ਕਮਿਊਨਿਟੀ ਦਾ ਭਰੋਸੇਯੋਗ ਇਨਕਮ ਟੈਕਸ ਦੇ ਫਾਰਮ ਭਰਨ ਵਾਲਾ ਦਫਤਰ। ਮਾਂਗਟ ਹੋਰਾਂ ਦੇ 25 ਸਾਲਾਂ ਦੇ ਤਜਰਬੇ ਦਾ ਵਾਜਬ ਰੇਟ ਤੇ ਲਾਭ ਉਠਾਉ। ਦਫਤਰ ਸਾਰਾ ਸਾਲ ਖੁੱਲ੍ਹਾ ਰਹਿੰਦਾ ਹੈ।
- Income Tax
- Book-Keeping
- Accounting & Incorporation
- Insurance(Life, Sickness, Group, Travel, Visitors)



MANGAT AGENCIES
No. 2-7171 King George HWY
SURREY, B.C.
C.S. Mangat
(Ex. Bank Manager)
594-5711 594-2254
(Authorized Ad)

A.M.C. Carpet Ltd.
Unit 8 - 12950 - 80th Ave. Surrey, B.C.
Carpet-Vinyl-Hardwood
All Popular Brands Supplied & Installed
ਕਿਸੇ ਵੀ ਪ੍ਰਕਾਰ ਦਾ ਕਾਰਪੇਟ ਜਾਂ Lino ਨਵੇਂ ਜਾਂ ਪੁਰਾਣੇ ਘਰ ਵਿਚ ਪਵਾਉਣਾ ਹੋਵੇ, ਸਾਡੀਆਂ ਕੀਮਤਾਂ ਦੂਸਰੇ ਸਟੋਰਾਂ ਨਾਲੋਂ ਘੱਟ ਹਨ, ਪੂਰੇ ਕੰਮ ਦੀ ਗਰੰਟੀ ਹੈ
Free Estimate —
ਨਵੇਂ ਜਾਂ ਪੁਰਾਣੇ ਘਰ ਲਈ ਸਾਨੂੰ ਫੋਨ ਕਰੋ :
Phone for appointment



AMARJIT SINGH CHAHAL

Off. 594-6141
Res. 594-7595
Pager 680-0214


### 'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ
### SUBSCRIPTION FORM

To The Canada Darpan
P.O.BOX 265
Surrey, B.C.
Canada, V3T 4W8
Ph. 581-4473

I am enclosing a ☐ cheque ☐ M.O. ☐ Draft as my Subscription for the year(s)...... I may be sent the newspaper at the following address :

Name..........................................
Address..........................................
City..........................................
Province..........................................
Postal code..........................................
PHONE.

| | |
|---|---|
| One Year .............. | 30 dollars |
| Two Year .............. | 55 dollars |
| Three year .............. | 80 dollars |
| Life membership.......... | 500 dollars |
| ASIA.............. | 150 dollars [a year] |
| U.S.A. .............. | 35 dollars [a year] |
| Europe .............. | 150 dollars [a year] |
| Africa .............. | 150 dollars [a year] |

ਉਹਦਾ ਮਿਊਜ਼ਕ ਬੜਾ ਸਿੱਧਾ ਸੀ । ਪਰ ਜਦੋਂ ਉਹ ਫਿਲਮ ਆਈ ਉਸ ਸਮੇਂ ਪੰਜਾਬੀ ਫਿਲਮਾਂ ਵਿਚ ਜਿਹੜਾ ਫਾਰਮੂਲਾ ਸੈਟ ਸੀ ਉਹ ਸੀ 'ਵਲਗਰ' ਫਿਲਮਾਂ ਦਾ। ਦੂਹਰੇ ਅਰਥਾਂ ਵਾਲੇ ਡਾਇਲਾਗਾਂ ਵਾਲੀਆਂ ਫਿਲਮਾਂ ਦਾ। ਜਿਹਦਾ ਮੁੱਢ ਸੀ ਦਿੱਲੀ ਥੀਏਟਰ ਤੋਂ ਆਇਆ ਹੋਇਆ। ਦਿੱਲੀ ਵਿਚ ਸੱਪਰੂ ਹਾਊਸ ਵਿਚ ਹੁੰਦੇ ਪਲੇਆਂ ਤੇ ਆਧਾਰਿਤ। ਇਸਦਾ ਆਰੰਭ ਹੋਇਆ ਪੰਜਾਬੀ ਫਿਲਮ ਚੜ੍ਹੀ ਜਵਾਨੀ ਬੁੱਢੇ ਨੂੰ, ਇਹ ਦੂਹਰੇ ਅਰਥਾਂ ਵਾਲੀ ਪਹਿਲੀ ਫਿਲਮ ਸੀ। ਉਸ ਤੋਂ ਬਾਅਦ ਤਾਂ 'ਲੈ ਉਹ ਲੰਡੇ ਆਲਿਆ' ਹੋਗੀ। ਜੋ ਕੁਝ ਕੋਈ ਸੋਚਦਾ ਸੀ ਜਿਵੇਂ "ਰਾਂਝਾ ਇਕ ਤੇ ਹੀਰਾਂ ਦੋ' ਵਰਗੇ ਟਾਈਟਲ ਲੈ ਕੇ ਦੂਹਰੇ ਅਰਥਾਂ ਵਾਲੀਆਂ ਫਿਲਮਾਂ ਬਨਣੀਆਂ ਸ਼ੁਰੂ ਹੋ ਗਈਆਂ। ਔਰ ਜਦੋਂ ਮੇਰੀ ਫਿਲਮ ਆਈ ਤੁਹਾਨੂੰ ਇਹ ਜਾਣਕੇ ਹੈਰਾਨੀ ਹੋਏਗੀ ਕਿ ਉਦੋਂ ਦੀ ਕਾਂਗਰਸ ਸਰਕਾਰ ਨੇ ਵੀ ਅਤੇ ਅਕਾਲੀ ਸਰਕਾਰ ਨੇ ਵੀ ਦੋਨਾਂ ਨੇ ਜਿਹੜੀਆਂ ਦੋ ਫਿਲਮਾਂ ਸਭ ਤੋਂ ਵੱਧ ਟੈਕਸ ਮੁਆਫ ਕੀਤਾ, ਉਹ ਸੀ ਇਕ 'ਚੜ੍ਹੀ ਜਵਾਨੀ ਬੁੱਢੇ ਨੂੰ' ਵਲਗਰ ਫਿਲਮ ਇਹ ਕਾਂਗਰਸ ਸਰਕਾਰ ਦੀ ਮਿਹਰਬਾਨੀ ਸੀ ਅਤੇ ਉਸਤੋਂ ਬਾਅਦ ਅਕਾਲੀ ਸਰਕਾਰ ਦੀ ਮਿਹਰਬਾਨੀ ਹੋਈ 'ਰਾਂਝਾ ਇਕ ਤੇ ਹੀਰਾਂ ਦੋ'। ਮੇਰੀ ਫਿਲਮ ਦੇ ਮੁਕਾਬਲੇ 'ਰਾਂਝਾ ਇਕ ਤੇ ਹੀਰਾਂ ਦੋ' ਦਾ 125 ਪਰਸੈਂਟ ਟੈਕਸ ਮੁਆਫ ਕੀਤਾ ਗਿਆ। ਮੇਰੀ ਫਿਲਮ ਉਡੀਕਾਂ, ਇਕ ਬਹੁਤ ਹੀ ਖੂਬਸੂਰਤ ਫਿਲਮ ਸੀ, ਉਸਦਾ ਪੈਂਹਠ ਪਰਸੈਂਟ ਟੈਕਸ ਮੁਆਫ ਕੀਤਾ ਗਿਆ। ਹੁਣ ਇਕ ਪਾਸੇ 'ਵਲਗਰ' ਵੀ ਹੈ, ਉਹਦਾ ਟੈਕਸ ਵੀ ਵੱਧ ਮੁਆਫ ਹੈ ਲੋਕ ਸਾਡੀ ਫਿਲਮ ਕਿਉਂ ਦੇਖਣਗੇ। ਮੈਂ ਆਪਣੀਆਂ ਅੱਖਾਂ ਦੇ ਨਾਲ ਆਪਣਾ ਹਸ਼ਰ ਦੇਖਿਆ ਕਿ ਦੋ ਸਿਨਮਿਆਂ ਵਿਚ ਕਿਸ ਤਰ੍ਹਾਂ ਲੋਕ ਸਾਡੀ ਫਿਲਮ ਦੇਖਣ ਦੀ ਥਾਂ ਦੂਸਰੀ ਫਿਲਮ ਵੱਲ ਭੱਜ ਭੱਜ ਕੇ ਜਾ ਰਹੇ ਹਨ। ਸਾਡੀ ਫਿਲਮ ਉਥੇ ਫੇਲ ਹੋ ਰਹੀ ਹੈ ਦੂਜੀ ਚਲ ਰਹੀ ਹੈ। ਉਸ ਤੋਂ ਬਾਅਦ ਮੈਨੂੰ ਆਪਣੇ ਅੰਦਰ ਦੇ 'ਰਾਈਟਰ' ਨੂੰ ਮਾਰ ਫਾਰਮੂਲੇ ਘੜਨੇ ਪਏ। ਹਾਲਾਂਕਿ ਮੈਂ ਚਾਹੁੰਦਾ ਸੀ ਕਿ ਪੰਜਾਬੀ ਵਿਚ ਹੋਰ ਖੂਬਸੂਰਤ ਫਿਲਮਾਂ ਬਣਾਵਾਂ। ਫੇਰ ਵੀ 'ਪੁੱਤ ਜੱਟਾਂ ਦੇ' ਵਿਚ ਤੁਹਾਨੂੰ ਇਹ ਨਹੀਂ ਲਗੇਗਾ ਕਿ ਮੈਂ ਆਪਣੇ ਆਪ ਵਿਚਲੇ 'ਰਾਈਟਰ' ਨੂੰ ਏਨਾ ਮਾਰਿਆ ਹੋਵੇ। ਇਸ ਫਿਲਮ ਵਿਚ ਮੈਂ ਜਿਥੇ 'ਮਾਹੀ ਮੁੰਡਾ' ਫਿਲਮ ਖਤਮ ਹੁੰਦੀ ਸੀ, ਅਖੀਰਲੀਆਂ ਦੋ ਤਿੰਨ ਰੀਲਾਂ ਵਿਚ ਜਿਥੋਂ ਫਿਲਮ ਉਠਦੀ ਹੈ 'ਐਕਸ਼ਨ' ਤੋਂ। ਮੈਂ ਸੋਚਿਆ ਕਿ ਪੰਜਾਬੀ ਦੇ ਵਿਚ ਐਕਸ਼ਨ ਬਹੁਤ ਪਸੰਦ ਕਰਨਗੇ। ਅਤੇ ਮੈਂ 'ਪੁੱਤ ਜੱਟਾਂ ਦੇ' ਦਾ ਸਟਾਰਟ ਹੀ ਉਥੋਂ ਸ਼ੁਰੂ ਕੀਤਾ ਐਕਸ਼ਨ ਤੋਂ। ਮੇਰਾ ਖਿਆਲ ਹੈ ਕਿ ਪੰਜਾਬੀ ਦੀ ਏਡੀ ਵੱਡੀ ਐਕਸ਼ਨ ਫਿਲਮ ਨਾ ਬਣੀ ਹੈ ਨਾ ਛੇਤੀ ਕੀਤੇ ਬਣੇਗੀ। ਉਹਦੇ ਵਿਚ ਮੈਂ 'ਵਲਗੈਰਟੀ' ਭੰਨਾਉਣ ਦੀ ਜਗ੍ਹਾ 'ਐਕਸ਼ਨ' ਨੂੰ ਭੰਨਾਉਣ ਦੀ ਕੋਸ਼ਿਸ਼ ਕੀਤੀ ਹੈ। ਉਹਦੇ ਵਿਚ ਤੁਹਾਨੂੰ ਕੁਛ ਵੀ 'ਵਲਗਰ' ਨਹੀਂ ਮਿਲੇਗਾ। ਲੋਕਾਂ ਦਾ ਕਹਿਣਾ ਹੈ ਕਿ ਭਾਵੇਂ 'ਚੰਨ ਪ੍ਰਦੇਸੀ' ਅਤੇ 'ਲੌਂਗ ਦਾ ਲਿਸ਼ਕਾਰਾ' ਨੂੰ ਜ਼ਿਆਦਾ ਅਖਬਾਰਾਂ ਨੇ ਚੁਕਿਆ ਹੋਵੇ ਪਰ ਪੁੱਤ ਜੱਟਾਂ ਦੇ ਉਨ੍ਹਾਂ ਨਾਲੋਂ ਜ਼ਿਆਦਾ ਸਭਿਆਚਾਰਕ ਫਿਲਮ ਸੀ। ਜ਼ਿਆਦਾ ਨਿੱਗਰ ਫਿਲਮ ਸੀ। ਉਹਦੇ ਵਿਚ ਸਾਡਾ ਗੁਆਚ ਰਿਹਾ 'ਕਲਚਰ' ਊਠਾਂ ਘੋੜਿਆਂ ਤੇ ਬਰਾਤਾਂ ਜਾਣੀਆਂ, ਸਾਡੀਆਂ ਮਕਾਣਾਂ ਦਾ ਜਾਣਾ, ਇਸ ਤਰ੍ਹਾਂ ਸੈਂਕੜੇ ਚੀਜ਼ਾਂ ਸੀ ਜਿਵੇਂ ਸਿਠਣੀਆਂ, ਭਾਬੀ ਦਾ ਦਿਉਰ ਦੇ ਜੰਝ ਚੜ੍ਹਨ ਲੱਗਿਆਂ ਸੁਰਮਾ ਪਾਉਣਾ ਆਦਿ। ਇਹ ਚੀਜ਼ਾਂ ਫਾਰਮੂਲਿਆਂ ਕਰਕੇ ਜ਼ਿਆਦਾ ਨਹੀਂ ਉਭਰ ਸਕੀਆਂ। ਜਦੋਂ ਕਿ ਉਨ੍ਹਾਂ ਦੋਨਾਂ ਫਿਲਮਾਂ ਦੇ ਮੁਕਾਬਲੇ ਇਸ ਵਿਚ ਜ਼ਿਆਦਾ ਸਨ।

? ਤੁਸੀਂ ਕਲਚਰ ਸਾਂਭਣ ਬਾਰੇ ਗੱਲ ਕੀਤੀ ਹੈ। ਇਹ ਬਹੁਤ ਵਧੀਆ ਗੱਲ ਹੈ। ਸਾਨੂੰ ਆਪਣਾ ਪੁਰਾਣਾ ਕਲਚਰ ਸਾਂਭਣਾ ਚਾਹੀਦਾ ਹੈ। ਪਰ ਨਾਲ ਦੀ ਨਾਲ ਜੋ ਕੁਝ ਅਜ ਹੋ ਰਿਹਾ ਹੈ ਉਸਦੀ ਵੀ ਗੱਲ ਹੋਣੀ ਚਾਹੀਦੀ ਹੈ। ਜਿਵੇਂ ਕਿ ਪੰਜਾਬੀ ਫਿਲਮਾਂ ਵਿਚ ਅੱਜ ਕਲ੍ਹ ਜੋ 'ਵਿਲਨ' (ਖਲਨਾਇਕ) ਪੇਸ਼ ਕੀਤੇ ਜਾਂਦੇ ਹਨ ਉਹ ਹੁੰਦੇ ਹਨ ਜਾਗੀਰਦਾਰ ਜਾਂ ਡਾਕੂ, ਬਦਮਾਸ਼। ਜਦੋਂ ਕਿ ਸੰਨ 1947 ਤੋਂ ਬਾਅਦ, ਦੇਸ਼ ਦੀ ਵੰਡ ਤੋਂ ਬਾਅਦ ਅੱਜ ਪੰਜਾਬ ਦੇ ਵਿਚ ਹਿੰਦੁਸਤਾਨ ਦੇ ਵਿਚ, ਜਿਹੜੇ ਅਸਲੀ 'ਵਿਲਨ' (ਖਲਨਾਇਕ) ਹਨ, ਉਹ ਹਨ ਐਮ. ਐਲ. ਏ., ਉਹ ਹਨ ਮਨਿਸਟਰ, ਉਹ ਹੈ ਪੁਲੀਸ, ਉਨ੍ਹਾਂ ਨੂੰ ਫਿਲਮਾਂ ਵਿਚ 'ਵਿਲਨ' (ਖਲਨਾਇਕ) ਕਿਉਂ ਨਹੀਂ ਦਿਖਾਇਆ ਜਾਂਦਾ। ਜਦਕਿ ਉਨ੍ਹਾਂ ਨੂੰ ਬੜੇ ਵਧੀਆ ਪੇਸ਼ ਕੀਤਾ ਜਾਂਦਾ। ਜਿਵੇਂ ਕਿ ਹੁਣ 'ਪੁੱਤ ਜੱਟਾਂ ਦੇ' ਵਿਚ ਪੋਲੀਸ ਇਨਵੈਸਟੀਗੇਟ ਕਰਦੀ ਹੈ। ਜਦਕਿ ਪੋਲੀਸ ਬਾਰੇ ਆਮ ਪੰਜਾਬੀ ਪੇਂਡੂ ਦੇ ਦਿਮਾਗ ਵਿਚ ਇਹ ਗੱਲ ਹੈ ਕਿ ਪੋਲੀਸ ਵਾਲੇ ਲੋਕਾਂ ਨੂੰ ਕਹਿੰਦੇ ਹਨ ਕਿ 'ਸਾਨੂੰ ਕਿਹੜਾ ਕੋਈ ਵਿਆਹ ਜਾਂ ਮੰਗਣੇ ਤੇ ਸੱਦਦਾ। ਸਾਨੂੰ ਤਾਂ ਲੋਕੀ ਕਤਲ ਹੋਏ ਤੇ ਹੀ ਸੱਦਦੇ ਹਨ' ਇਸ ਲਈ ਉਹ ਅਜਿਹੇ ਸਮੇਂ ਲੋਕਾਂ ਦੀ ਛਿੱਲ ਲਾਹੁੰਦੇ ਹਨ।

— ਇਹ ਤੁਹਾਡਾ ਬਹੁਤ ਵਧੀਆ ਸੁਆਲ ਹੈ ਕਿ ਅਸੀਂ ਇਹ ਚੀਜ਼ਾਂ ਕਿਉਂ ਨਹੀਂ ਦਿਖਾਉਂਦੇ। ਅਸੀਂ ਦਿਖਾਉਣਾ ਚਾਹੁੰਦੇ ਹਾਂ ਪਰ ਅਸੀਂ ਦਿਖਾ ਨਹੀਂ ਸਕਦੇ। ਸਾਡਾ ਸੈਂਸਰ ਇਸ ਪਾਸੇ ਬਹੁਤ ਹੀ 'ਸਟਰਾਂਗ' (Strong) ਹੈ। ਪੋਲੀਸ ਬਾਰੇ ਤਾਂ ਅਸੀਂ ਦਿਖਾ ਹੀ ਨਹੀਂ ਸਕਦੇ। ਜੇ ਫਿਲਮ 'ਟੋਟਲ' (Total) ਪੋਲੀਸ ਦੇ ਖਿਲਾਫ ਹੈ ਤਾਂ ਉਹ ਪਾਸ ਨਹੀਂ ਹੋ ਸਕਦੀ ਕਿਉਂਕਿ ਪੋਲੀਸ ਦਾ ਜਿਹੜਾ ਕੋਈ ਵੱਡਾ ਆਫੀਸਰ ਹੋਏਗਾ, ਉਹਤੋਂ ਵੀ ਪਾਸ ਕਰਾਉਣੀ ਪੈਂਦੀ ਹੈ। ਬਈ ਹਾਂ ਇਹ ਠੀਕ ਹੈ। ਜੇ ਕਿਤੇ ਵੀ ਦਿੱਤਾ ਵੀ ਹੈ ਹਾਲਾਂਕਿ ਹਿੰਦੀ ਵਿਚ ਇਹ ਰੁਝਾਨ ਆਇਆ। ਪਿਛੇ ਜਿਹੇ ਕੇਰਲਾ ਵਿਚ ਮੈਨੂੰ ਜਾਣ ਦਾ ਮੌਕਾ ਮਿਲਿਆ, ਉਥੋਂ ਦਾ ਸੈਂਸਰ ਇਨਾਂ ਚੀਜ਼ਾਂ ਦੀ ਛੋਟ ਦਿੰਦਾ। ਜਿਹੜੀਆਂ ਫਿਲਮਾਂ ਸਾਊਥ ਵਿਚ ਪਾਸ ਹੋਈਆਂ, ਉਨ੍ਹਾਂ ਵਿਚ ਤੁਹਾਨੂੰ ਮਿਲੇਗਾ ਕਿ ਜਿਹੜੀ ਪੋਲੀਸ ਦੀ ਜ਼ਿਆਦਤੀ ਵੀ ਹੈ, ਉਸਨੂੰ ਵੀ ਉਨ੍ਹਾਂ ਨੇ ਪਾਸ ਕੀਤਾ ਹੈ, ਪਰ ਬੰਬੇ ਦਾ ਸੈਂਸਰ ਨਹੀਂ ਪਾਸ ਕਰਦਾ ਇਹ ਸਾਡੀਆਂ ਪ੍ਰਾਬਲਮਾਂ ਨੇ। ਜੇ ਤੁਸੀਂ ਕਿਤੇ ਦਿਖਾਇਆ ਵੀ ਹੈ ਤਾਂ ਉਹ ਵੀ ਬੜੇ ਲੁਕਵੇਂ ਤਰੀਕੇ ਨਾਲ। ਜੇ ਦਿਖਾਉਣਗੇ ਵੀ ਕੋਈ ਐਮ. ਐਲ. ਏ. ਜਾਂ ਵਜ਼ੀਰ ਤਾਂ ਉਹ ਬੜੀ ਚਲਾਕੀ ਨਾਲ ਦਿਖਾਉਣਗੇ ਕਿ ਉਹ ਰਾਜ ਕਰ ਰਹੀ ਪਾਰਟੀ ਦਾ ਐਮ. ਐਲ. ਏ. ਨਹੀਂ ਸਗੋਂ ਵਿਰੋਧੀ ਪਾਰਟੀ ਦਾ ਐਮ ਐਲ ਏ ਹੈ ਜਾਂ ਐਮ ਪੀ ਜਾਂ ਵਜ਼ੀਰ ਸੀ।

? ਹੁਣ ਇਕ ਸੁਆਲ ਮੈਂ ਤੁਹਾਨੂੰ ਪੰਜਾਬੀ ਫਿਲਮਾਂ ਵਿਚ ਦਿੱਤੀ ਜਾਂਦੀ 'ਕਾਮਿਡੀ' ਬਾਰੇ ਪੁੱਛਣਾ ਚਾਹਾਂਗਾ। ਪੰਜਾਬ ਦਾ ਜੀਵਨ ਬੜਾ ਖੁਲ੍ਹਾ ਡੁੱਲਾ ਤੇ ਹਾਸੇ ਮਖੌਲ ਵਾਲਾ ਜੀਵਨ ਹੈ। ਪੰਜਾਬੀ ਸਭਿਆਚਾਰ ਵਿਚ ਕਾਮਿਡੀ ਦੀ ਰਵਾਇਤ ਬਹੁਤ ਨਿੱਗਰ ਹੈ। ਪਰ ਜਦੋਂ ਪੰਜਾਬੀ ਫਿਲਮਾਂ ਵਿਚ 'ਕਾਮਿਡੀ' ਦਿਖਾਈ ਜਾਂਦੀ ਹੈ, ਉਹ ਇਕ ਚੁਟਕਲੇਬਾਜੀ ਤੋਂ ਅੱਗੇ ਨਹੀਂ ਵਧੀ ?

— ਤੁਹਾਡਾ ਇਹ ਸੁਆਲ ਵੀ ਬਹੁਤ ਸੋਹਣਾ। ਸੰਤਾਲੀ ਤੋਂ ਬਾਅਦ ਜਿਹੜੀ ਪੰਜਾਬੀ ਦੀ ਫਿਲਮ ਬਣੀ ਹੈ, ਉਹ ਜ਼ਿਆਦਾ ਰਹੀ ਹੈ ਉਹਨਾਂ (ਹੱਥਾਂ) ਵਿਚ ਜਿਹੜੇ ਪਾਕਿਸਤਾਨ ਤੋਂ ਪੰਜਾਬੀ ਆਏ ਸੀ। ਜਿਹੜੇ ਲਾਹੌਰ ਤੋਂ ਸਿੱਧੇ ਬੰਬੇ ਸ਼ਿਫਟ ਹੋ ਗਏ ਸੀ। 'ਭਾਖੜੀ ਬ੍ਰਦਰਜ਼' ਵਗੈਰਾ। ਉਨ੍ਹਾਂ ਲੋਕਾਂ ਨੂੰ ਜੋ ਕੁਝ ਏਧਰ ਹੋ ਰਿਹਾ ਸੀ, ਏਧਰਲੇ ਸਭਿਆਚਾਰ ਦਾ ਕੋਈ ਪਤਾ ਨਹੀਂ ਸੀ। ਏਥੋਂ ਤੱਕ 60 ਸੰਨ ਤੱਕ, 62 ਤੱਕ ਏਥੋਂ ਤਕ ਕਿ ਸੰਨ ਪੈਂਹਠ ਤੱਕ ਪੰਜਾਬੀ ਫਿਲਮਾਂ ਵਿਚ ਔਰਤਾਂ ਲੁੰਗੀਆਂ ਬੰਨੀ ਤੁਰੀਆਂ ਫਿਰਦੀਆਂ ਸਨ, ਜਦੋਂ ਕਿ ਸਾਡੇ ਸਲਵਾਰ ਕਮੀਜ਼ ਪਾਈ ਜਾਂਦੀ ਸੀ। ਉਹ ਭਾਈਆ ਕਹਿੰਦੇ ਸੀ ਜਦੋਂ ਭਾਈਆ ਸਾਡੇ ਸ਼ਬਦ ਨਹੀਂ ਹੈ ਸਾਡੇ ਬਾਈ ਹੈ, ਸਾਡੇ ਭਾਊ ਹੈ। ਉਹ ਸ਼ਬਦ ਸਾਰੇ ਪਾਕਿਸਤਾਨ ਤੋਂ ਉਵੇਂ ਚੱਲੀ ਆ ਰਹੇ ਸੀ। ਉਵੇਂ ਲੋਕ ਦੇਖੀ ਜਾ ਰਹੇ ਸੀ ਕਿ ਚਲੋ ਪੰਜਾਬੀ ਫਿਲਮ ਜਿੰਨੀ ਕੁ ਆਉਂਦੀ ਹੈ ਉਨੀ ਕੁ ਦੇਖ ਲਿਆ ਕਰੋ। ਇਹ ਜਦੋਂ ਸੰਨ 1970 ਤੋਂ ਬਾਅਦ ਜਿਹੜੇ ਫਿਲਮਮੇਕਰ ਆਏ ਹਨ ਜਿਹਦੇ ਵਿਚ 'ਚੰਨ ਪ੍ਰਦੇਸੀ' ਦੇ ਮੇਕਰ ਆਏ, 'ਲੌਂਗ ਦਾ ਲਿਸ਼ਕਾਰਾ' ਦਾ ਹਰਪਾਲ ਟਿਵਾਣਾ ਆਇਆ, ਮੈਂ ਗਿਆ, ਵਰਿੰਦਰ ਗਿਆ, ਇਹ ਚਾਰ ਜਿਹੜੇ ਫਿਲਮਮੇਕਰ ਆ, ਇਨ੍ਹਾਂ ਦੇ ਵਿਚ ਇਹ ਚੀਜ਼ਾਂ ਨਹੀਂ ਮਿਲਣਗੀਆਂ। ਸਾਡੀਆਂ ਜਿਹੜੀਆਂ ਫਿਲਮਾਂ ਆਈਆਂ, ਉਨ੍ਹਾਂ ਵਿਚ ਬਹੁਤ 'ਸਟਾਇਲ' ਦਾ ਫਰਕ ਪਿਆ। ਕਾਮੇਡੀ ਦਾਂ ਫਰਕ ਪਿਆ। ਹਾਲਾਂਕਿ ਮੈਂ ਕਾਮਿਡੀ ਨਹੀਂ ਲਿਖ ਸਕਦਾ। ਹੋ ਸਕਦਾ ਹੈ ਕਿ ਮੇਰੀ ਫਿਲਮ ਵਿਚ ਤੁਹਾਨੂੰ ਉਹੋ ਜਿਹੀ ਵਧੀਆ ਕਾਮਿਡੀ ਨਾ ਮਿਲੇ। ਪਰ ਬਾਬੂ ਸਿੰਘ ਮਾਨ ਸਾਡਾ ਦੋਸਤ ਹੈ ਉਹਦੀ ਫਿਲਮ 'ਰਾਣੋ' ਆਈ ਉਹਦੀ 'ਸੈਦਾ ਜੋਗਨ' ਆਈ ਤੀਜੀ ਆਹ ਮੇਰੀ 'ਪਟੋਲਾ' ਜਿਹੜੀ ਅਸੀਂ ਇਕੱਠਿਆਂ ਬਣਾਈ, ਮੈਂ ਡਾਇਰੈਕਟਰ ਹਾਂ, ਉਹਨੇ ਲਿਖੀ ਹੈ। ਇਨ੍ਹਾਂ ਵਿਚ ਕਾਮਿਡੀ ਬਹੁਤ ਧੜਾਕੇ ਨਾਲ ਪੇਸ਼ ਹੋਵੇਗੀ, ਦੂਜਿਆਂ ਦੀ ਨਿਸਬਤ। ਅੱਛਾ ਬਾਕੀ ਜਿਹੜੀਆਂ 'ਭਾਖੜੀ ਬ੍ਰਦਰਜ਼' ਜਾਂ ਹੋਰਨਾਂ ਦੀਆਂ ਫਿਲਮਾਂ ਆਈਆਂ ਉਨ੍ਹਾਂ ਨੇ ਇਕ ਫਾਰਮੂਲਾ ਬਣਾਇਆ ਕਿ ਪਾਕਿਸਤਾਨ ਦੀ ਕੋਈ ਕਾਮਿਡੀ ਫਿਲਮ ਦੇ ਆਧਾਰ ਤੇ ਫਿਲਮ ਬਣਾਉ ਉਹ ਹਿੱਟ ਹੋ ਜਾਂਦੀ ਹੈ। ਪਾਕਿਸਤਾਨ ਦੀ ਇਕ ਕਾਮਿਡੀ ਫਿਲਮ ਹੈ 'ਸਹੁਰਾ ਤੇ ਜਵਾਈ' ਉਨ੍ਹਾਂ ਨੇ ਉਹਨੂੰ 'ਐਜ਼ ਇਟ ਇਜ਼' ਬਣਾ ਦਿੱਤਾ ਇਹਨਾਂ ਨੇ 'ਜੀਜਾ ਸਾਲੀ'। ਜੀਜਾ ਸਾਲੀ ਵੀ ਹਿੱਟ ਹੋ ਗਈ। ਉਸਤੋਂ ਬਾਅਦ ਦੋ ਤਿੰਨ ਫਿਲਮਾਂ ਫੇਲ ਵੀ ਹੋਈਆਂ, ਜਿਹੜੀਆਂ ਪਾਕਿਸਤਾਨੀ ਫਿਲਮਾਂ ਉਤੇ ਹੀ ਬਣੀਆਂ ਪਰ ਨਹੀਂ ਚੱਲੀਆਂ। ਅਤੇ ਅਜੇ ਬਣ ਵੀ ਰਹੀਆਂ।

? ਤੁਸੀਂ ਪੰਜਾਬੀ ਸਾਹਿਤ ਨਾਲ ਸੰਬੰਧਤ ਰਹੇ ਹੋ। ਪਹਿਲਾਂ ਪਹਿਲ ਤੁਸੀਂ ਵਧੀਆ ਕਹਾਣੀਆਂ ਲਿਖੀਆਂ। ਪੰਜਾਬੀ ਸਾਹਿਤ ਅਤੇ ਉਸ ਵਿਚ ਪੇਸ਼ ਕੀਤੇ ਖਿਆਲਾਂ ਉਪਰ ਆਧਾਰਿਤ ਫਿਲਮਾਂ ਕਿਉਂ ਨਹੀਂ ਬਣਦੀਆਂ ? ਕੀ ਉਹਦੇ ਕਾਰਨ ਹਨ ?

— ਜੇ ਤੁਸੀਂ ਦੁਨੀਆਂ ਦਾ ਫਿਲਮ ਇਤਿਹਾਸ ਦੇਖੋ ਤਾਂ ਤੁਹਾਨੂੰ ਇਸਦਾ ਬੜਾ ਵਧੀਆ ਜੁਆਬ ਮਿਲੇਗਾ। ਕੋਈ ਅਜਿਹੀ ਫਿਲਮ ਨਹੀਂ ਸ਼ਾਇਦ ਇਕ ਅੱਧ ਹੋਵੇ, ਜਿਹੜੀ ਫਿਲਮ ਵੀ ਵਧੀਆ ਹੋਵੇ ਅਤੇ ਲਿਟਰੇਚਰ ਦਾ ਵੀ ਇਕ ਵਧੀਆ ਪੀਸ ਹੋਵੇ। ਏਥੋਂ ਤੱਕ 'ਵਾਰ ਐਂਡ ਪੀਸ' ਵਰਗੇ ਨਾਵਲ ਤੇ ਵੀ ਕੋਈ ਵਧੀਆ ਫਿਲਮ ਨਹੀਂ ਬਣ ਸਕੀ। ਤਿਕਨਜ਼ ਦੇ ਨਾਵਲ ਤੇ ਫਿਲਮਾਂ ਬਣੀਆਂ। 'ਟੈਸ' ਬਣੀ। ਪਰ ਜੋ 'ਟੈਸ' ਨਾਵਲ ਸੀ ਉਹ ਫਿਲਮ ਨਹੀਂ ਬਣ ਸਕੀ। ਇਵੇਂ ਪ੍ਰੇਮਚੰਦ ਦੇ ਨਾਵਲਾਂ ਤੇ ਫਿਲਮਾਂ ਬਣੀਆਂ, ਉਹ ਨਹੀਂ ਕਾਮਯਾਬ ਹੋਈਆਂ। ਇਹ ਇਕ ਵੱਖਰਾ 'ਮੀਡੀਆ' ਹੈ। ਤੁਹਾਨੂੰ ਕਿਤੇ ਵੀ ਅਜੇਹੀ ਉਦਾਹਰਣ ਨਹੀਂ ਮਿਲੇਗੀ ਜਿਹੜੀ ਵਧੀਆ ਨਾਵਲ ਤੇ ਵਧੀਆ ਫਿਲਮ ਬਣੀ ਹੋਵੇ। ਫਿਲਮ ਮੀਡੀਆ ਹੀ ਵੱਖਰਾ ਹੈ ਜਿਵੇਂ ਕਹਾਣੀ ਅਤੇ ਨਾਵਲ ਵਿਚ ਇਕ ਬੇਸਿਕ ਫਰਕ ਹੈ, ਕਵਿਤਾ ਅਤੇ ਨਾਟਕ ਵਿਚ ਇਕ ਬੇਸਿਕ ਫਰਕ ਹੈ, ਉਵੇਂ ਜਿਹੜੀ ਫਿਲਮ ਰਾਈਟਿੰਗ ਹੈ ਉਸਦਾ ਇਕ ਬੇਸਿਕ ਫਰਕ ਹੈ, ਉਸਦੀ ਇਕ ਵੱਖਰੀ ਬਣਤਰ ਹੈ। ਉਹ ਅਜੇ ਕਿਸੇ ਹੱਦ ਤੱਕ ਡਰਾਮੇ ਦੇ ਨੇੜੇ ਤਾਂ ਹੋਏਗੀ ਪਰ ਨਾਵਲ ਕਹਾਣ ਦੇ ਬਿਲਕੁਲ ਨਹੀਂ। ਜਿਵੇਂ ਵਧੀਆ ਫਿਲਮਾਂ ਕਿਰਤਾਂ ਹਨ, ਜਿਵੇਂ 'ਲਾਰੈਂਸ ਆਫ ਅਰੇਬੀਆ' ਚਾਹੇ ਹਿੰਦੀ ਦੀ ਅਕੁੰਰ ਹੋਵੇ, ਅੰਕਸ਼ ਹੋਵੇ ਏਸ ਤਰ੍ਹਾਂ ਜਿਹੜੀਆਂ ਹੋਰ ਹਿੰਦੀ ਵਿਚ ਵਧੀਆ ਫਿਲਮਾਂ ਆਈਆਂ ਜਿਨ੍ਹਾਂ ਨੂੰ ਅਸੀਂ 'ਆਰਟ' ਮੂਵੀਜ਼ ਕਹਿੰਦੇ ਹਾਂ, ਉਹਨਾਂ ਵਿਚੋਂ ਕੋਈ ਵੀ ਕਿਸੇ ਸਾਹਿਤਕ ਪੀਸ ਤੇ ਨਹੀਂ ਬਣੀ ਬਲਕਿ ਉਹ ਖੁਦ ਵਧੀਆ ਕਹਾਣੀ ਫਿਲਮ ਨੂੰ ਵੱਖਰਾ ਮੀਡੀਆ ਮੰਨ ਕੇ ਲਿਖੀ ਗਈ ਜਿਹੜੀ ਸਾਹਿਤਕ ਵੀ ਲਗਦੀ ਹੈ।

? ਚਲੋ ਜੇ ਮੈਂ ਆਪਣੇ ਸੁਆਲ ਨੂੰ ਇਸ ਤਰ੍ਹਾਂ ਪੇਸ਼ ਕਰਾਂ ਕਿ ਪੰਜਾਬ ਦੀ, ਜਿੰਦਗੀ ਜਿਸ ਪੱਧਰ ਤੇ ਪੰਜਾਬੀ ਸਾਹਿਤ ਵਿਚ ਪੇਸ਼ ਹੁੰਦੀ ਹੈ, ਉਸ ਪੱਧਰ ਤੇ ਉਹ ਪੰਜਾਬੀ ਫਿਲਮਾਂ ਵਿਚ ਨਹੀਂ ਪੇਸ਼ ਹੁੰਦੀ ?

— ਉਹ ਗੱਲ ਉਥੇ ਹੀ ਆ ਜਾਂਦੀ ਹੈ ਸੌ ਹੱਥ ਰੱਸਾ ਤੇ ਸਿਰੇ ਤੇ ਗੰਢ ਕਿ ਸਾਡੇ ਸੋਰਸਜ਼ (Sources) ਕਿੰਨੇ ਹਨ ? ਅਸੀਂ ਜਿਹੜਾ ਅੱਗੋਂ ਕਿੰਨਾ ਕਮਾਉਣਾ ਉਹ


ਏ. ਡੀ. ਬਾਰੀਆ ਐਲ. ਐਲ. ਬੀ.
ਵਕੀਲ
ਜੋ ਤੁਹਾਡੇ ਨਾਲ ਪੰਜਾਬੀ ਵਿਚ ਗੱਲਬਾਤ ਕਰ ਸਕਦੇ ਹਨ
- ਪਰਸਨਲ ਸੱਟਾਂ
- ਫੈਮਿਲੀ ਮਾਮਲੇ ਤੇ ਡਾਈਵੋਰਸ
- ਰੀਅਲ ਇਸਟੇਟ ਦੇ ਮਾਮਲੇ

ਹੋਰ ਕਿਸੇ ਵੀ ਕਾਨੂੰਨੀ ਸਲਾਹ ਲਈ ਮਿਲੋ — ਮਸ਼ਵਰਾ ਮੁਫ਼ਤ ਦੇਣਗੇ
Arsad Dara Baria LL.B.
Lawyer
Ste. 209-6330 Fraser St., Vancouver, B.C.
Ph. 321-8300



LM KLM KLM KLM KLM KLM KLM KLM KL
■ ਸਪੈਸ਼ਲ ■ ■ ਸਪੈਸ਼ਲ ■ ■ ਸਪੈਸ਼ਲ ■
GABA TRAVELS (1982) LTD.
(6612 MAIN ST., VANCOUVER, B.C. V5X 3H2
ਤੁਹਾਡੀ ਸਹੂਲਤ ਵਾਸਤੇ ਹੁਣ ਮੋਗੇ ਵੀ ਦਫਤਰ ਖੋਲ੍ਹ ਦਿੱਤਾ ਹੈ।
Tel. (604) 324-3336
ਗੁਰੂ ਨਾਨਕ ਟਰੈਵਲ
ਨਿਊ ਸੋਢੀ ਨਗਰ, ਮੋਗਾ,
ਫੋਨ 2161, 35 32



AUTHORIZED AGENTS FOR AIR INDIA
AND NOW WE ARE AUTHORISED
K.L.M.
(ROYAL DUTCH AIRLINES)
TOLL FREE NO.
B. C. & ALBERTA
1—800 663 6696
SPECIAL FARE TO: Delhi, Karachi, Colombo, Singapore, London, Amsterdam
ਦਿੱਲੀ, ਕਰਾਚੀ, ਕੋਲੰਬੋ, ਸਿਂਘਾਪੁਰ, ਲੰਡਨ ਤੇ Amsterdam ਲਈ ਸਪੈਸ਼ਲ ਕਿਰਾਏ
ASSOCIATED OFFICES IN INDIA:
GABA TRAVELS (Opposit Friends Theatre) JALLANDHAR CITY TEL. 74597
GABA TRAVELS V.P.O. NURMAHAL JALLANDHAR TEL. 49
GABA TRAVELS NEW DELHI
LM KLM KLM KLM KLM KLM KLM KLM KLM

ਕਿੰਨਾ ਹੈ ? ਅਸੀਂ ਪਿਛੇ ਜਿਹੇ ਕੁਝ ਸਾਹਿਤਕਾਰਾਂ ਨੇ ਰਲਕੇ ਡਰਾਮਾ ਆਰਟਿਸਟਾਂ ਨੇ ਰਲਕੇ, ਇਹਦੇ ਵਿਚ ਗੁਰਸ਼ਰਨ ਭਾਜੀ ਵੀ ਸੀ ਸਾਡੇ ਨਾਲ ਸਹਾਇਤਾ ਦੇਣ ਵਾਲੇ ਅਜਮੇਰ ਔਲਖ, ਸਾਡੇ ਫਿਲਮ ਦੇ ਆਰਟਿਸਟ ਉਮਪੁਰੀ ਵਗੈਰਾ, ਇਨ੍ਹਾਂ ਨਾਲ ਰਲਕੇ ਅਸੀਂ ਸਾਰਿਆਂ ਨੇ ਸੋਚਿਆ ਕਿ ਇਕ ਅਜਿਹੀ ਫਿਲਮ ਬਣਾਈਏ ਜਿਹਦੇ ਵਿਚ 'ਨੋ ਪਰਾਫਿਟ ਨੋ ਲਾਸ' ਹੀ ਰਹਿ ਜਾਏ ਬੇਸ਼ਕ। ਅਸੀਂ ਆਪ ਕੰਮ ਕਰਾਂਗੇ ਨਾਲ ਦਸ ਦਸ, ਪੰਦਰਾਂ ਪੰਦਰਾਂ ਹਜ਼ਾਰ ਰੁਪਈਆ ਪਾਵਾਂਗੇ। ਅਸੀਂ ਬਿਗਾਨੇ ਬੋਹੜ ਦੀ ਛਾਂ ਫਿਲਮ ਲਿਖੀ। ਪੰਜਾਬ ਦੀ ਇਕ ਦਮ ਹਾਲਾਤ ਖਰਾਬ ਹੋਣ ਕਰਕੇ ਉਹ ਫਿਲਮ ਰੁਕ ਗਈ। ਜਦੋਂ ਉਹ ਬਣੀ ਤਾਂ ਮੈਂ ਦਾਅਵੇ ਨਾਲ ਕਹਿ ਸਕਦਾ ਕਿ ਪੰਜਾਬ ਉਹਦੇ ਅੰਗ ਅੰਗ ਵਿਚੋਂ ਉਹਦੇ ਸੀਨ ਸੀਨ ਵਿਚੋਂ, ਉਹਦੇ ਸ਼ਾਟ ਸ਼ਾਟ ਵਿਚੋਂ ਨਜ਼ਰ ਆਏਗਾ। ਤੁਹਾਨੂੰ ਕਿਤੇ ਵੀ ਇਹ ਨਜ਼ਰ ਨਹੀਂ ਆਵੇਗਾ ਕਿ ਆਹ ਤਾਂ ਅਨਨੇਚਰਲ ਹੈ, ਇਹ ਹੋ ਨਹੀਂ ਸਕਦਾ। ਹਾਂ ਸਾਡਾ ਹੈ ਇਹ ਕੁਝ ਦੋਸਤਾਂ ਦਾ ਪ੍ਰਾਜੇਕਟ ਜਿਹੜਾ ਅਸੀਂ ਪੂਰਾ ਕਰਾਂਗੇ, ਪਰ ਥੋੜ੍ਹੀ ਜਿਹੀ ਪੰਜਾਬ ਵਲੋਂ ਠੰਡੀ ਹਵਾ ਆਵੇ।

? ਹਿੰਦੁਸਤਾਨ ਦੀ ਫਿਲਮ ਇੰਡਸਟਰੀ ਵਿਚ ਪੰਜਾਬੀ ਪਹਿਲਾਂ ਤੋਂ ਹੀ ਹਾਵੀ ਰਹੇ। ਪਹਿਲਾਂ ਤਾਂ ਫਿਲਮ ਇੰਡਸਟਰੀ ਹੁੰਦੀ ਹੀ ਲਾਹੌਰ ਸੀ। ਉਥੋਂ ਜਦੋਂ ਇੰਡਸਟਰੀ ਸ਼ਿਫਟ ਹੋਈ ਤਾਂ ਸਾਰੇ ਪੰਜਾਬੀ ਉਹਦੇ ਨਾਲ ਸ਼ਿਫਟ ਹੋ ਗਏ। ਪਰ ਅਜੇ ਤਕ ਕੋਈ ਵੀ ਪੰਜਾਬੀ ਫਿਲਮ ਅੰਤਰਰਾਸ਼ਟਰੀ ਪੱਧਰ ਦੀ ਕਿਉਂ ਨਹੀਂ ਬਣੀ। ਆਪਾਂ ਸਾਰੇ (ਕਲਾ ਨਾਲ ਸੰਬੰਧਤ ਲੋਕ) ਕਈ ਵਾਰੀ ਗੱਲਾਂ ਕਰਦੇ ਹਾਂ ਕਿ ਪੰਜਾਬੀ ਬੋਲੀ ਦਾ ਮਾਣ ਵਧਣਾ ਚਾਹੀਦਾ। ਅੰਤਰਰਾਸ਼ਟਰੀ ਪੱਧਰ ਤੇ ਮਾਣ ਵਧਣ ਦਾ ਇਕ ਢੰਗ ਇਹ ਹੈ ਕਿ ਉਸ ਬੋਲੀ ਦੀਆਂ ਕਲਾਕ੍ਰਿਤਾਂ ਉਹ ਬਾਹਰਲੇ ਲੋਕਾਂ ਤੱਕ ਪਹੁੰਚੇ, ਅੰਤਰਰਾਸ਼ਟਰੀ ਪੱਧਰ ਦਾ ਹੋਵੇ। ਜਿਵੇਂ ਬੰਗਾਲੀ ਦਾ ਬਾਹਰ ਕਾਫੀ ਨਾਂ ਹੈ। ਅੰਤਰਰਾਸ਼ਟਰੀ ਪੱਧਰ ਦੀ ਫਿਲਮ ਨਾ ਬਨਣ ਦੇ ਕੀ ਕਾਰਨ ਹਨ ?

— ਇਹਦੇ ਵਿਚ ਵੀ ਗੱਲ ਤਾਂ ਉਥੇ ਹੀ ਆ ਜਾਂਦੀ ਹੈ ਕਿ ਜੇ ਹੁਣ ਕੋਈ ਅਜਿਹੀ ਫਿਲਮ ਬਣੇ ਤਾਂ ਉਹ ਲੱਖ ਰੁਪਈਆ ਵੀ ਨਹੀਂ ਕਮਾਏਗੀ ਅਤੇ ਦਸ ਲੱਖ ਤੋਂ ਹੇਠਾਂ ਨਹੀਂ ਬਣੇਗੀ। ਏਡਾ ਘਾਟਾ ਸਹਿਣ ਲਈ ਕੋਈ ਤਿਆਰ ਨਹੀਂ। ਸਤਿਆਜੀਤ ਰੇਅ ਦੁਨੀਆਂ ਵਿਚ ਪ੍ਰਸਿੱਧ ਡਾਇਰੈਕਟਰ ਦੇ ਤੌਰ ਤੇ ਪ੍ਰਸਿੱਧ ਹੈ। ਉਹਨੇ ਹਿੰਦੀ ਦੀ ਫਿਲਮ ਬਣਾਈ 'ਸਤਰੰਜ ਕੇ ਖਿਲਾੜੀ'। ਉਹ ਸਿਰਫ ਦੋ 'ਟੈਰਾਟਰੀ' (Territory) ਵਿਚ ਰੀਲੀਜ਼ ਹੋਈ। ਦਿੱਲੀ, ਬੰਬੇ ਤੇ ਕਲਕੱਤਾ। ਤਿੰਨ ਟੈਰਾਟਰੀ ਵਿਚ। ਬਾਕੀ ਛੇ 'ਟੈਰੀਟਰੀਆਂ' ਜਿਹੜੇ ਛੇ ਹਿੱਸੇ ਹਨ ਉਹ ਖਾਲੀ ਰਹਿ ਗਏ। ਉਹਦਾ ਕੀ ਕਾਰਨ ਹੈ। ਜਿਹੜਾ ਸਾਡਾ ਸਿਸਟਮ ਹੈ, ਇਸ ਸਿਸਟਮ ਵਿਚ ਜਿਸ ਫਿਲਮ ਨੂੰ ਬਹੁਤੇ ਲੋਕ ਪਸੰਦ ਕਰਦੇ ਹਨ ਉਹਨੂੰ ਸਿਨਮਿਆਂ ਵਾਲਾ ਲਿਆਉਣਾ ਚਾਹੁੰਦਾ, ਜਿਹਨੂੰ ਸਿਨਮਿਆਂ ਵਾਲਾ ਲਿਜਾਣਾ ਚਾਹੁੰਦਾ ਹੱਸ ਕੇ ਉਹਨੂੰ ਡਿਸਟਰੀਬਿਊਟਰ ਖ਼ਰੀਦਣਾ ਚਾਹੁੰਦਾ, ਜਿਹਨੂੰ ਡਿਸਟਰੀਬਿਊਟਰ ਖਰੀਦਣਾ ਚਾਹੁੰਦਾ ਉਹਨੂੰ ਪ੍ਰੋਡਿਊਸਰ ਬਨਾਉਣਾ ਚਾਹੁੰਦਾ ਗੱਲ ਕੀ ਉਥੇ ਇਸ ਤਰ੍ਹਾਂ ਦਾ ਸਰਕਲ ਬਣ ਜਾਂਦਾ।

? ਇਹਦਾ ਹੱਲ ਕੀ ਹੈ, ਇਸ ਚੱਕਰਵਿਊ ਵਿਚੋਂ ਨਿਕਲਿਆ ਕਿਸ ਤਰ੍ਹਾਂ ਜਾਵੇ। ਲੋਕਾਂ ਦਾ ਪੱਧਰ ਵੀ ਤਾਂ ਆਰਟਿਸਟਾਂ ਨੇ ਉਤਾਂਹ ਚੁੱਕਣਾ ...?

— ਹੱਲ ਇਹਦਾ ਸਰਕਾਰਾਂ ਹਨ। ਐਨ. ਐਫ. ਡੀ. ਸੀ. ਇਸੇ ਕਰਕੇ ਬਣੀ ਕਿ ਉਹ ਬਾਕੀ ਥਾਵਾਂ ਤੋਂ ਪੈਸਾ ਕਮਾਉਂਦੀ ਹੈ। ਉਹ ਚੰਗੀਆਂ ਫਿਲਮਾਂ ਨੂੰ ਫਾਈਨੈਂਸ ਕਰੇ। ਪਰ ਉਥੇ ਕੁਰੱਪਟ ਲੋਕ ਪਹੁੰਚ ਗਏ। ਟੈਲੀਵਿਯਨ ਦਾ ਮੀਡੀਆ ਆਇਟਾ। ਟੈਲੀਵਿਯਨ ਤੇ ਤਾਂ ਕੋਈ ਐਸੀ ਗੱਲ ਨਹੀਂ ਉਥੇ ਜੋ ਕੁਝ ਤੁਸੀਂ ਦੇ ਦਿੱਤਾ ਉਹ ਲੋਕਾਂ ਨੇ ਦੇਖ ਹੀ ਲੈਣਾ। ਪਰ ਉਥੇ ਵੀ ਕੁਰੱਪਸ਼ਨ ਹੈ। ਮੈਂ ਇਹ ਕਹਿੰਦਾ, ਮੈਂ ਇਹ ਦਾਅਵਾ ਕਰਦਾਂ ਕਿ ਜਦੋਂ ਮੇਰੇ ਕੋਲ ਪੰਜ ਦਸ ਲੱਖ ਰੁਪਈਆ ਹੋਇਆ, ਮੈਂ ਜ਼ਰੂਰ ਫਿਲਮ ਬਣਾਵਾਂਗਾ।

? ਜੇ ਤੁਹਾਨੂੰ ਕੋਈ ਮੁਸ਼ਕਲ ਨਾ ਹੋਵੇ। ਫਿਲਮ ਫਾਈਨੈਸਿੰਗ ਦੀ, ਤੁਹਾਨੂੰ ਟਿਕਟ ਆਫਿਸ ਦਾ ਫਿਕਰ ਨਾ ਹੋਵੇ। ਫੇਰ ਤੁਸੀਂ ਕਿਸ ਤਰ੍ਹਾਂ ਦੀ ਫਿਲਮ ਬਣਾਉਗੇ ਤੁਹਾਡਾ ਕੀ ਸੁਪਨਾ ਹੈ। ਅਤੇ ਫਿਲਮ ਦੀ ਕਹਾਣੀ ਚੁਨਣ ਲੱਗਿਆਂ ਕਿੰਨਾਂ ਕਿੰਨਾਂ ਚੀਜ਼ਾਂ ਨੂੰ ਧਿਆਨ ਵਿਚ ਰੱਖੋਗੇ ?

— ਪਹਿਲਾਂ ਅੱਜ ਤੋਂ ਦਸ ਸਾਲ ਪਹਿਲਾਂ ਇਹ ਸੁਆਲ ਹੁੰਦਾ ਤਾਂ ਮੈਂ ਕਹਿਣਾ ਸੀ ਕਿ ਮੈਂ ਤਾਂ ਆਰਟ ਮੂਵੀ ਬਲਾਉਣੀ ਪਸੰਦ ਕਰਾਂਗਾ ਜਿਹਨੂੰ ਭਾਵੇਂ ਦਸ ਆਦਮੀ ਨਾ ਦੇਖਣ ਪਰ ਉਹ ਇਨਾਮ ਤੇ ਇਨਾਮ ਜਿੱਤਕੇ ਲਿਆਵੇ। ਪਰ ਹੁਣ ਮੇਰਾ ਉਹ ਨਜ਼ਰੀਆ ਬਦਲ ਗਿਆ। ਮੈਂ ਚਾਹੁੰਦਾ ਹਾਂ ਕਿ ਫਿਲਮ ਮੀਡੀਆ ਲੋਕਾਂ ਦਾ, ਮਾਸ (Mass)ਮੀਡੀਆ, ਉਹ ਚੀਜ਼ ਹੀ ਬਨਾਉਣੀ ਹੈ ਮੈਂ ਜਿਹੜੀ ਪਹਿਲਾਂ 'ਮਾਸਜ਼' (Masses) ਵਿਚ ਮਕਬੂਲ ਹੋਵੇ, ਲੋਕਾਂ ਵਿਚ ਚੱਲੇ। ਲੋਕ ਉਹਨੂੰ ਪਿਆਰ ਕਰਨ। ਜਿਵੇਂ 'ਮੁਗਲੇ ਆਜਿਮ' ਹੈ, 'ਮਦਰ ਇੰਡੀਆ' ਹੈ। ਨਾਲ ਨਾਲ ਉਹ ਜੇ ਆਪਣੇ ਵਿਚ ਸਾਹਿਤਕ 'ਵੈਲਯੂਜ਼' (Values) ਨੂੰ ਵੀ ਕਾਇਮ ਰੱਖ ਸਕੇ। ਇਹ ਮੇਰਾ ਆਸ਼ਾ ਹੋਏਗਾ ਕਿ ਐਸੀ ਫਿਲਮ ਬਣਾਵਾਂ ਜਿਹਨੂੰ ਵੱਧ ਤੋਂ ਵੱਧ ਲੋਕ ਵੀ ਦੇਖਣ ਅਤੇ ਇਹ ਵੀ ਕਹਿਣ ਕਿ ਇਹਦੇ ਵਿਚ ਆਰਟਿਸਟਕ 'ਅਪਰੋਚ' (Approach) ਹੈ।

? ਜਿਹੜੀ 'ਫੋਰਮ' (Form) ਇਸ ਤਰ੍ਹਾਂ ਦੀ ਹੋਵੇ ਕਿ ਜਿਹੜੀ ਲੋਕਾਂ ਨੂੰ ਪਸੰਦ ਆਵੇ ...

— ਹਾਂ। ਪਸੰਦ ਜ਼ਰੂਰ ਆਵੇ .....

? ਅਤੇ ਜਿਹੜਾ ਉਹਦੇ ਵਿਚ 'ਕਾਨਟੈਂਟ' (Content) ਹੋਵੇ, ਉਹ ਉਹਦੇ ਵਿਚ ਤਕੜਾ ਹੋਵੇ, ਨਿੱਗਰ ਹੋਵੇ। ਆਮ ਫਿਲਮਾਂ ਵਾਂਗ ਫਿਟ ਨਾ ਕੀਤਾ ਗਿਆ ਹੋਵੇ।

— ਹਾਂ।

## ਪ੍ਰਦੁਮਨ ਸਿੰਘ ਦੇ ਕਤਲ ਦੀ ਨਿਖੇਧੀ

ਦਸੂਹਾ — ਤਹਿਸੀਲ ਦਸੂਹਾ ਪੱਤਰਕਾਰ ਯੂਨੀਅਨ ਵਲੋਂ ਅਗਾਂਹਵਧੂ ਪੱਤਰਕਾਰ ਸ਼੍ਰੀ ਪ੍ਰਦੁਮਨ ਸਿੰਘ ਦੀ ਹੱਤਿਆ ਦੀ ਸਖਤ ਨਿਖੇਧੀ ਕੀਤੀ ਗਈ

# ਸਿੰਘ ਸਾਹਿਬਾਨ ਨੂੰ ਹਟਾਏ ਜਾਣ ਬਾਰੇ ਬਾਦਲ ਗਰੁੱਪ 'ਚ ਫੁਟ

## ਛੋਟੇਪੁਰ ਵਲੋਂ ਵਿਰੋਧ

ਬਟਾਲਾ — ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਅਕਾਲ ਤਖਤ ਦੇ ਜਥੇਦਾਰ ਭਾਈ ਜਸਬੀਰ ਸਿੰਘ ਰੋਡੇ ਅਤੇ ਬਾਕੀ ਸਿੰਘ ਸਾਹਿਬਾਨ ਨੂੰ ਹਟਾਏ ਜਾਣ ਦੇ ਫੈਸਲੇ ਨਾਲ ਜ਼ਿਲਾ ਗੁਰਦਾਸਪੁਰ ਦੇ ਏਕੀਕ੍ਰਿਤ ਅਕਾਲੀ ਦਲ ਵਿਚ ਭਾਰੀ ਫੁਟ ਪੈ ਗਈ ਹੈ। ਸ਼੍ਰੋਮਣੀ ਕਮੇਟੀ ਦੇ ਇਸ ਫੈਸਲੇ ਦੀ ਸਖਤ ਨਿੰਦਾ ਕਰਦੇ ਹੋਏ ਜ਼ਿਲਾ ਗੁਰਦਾਸਪੁਰ ਏਕੀਕ੍ਰਿਤ ਅਕਾਲੀ ਦਲ ਦੇ ਪ੍ਰਧਾਨ ਜਥੇਦਾਰ ਸੁਚਾ ਸਿੰਘ ਛੋਟੇਪੁਰ ਸਾਬਕ ਮੰਤਰੀ ਮੀਤ ਪ੍ਰਧਾਨ ਮਹੰਤ ਗੁਰਦਿਆਲ ਸਿੰਘ, ਜਨਰਲ ਸਕੱਤਰ ਅਜਾਇਬ ਸਿੰਘ ਰੰਧਾਵਾ ਅਤੇ ਅਵਤਾਰ ਸਿੰਘ ਮੀਕੇ ਅਤੇ ਕੁਝ ਹੋਰ ਅਹੁਦੇਦਾਰਾਂ ਨੇ ਕਿਹਾ ਹੈ ਕਿ ਦਮਦਮੀ ਟਕਸਾਲ ਅਕਾਲ ਤਖਤ ਦੇ ਅਤੇ ਭਿੰਡਰਾਂਵਾਲੇ ਦੇ ਪਰਿਵਾਰ ਜੋ ਸਿੱਖੀ ਦੇ ਸੋਮੇ ਹਨ ਨੂੰ ਕੇਂਦਰ ਸਰਕਾਰ ਖਤਮ ਕਰਨਾ ਚਾਹੁੰਦੀ ਹੈ ਅਤੇ ਸ਼੍ਰੋਮਣੀ ਕਮੇਟੀ ਨੇ ਇਹ ਫੈਸਲਾ ਕਰਕੇ ਕੇਂਦਰ ਸਰਕਾਰ ਦੇ ਹਥ ਮਜ਼ਬੂਤ ਕੀਤੇ ਹਨ।

ਇਹਨਾਂ ਲੀਡਰਾਂ ਨੇ ਕੇਂਦਰ ਸਰਕਾਰ ਦੇ ਉਸ ਆਰਡੀਨੈਂਸ ਦਾ ਵਿਰੋਧ ਕਰਦੇ ਹੋਏ ਜਿਸ ਵਿਚ ਧਰਮ ਅਤੇ ਸਿਆਸਤ ਨੂੰ ਵੱਖ ਵੱਖ ਕਰਨ ਬਾਰੇ ਅਤੇ ਜਦ ਚਾਹੇ ਧਰਮ ਅਸਥਾਨਾਂ ਤੇ ਪੁਲਸ ਭੇਜਣ ਬਾਰੇ ਹੈ ਨੂੰ ਸਿੱਖੀ ਤੇ ਸਿਧਾ ਹਮਲਾ ਕਰਾਰ ਦਿੱਤਾ। ਪਰ ਇਸ ਵੇਲੇ ਸ਼੍ਰੋਮਣੀ ਕਮੇਟੀ ਵਲੋਂ ਕੇਂਦਰ ਦੇ ਇਸ਼ਾਰਿਆਂ ਤੇ ਦਰਬਾਰ ਸਾਹਿਬ ਵਿਚ ਅਤਿਵਾਦੀਆਂ ਦੇ ਇਕਠੇ ਹੋਣ ਦਾ ਦੋਸ਼ ਸਿੰਘ ਸਾਹਿਬਾਨ ਦੇ ਮਥੇ ਮੜ੍ਹ ਕੇ ਜਿਹਨਾਂ ਨੂੰ ਜੇਲ੍ਹ ਵਿਚੋਂ ਰਿਹਾਅ ਹੋ ਕੇ ਆਏ ਅਜੇ ਕੁਝ ਹੀ ਮਹੀਨੇ ਹੋਏ ਹਨ ਹਟਾ ਦੇਣਾ ਬਹੁਤ ਗਲਤ ਫੈਸਲਾ ਹੈ।

ਕਿੱਥੋਂ ਕਿੱਥੋਂ ਗਰਕਦਿਆਂ ਨੂੰ ਰੋਕੋਗੇ,
ਜੋ ਢਹਿੰਦਾ ਏ ਚੁੱਪ ਕਰਕੇ ਬੱਸ ਢਹਿਣ ਦਿਉ।



ਦਰਸ਼ਨ ਸਿੰਘ ਉੱਪਲ

DARSHAN SINGH UPPAL

14 year experience, specializing in residential Homes, Lands and Farms.

For FREE Market Evaluation Of Your Property or To Buy and sell.

Call :

Ph. Off. 590-3231

LAKEVIEW REALTY LTD DELTA 590-3231

ਹਰ ਪ੍ਰਕਾਰ ਦੀ ਪ੍ਰਾਪਰਟੀ ਖ਼ਰੀਦਣ

ਜਾਂ

ਵੇਚਣ ਲਈ

ਮਿਤਰਤਾ ਭਰੀ, ਈਮਾਨਦਾਰ

ਅਤੇ ਤਜਰਬੇਕਾਰ ਸਲਾਹ ਲਈ

ਦਰਸ਼ਨ ਸਿੰਘ ਉੱਪਲ ਨੂੰ ਮਿਲੋ ਜਾਂ ਫੋਨ ਕਰੋ :

Res. 594-8758

7909 SCOTT RD., DELTA, B.C. V4C 6P6



"FOR ALL YOUR PRINTING NEEDS"

dhannu printing co. ltd.

Printers □ Lithographers

English Wedding Cards and other Printing at reasonable rates

ਧੰਨੂ ਪ੍ਰਿੰਟਿੰਗ ਕੰਪਨੀ ਲਿਮਿ:

ਵਿਆਹ ਸ਼ਾਦੀਆਂ ਦੇ ਕਾਰਡ ਅਤੇ ਹਰ ਕਿਸਮ ਦੀ ਪ੍ਰਿੰਟਿੰਗ ਲਈ ਫ਼ੋਨ ਕਰੋ ਜਾਂ ਦਰਸ਼ਨ ਦਿਓ

ਭਾਰਤ ਤੋਂ ਆਏ ਨਵੇਂ ਨਵੇਂ ਡੀਜ਼ਾਈਨਾਂ ਅਤੇ ਰੰਗਾਂ ਵਿਚੋਂ ਆ ਕੇ ਆਪਣੀ ਮਨਪਸੰਦ ਦੇ ਕਾਰਡ ਪਸੰਦ ਕਰੋ

ਵਾਜਬ ਕੀਮਤਾਂ — ਵਧੀਆ ਕੁਆਲਿਟੀ

Ph. Bus. 585-2004 Res. 585-7916

10281 - 133A St., SURREY, B.C. V3T 4A1



# ਦਿਉਲ ਲੇਡੀਜ਼ ਟੇਲਰ ਸ਼ਾਪ

11860 - Oldfield Ave., Richmond, B.C. V6X 1M4

Phone : 270-1529

ਅਸੀਂ ਹਰ ਤਰ੍ਹਾਂ ਦੇ ਡੀਜ਼ਾਇਨਾਂ ਵਾਲੇ ਪੰਜਾਬੀ ਸੂਟ, ਪਟਿਆਲਾ ਸ਼ਾਹੀ ਸੂਟ, ਬਲਾਊਜ਼, ਪੇਟੀਕੋਟ, ਡਰੈਸ, ਸਾੜ੍ਹੀ ਫਾਲ ਆਦਿ ਦੀ ਤਸੱਲੀਬਖਸ਼ ਸਲਾਈ ਕਰਦੇ ਹਾਂ

ਹਰ ਤਰ੍ਹਾਂ ਦੀ ਰੀਪੇਅਰ ਵੀ ਕੀਤੀ ਜਾਂਦੀ ਹੈ। ਸਾਡੀਆਂ ਸੇਵਾਵਾਂ ਦਾ ਲਾਭ ਉਠਾਓ ਤੇ ਹੋਰ ਜਾਣਕਾਰੀ ਲਈ ਫ਼ੋਨ ਕਰੋ :

270-1529

# ਵਸੀਅਤ (WILL)

ਪ੍ਰਿਤਪਾਲ ਸਿੰਘ ਨਰਵਾਲ
ਫੋਨ:325-4744

ਚਲੋ ਅੱਜ ਮੁਢਲੀ ਜਿਹੀ ਜਾਣਕਾਰੀ ਵਸੀਅਤ ਬਾਰੇ ਵੀ ਕਰੀਏ। ਵਸੀਅਤ ਦੀ ਮੁਢਲੀ ਜਿਹੀ ਜਾਣਕਾਰੀ ਵਿਚ ਅਸੀਂ ਬਹੁਤੀ ਵਿਸਥਾਰ ਵਿਚ ਨਹੀਂ ਜਾਵਾਂਗੇ। ਵਸੀਅਤ ਇਕ ਬਹੁਤ ਜ਼ਰੂਰੀ ਚੀਜ਼ ਹੈ ਜੋ ਹਰ ਇਕ ਆਦਮੀ ਆਪਣੀ ਜ਼ਿੰਦਗੀ ਵਿਚ ਬਣਾਉਂਦਾ ਚਾਹੁੰਦਾ ਹੈ। ਇਨਸਾਨ ਮਿਹਨਤ ਦੇ ਕਿੰਨੇ ਵਰ੍ਹੇ ਆਪਣੀ ਜਾਇਦਾਦ ਬਣਾਉਣ ਵਿਚ ਧਨ ਇਕੱਠਾ ਕਰਨ ਵਿਚ ਦੇਸ਼ਾਂ ਪ੍ਰਦੇਸ਼ਾਂ ਵਿਚ ਜਾਂਦਾ ਹੈ। ਆਪਣੀ ਪੂੰਜੀ ਨੂੰ ਇਕੱਠਿਆਂ ਕਰਦਾ ਹੈ।

ਵਸੀਅਤ ਦਾ ਹੋਣਾ ਹਰ ਇਕ ਲਈ ਜ਼ਰੂਰੀ ਹੈ। ਕੁਝ ਕਾਨੂੰਨੀ ਕਾਰਨਾਂ ਕਰਕੇ ਤੇ ਕੁਝ ਆਪਣੀ ਮਾਨਸਿਕ ਤਸੱਲੀ ਵਾਸਤੇ,ਵਸੀਅਤ ਨਾ ਹੋਵੇ ਤਾਂ ਬਹੁਤ ਸਾਰੇ ਕਾਨੂੰਨੀ ਝਗੜੇ ਪੈਦਾ ਹੋ ਸਕਦੇ ਹਨ ਤੇ ਕਈ ਵਾਰੀ ਪਿੱਛੇ ਰਹਿ ਗਈਆਂ ਚੀਜ਼ਾਂ ਤੁਹਾਡੇ ਪਰਵਾਰਾਂ ਦੇ ਝਗੜੇ ਦਾ ਕਾਰਨ ਵੀ ਬਣਦੀਆਂ ਹਨ। ਦੁਨੀਆਂ ਦੇ ਸ਼ਾਇਦ ਹਰ ਮੁਲਕ ਵਿਚ ਜਦੋਂ ਕੋਈ ਬੰਦਾ ਮਰ ਜਾਂਦਾ ਹੈ ਤਾਂ ਉਸ ਦੀ ਜਾਇਦਾਦ ਦੀ ਵੰਡ ਉਸ ਦੇਸ਼ ਦੇ ਕਾਨੂੰਨ ਮੁਤਾਬਕ ਤੇ ਉਸਦੀ ਵਸੀਅਤ ਮੁਤਾਬਿਕ ਕੀਤੀ ਜਾਂਦੀ ਹੈ ਜੋਕਿ ਮਰਨ ਵਾਲਾ ਬਣਾ ਕੇ ਛਡ ਜਾਂਦਾ ਹੈ।

ਮੇਰੀ ਰਾਇ ਦੇ ਮੁਤਾਬਿਕ ਹਰ ਇਕ ਆਦਮੀ/ਔਰਤ ਨੂੰ ਵਸੀਅਤ (Will) ਜ਼ਰੂਰੀ ਬਣਾਉਣੀ ਚਾਹੀਦੀ ਹੈ ਅਤੇ ਫਿਰ ਤੁਹਾਨੂੰ ਆਪਣੇ ਬਦਲਦੇ ਹਾਲਾਤ ਮੁਤਾਬਿਕ ਜਾਂ ਹਰ ਪੰਜਵੇਂ ਸਾਲ ਬਦਲਦੇ ਰਹਿਣਾ ਚਾਹੀਦਾ ਹੈ। ਵਸੀਅਤ (Will) ਤੁਸੀਂ ਆਪਣੀ ਆਪ ਵੀ ਲਿਖ ਸਕਦੇ ਹੋਂ। ਫਰਕ ਸਿਰਫ ਇਤਨਾ ਹੈ ਕਿ ਤੁਹਾਡੇ ਪਾਸ ਬਹੁਤ ਟਾਇਮ ਨਾ ਹੋਵੇ ਜਾਂ ਆਪ ਨੂੰ ਕੁਝ ਬਣਾਉਣ ਬਾਰੇ ਪਤਾ ਨਾ ਹੋਵੇ ਤਾਂ ਆਪਣੀ ਵਸੀਅਤ ਤੁਸੀਂ ਸਾਡੇ ਪਾਸੋਂ ਜਾਂ ਕਿਸੇ ਹੋਰ ਨੋਟਰੀ ਪਬਲਿਕ ਜਾਂ ਵਕੀਲ ਪਾਸੋਂ ਬਣਾ ਸਕਦੇ ਹੋਂ। ਮੇਰੀ ਫੀਸ 100 ਡਾਲਰ ਹੈ ਪਤੀ ਅਤੇ ਪਤਨੀ ਦੋਨਾਂ ਵਾਸਤੇ। ਵਸੀਅਤ ਸਦਾ ਹੀ ਸਧਾਰਨ ਤੇ ਬਗੈਰ ਗੁੰਝਲਦਾਰ ਹੋਣੀ ਚਾਹੀਦੀ ਹੈ। ਤੁਹਾਨੂੰ ਕਦੀ ਵੀ ਵਸੀਅਤ ਵਿਚ ਝਗੜੇ ਵਾਲੀ ਗੱਲ ਨਹੀਂ ਲਿਖਣੀ ਚਾਹੀਦੀ।

ਮੈਨੂੰ ਯਾਦ ਹੈ ਕਿ ਕਈ ਵਾਰੀ ਮੇਰੇ ਕਈ ਗਾਹਕ ਵਸੀਅਤ ਬਾਰੇ ਸਲਾਹ ਪੁੱਛਣ ਲਈ ਆਉਂਦੇ ਹਨ ਤੇ ਆਖਦੇ ਹਨ ਕਿ ਸਾਡੇ ਪੁੱਤਰ ਨੇ ਸਾਨੂੰ ਕੈਨੇਡਾ ਮੰਗਵਾਇਆ ਪਰ ਚੰਗਾ ਸਲੂਕ ਨਹੀਂ ਕਰਦਾ, ਅਸੀਂ ਆਪਣੀ ਜਾਇਦਾਦ ਸਿਰਫ ਪਿੰਡ ਵਾਲੇ ਮੁੰਡਿਆਂ ਨੂੰ ਜਾਂ ਜੋ ਸਾਡੀ ਸੇਵਾ ਕਰਦਾ ਹੈ, ਨੂੰ ਦੇ ਦੇਣੀ ਹੈ। ਇਹ ਵਸੀਅਤ ਗੁੰਝਲਦਾਰ ਝਗੜੇ ਵਾਲੀ ਹੋਵੇਗੀ। ਹੋ ਸਕਦਾ ਹੈ ਕਿ ਤੁਹਾਡੀ ਜਾਇਦਾਦ ਇਨੀ ਜ਼ਿਆਦਾ ਨਾ ਹੋਵੇ ਜਿੰਨੀ ਤੁਸੀਂ ਖਿਚੋਤਾਣ ਪੈਦਾ ਕਰਕੇ ਜਾ ਰਹੇ ਹੋਂ।

ਹੁਣ ਮੈਂ ਇਕ ਲਫਜ਼ ਇਥੇ ਇਸ ਲੇਖ ਦੇ ਦਰਮਿਆਨ ਵਰਤਾਂਗਾ ਜਿਸ ਨੂੰ ਕਿ ਅੰਗਰੇਜ਼ੀ ਵਿਚ ਐਸਟੇਟ (Estate) ਕਹਿੰਦੇ ਹਨ। ਕਿਉਂਕਿ ਜਾਇਦਾਦ ਲਫਜ਼ ਥੋੜਾ ਛੋਟਾ ਹੈ। Estate (ਐਸਟੇਟ) ਵਿਚ ਸਾਰੀ ਚੱਲ ਤੇ ਅਚੱਲ ਜਾਇਦਾਦ ਆ ਜਾਂਦੀ ਹੈ।

ਇੰਡੀਆ ਵਿਚ ਮੈਂ ਬਹੁਤ ਹੀ ਸਧਾਰਨ ਵਸੀਅਤ (Will) ਲਿਖਿਆ ਕਰਦਾ ਸੀ ਜਿਵੇਂ ਕਿ ਉਦਾਹਰਣ ਦੇ ਤੌਰ ਤੇ ਮੈਂ ਫਲਾਣਾ ਸਿੰਘ ਪੁੱਤਰ ਸ੍ਰੀ ਫਲਾਣਾ ਸਿੰਘ ਜਾਤ...ਪਿੰਡ ਵਾਸੀ...ਜ਼ਿਲ੍ਹਾ...ਦਾ ਰਹਿਣ ਵਾਲਾ ਹਾਂ। ਮੈਂ ਹੁਣ ਕਰੀਬ 90 ਸਾਲ ਦਾ ਹੋ ਗਿਆ ਹਾਂ। ਮੇਰੇ ਪੰਜ ਪੁੱਤਰ ਤੇ ਤਿੰਨ ਧੀਆਂ ਹਨ। ਮੈਂ ਆਪਣੀਆਂ ਧੀਆਂ ਦੇ ਵਿਆਹ ਆਪਣੇ ਹੱਥੀਂ ਕਰ ਦਿੱਤੇ ਹਨ ਜੋ ਆਪਣੇ ਘਰੀਂ ਖੁਸ਼ ਹਨ। ਮੈਂ ਆਪਣੇ ਪੁੱਤਰਾਂ ਤੋਂ ਬਹੁਤ ਖੁਸ਼ ਹਾਂ। ਉਹ ਸਾਰੇ ਰੱਜ ਕੇ ਮੇਰੀ ਸੇਵਾ ਕਰਦੇ ਹਨ ਤੇ ਮੈਂ ਹੁਣ ਉਹਨਾਂ ਦੀ ਇਸ ਸੇਵਾ ਤੋਂ ਖੁਸ਼ ਹੋ ਕੇ ਆਪਣੇ ਹੋਸ਼ ਹਵਾਸ਼ ਨਾਲ ਸਾਰੀ ਜਾਇਦਾਦ ਚੱਲ ਤੇ ਅਚੱਲ ਆਪਣੇ ਪੰਜਾਂ ਪੁੱਤਰਾਂ ਨੂੰ (ਹਿਸਾ ਬਰਾਬਰ) ਦਿੰਦਾ ਹਾਂ। ਤਾਈਦ ਕਰ ਦਿੱਤੀ ਹੈ।ਮਿਤੀ...ਆਦਿ।

ਉਪਰੋਕਤ ਵਸੀਅਤ (Will) ਬਿਲਕੁਲ ਠੀਕ ਹੈ। ਸਿਰਫ ਇਸ ਤੇ ਵਸੀਅਤ ਲਿਖਣ ਵਾਲੇ ਦੇ ਦਸਖਤ ਹੋਣੇ ਚਾਹੀਦੇ ਹਨ ਤੇ ਘੱਟ ਤੋਂ ਘੱਟ ਦੋ ਗਵਾਹਾਂ ਦਾ ਹੋਣਾ ਬਹੁਤ ਜ਼ਰੂਰੀ ਹੈ। ਭਾਵੇਂ ਇਹ ਰਜਿਸਟਰ ਤੇ ਭਾਵੇਂ ਰਜਿਸਟਰ ਨਹੀਂ ਕੀਤੀ, ਬਿਲਕੁਲ ਠੀਕ ਹੋਵੇਗੀ। ਭਾਵੇਂ ਵਸੀਅਤ (Will) ਹਰ ਇਕ ਦੀ ਆਪਣੇ ਹਾਲਾਤ ਮੁਤਾਬਿਕ ਹੋਵੇਗੀ ਕਿਉਂਕਿ ਮੇਰੇ ਇਥੇ ਦੱਸਣ ਦਾ ਭਾਵ ਇਹੀ ਹੈ ਕਿ ਕਿਸੇ ਇਕ ਦੀ ਵਸੀਅਤ ਸਾਰਿਆਂ ਦੇ ਸਵਾਲਾਂ ਦਾ ਜਵਾਬ ਨਹੀਂ ਹੈ। ਯਾਦ ਰਹੇ ਕਿ ਗਵਾਹ ਅਸਟੇਟ ਵਿਚੋਂ ਹਿੱਸੇਦਾਰ ਨਹੀਂ ਹੋਣੇ ਚਾਹੀਦੇ। ਵਸੀਅਤ ਤਾਂ ਇਕ ਕਾਗਜ਼ ਦਾ ਕੀਮਤੀ ਟੁਕੜਾ ਹੈ। ਜਿਸ ਤੇ ਮਰਨ ਵਾਲੇ ਦੀਆਂ ਆਖਰੀ ਖਾਹਿਸ਼ਾਂ ਲਿਖੀਆਂ ਹੁੰਦੀਆਂ ਹਨ ਜਾਂ ਇੰਜ ਕਹਿ ਲਓ ਕਿ ਇਹ ਆਖਰੀ ਖਤ ਹੈ।

ਇਕ ਗੱਲ ਮੈਂ ਇਥੇ ਹੋਰ ਵਰਣਨ ਕਰ ਦਿਆਂ ਕਿ ਵਸੀਅਤ (Will) ਲਿਖਣ ਨਾਲ ਜਿਹਨਾਂ ਦੇ ਨਾਮ ਤੇ ਵਸੀਅਤ ਲਿਖੀ ਹੁੰਦੀ ਹੈ ਜਾਂ ਜਿਹਨਾਂ ਨੂੰ ਅਸਟੇਟ ਜਾਂ ਅਸਟੇਟ ਦਾ ਹਿਸਾ ਜਾਣਾ ਹੈ, ਮਾਲਕ ਨਹੀਂ ਬਣ ਜਾਂਦੇ। ਵਸੀਅਤ ਲਿਖਣ ਵਾਲਾ ਆਪਣੇ ਆਖਰੀ ਦਮ ਤਕ ਮਾਲਕ ਹੁੰਦਾ ਹੈ। ਵਸੀਅਤ ਕਿਸੇ ਵੀ ਹਾਲਤ ਵਿਚ ਜਿਉਂਦੇ ਜੀ ਕਿਸੇ ਨੂੰ ਕੋਈ ਹੱਕ ਨਹੀਂ ਦਿੰਦੀ। ਇਸ ਕਰਕੇ ਆਪ ਨੂੰ ਵਸੀਅਤ ਨੂੰ ਠੀਕ ਤੇ ਸਹੀ ਸਮਝਣ ਦੀ ਕੋਸ਼ਿਸ਼ ਚਾਹੀਦੀ ਹੈ। ਜਿਸ ਤਰ੍ਹਾਂ ਮੈਂ ਉਤੇ ਦੱਸਿਆ ਹੈ ਕਿ ਵਸੀਅਤ (Will) ਤੁਸੀਂ ਆਪਣੀ ਆਪ ਵੀ ਬਣਾ ਸਕਦੇ ਹੋ ਪਰ ਫਿਰ ਵੀ ਮੈਂ ਤੁਹਾਨੂੰ ਇਹ ਜ਼ਰੂਰ ਸਲਾਹ ਦੇਵਾਂਗਾ ਕਿ ਕਿਸੇ ਜਾਣਕਾਰ ਤੋਂ ਹੀ ਬਣਾਈ ਜਾਵੇ ਤਾਂ ਠੀਕ ਹੈ। ਉਸ ਦੇ ਕਈ ਕਾਰਨ ਵੀ ਹਨ।

ਵਸੀਅਤ (Will) ਬਣਾਉਂਦੇ ਸਮੇਂ ਤੁਹਾਨੂੰ ਇਸ ਚੀਜ਼ ਦਾ ਖਿਆਲ ਵੀ ਰੱਖਣਾ ਚਾਹੀਦਾ ਹੈ ਕਿ ਜੇ ਤੁਹਾਡੇ ਬੱਚੇ ਅਜੇ Minor ਭਾਵ ਨਾਬਾਲਗ ਹਨ ਤਾਂ ਤੁਹਾਨੂੰ ਇਕ ਜਾਂ ਦੋ ਸਰਪ੍ਰਸਤਾਂ ਦੀ ਜ਼ਰੂਰਤ ਹੋਵੇਗੀ ਜੋ ਤੁਹਾਡੀ ਜਾਇਦਾਦ ਦੀ ਹਰ ਤਰ੍ਹਾਂ ਦੇਖ ਭਾਲ ਕਰਨ ਤੇ ਜਦ ਤਕ ਤੁਹਾਡੇ ਬੱਚੇ ਵੱਡੇ ਨਹੀਂ ਹੁੰਦੇ ਭਾਵ ਬਾਲਗ ਨਹੀਂ ਹੁੰਦੇ, ਜਾਇਦਾਦ ਦਾ ਪੂਰਾ ਹਿਸਾਬ ਕਿਤਾਬ ਰੱਖਣ ਤੇ ਉਹਨਾਂ ਨੂੰ ਜੋ ਅਸਟੇਟ ਵਿਚੋਂ ਆਮਦਨ ਆਉਂਦੀ ਹੈ, ਉਹ ਬੱਚਿਆਂ ਤੇ ਖਰਚ ਕਰਨ ਆਦਿ। ਸਰਪ੍ਰਸਤ ਪੜ੍ਹਿਆ ਲਿਖਿਆ ਹੋਣਾ ਚਾਹੀਦਾ ਹੈ ਤੇ ਤੁਹਾਡਾ ਆਪਣਾ ਦੋਸਤ ਰਿਸ਼ਤੇਦਾਰ ਹੋਣਾ ਚਾਹੀਦਾ ਹੈ। ਭਾਵੇਂ ਕੋਈ ਵੀ ਹੋ ਸਕਦਾ ਹੈ। ਉਸਨੂੰ ਉਦੋਂ ਤਕ ਅਸਟੇਟ ਨੂੰ ਰੱਖਣਾ ਪਵੇਗਾ ਜਦ ਤਕ ਕਾਨੂੰਨ ਇਜਾਜ਼ਤ ਦਿੰਦਾ ਹੈ ਜਾਂ ਤੁਹਾਡੀਆਂ ਹਦਾਇਤਾਂ ਮੁਤਾਬਿਕ ਜਾਂ ਜਦ ਤਕ ਤੁਹਾਡੇ ਬੱਚੇ ਬਾਲਗ ਨਹੀਂ ਬਣ ਜਾਂਦੇ ਇਸ ਕਿਸੇ ਵੀ ਤਰ੍ਹਾਂ ਹੋ ਸਕਦਾ ਹੈ। ਮੈਨੂੰ ਬਹੁਤਾ ਇਥੇ ਦੱਸਣ ਦੀ ਲੋੜ ਨਹੀਂ ਹੈ ਪਰ ਫਿਰ ਵੀ ਸਰਪ੍ਰਸਤ ਦੇ ਕਰਤੱਵ ਬਾਰੇ ਤੁਹਾਨੂੰ ਥੋੜ੍ਹਾ ਜਿਹਾ ਜ਼ਰੂਰ ਦੱਸਾਂਗਾ।

ਸਰਪ੍ਰਸਤ ਨੂੰ ਤੁਸੀਂ ਵਸੀਅਤ (Will) ਰਾਹੀਂ ਨਿਯੁਕਤ ਕਰਦੇ ਹੋ। ਉਹ ਹੀ ਤੁਹਾਡੀ ਅਸਟੇਟ ਦੀ ਵੰਡ ਕਰਦਾ ਹੈ। ਜਿਸ ਤਰ੍ਹਾਂ ਤੁਸੀਂ ਲਿਖਿਆ ਹੁੰਦਾ ਹੈ ਕਿ ਇਹਨਾਂ ਨੂੰ ਤੁਸੀਂ ਨਿੱਜੀ ਪ੍ਰਤੀਨਿਧ ਵੀ ਕਹਿ ਸਕਦੇ ਹੋਂ। ਤੁਹਾਨੂੰ ਸਦਾ ਹੀ ਵਿਸ਼ਵਾਸ਼ ਯੋਗ ਆਦਮੀ ਨੂੰ ਹੀ ਚੁਣਨਾ ਚਾਹੀਦਾ ਹੈ ਤੇ ਸਰਪ੍ਰਸਤ ਉਮਰ ਵਿਚ ਤੁਹਾਥੋਂ ਛੋਟਾ ਹੋਣਾ ਚਾਹੀਦਾ ਹੈ। ਜੇਕਰ ਸਰਪ੍ਰਸਤ ਜਿਸ ਨੂੰ ਤੁਸੀਂ ਆਪਣੀ ਵਸੀਅਤ ਵਿਚ ਨਿਯੁਕਤ ਕੀਤਾ ਹੁੰਦਾ ਹੈ, ਪਹਿਲਾਂ ਮਰ ਜਾਂਦਾ ਹੈ ਤਾਂ ਤੁਹਾਨੂੰ ਇਕ ਦਮ ਆਪਣੀ ਵਸੀਅਤ ਬਦਲਣੀ ਚਾਹੀਦੀ ਹੈ। ਜਾਂ ਫਿਰ ਆਪਣੀ ਵਸੀਅਤ ਵਿਚ ਦੋ ਸਰਪ੍ਰਸਤਾਂ ਦਾ ਨਾਮ ਦੇਣਾ ਚਾਹੀਦਾ ਹੈ ਕਿਉਂਕਿ ਜੇ ਪਹਿਲੇ ਦੀ ਮੌਤ ਹੋਜਾਵੇ ਤਾਂ ਦੂਸਰਾ ਸਰਪ੍ਰਸਤ ਰਹਿ ਜਾਂਦਾ ਹੈ। ਜੇ ਇਹ ਨਹੀਂ ਕੀਤਾ ਜਾਂਦਾ ਤਾਂ ਫਿਰ ਕੋਰਟ ਰਾਹੀਂ ਪ੍ਰਸ਼ਾਸ਼ਕ ਨਿਯੁਕਤ ਕੀਤਾ ਜਾਵੇਗਾ ਤੇ ਤੁਹਾਡੇ ਖਰਚੇ ਤੇ ਟਾਈਮ ਵਿਚ ਫਰਕ ਪੈ ਜਾਵੇਗਾ।

ਜਿਹੜਾ ਵੀ ਆਦਮੀ ਤੁਸੀਂ ਸਰਪ੍ਰਸਤ ਨਿਯੁਕਤ ਕਰੋਂਗੇ, ਉਹ ਤੁਹਾਡੀ Will ਵਸੀਅਤ ਵਿਚ ਦਿੱਤੀਆਂ ਹਦਾਇਤਾਂ ਨੂੰ ਮੱਦੇਨਜ਼ਰ ਰੱਖੇਗਾ। ਇਸ ਸਰਪ੍ਰਸਤ ਦੀਆਂ ਬਹੁਤ ਸਾਰੀਆਂ ਜ਼ਿੰਮੇਵਾਰੀਆਂ ਹੁੰਦੀਆਂ ਹਨ। ਉਹੀ ਤੁਹਾਡੇ ਅੰਤ੍ਰਮ ਸੰਸਕਾਰ ਅਤੇ ਸਾਰੇ ਹੋਰ ਜਾਇਜ਼ ਖਰਚੇ ਕਰ ਸਕਦਾ ਹੈ। ਜੇ ਕੋਈ ਨਜ਼ਾਇਜ ਖਰਚਾ ਕਰੇਗਾ ਤਾਂ ਉਹ ਜ਼ਾਤੀ ਤੌਰ ਤੇ ਜਵਾਬਦੇਹ ਹੋਵੇਗਾ। ਉਸ ਪਾਸ ਬਹੁਤ ਸਾਰੇ ਹੱਕ ਹੁੰਦੇ ਹਨ। ਉਹ ਵਸੀਅਤ ਮੁਤਾਬਿਕ ਅਸਟੇਟ ਵੇਚ ਸਕਦਾ ਹੈ ਤੇ ਨਾਲ ਹੀ ਉਹ ਸਾਰਿਆਂ ਨੂੰ ਦੱਸੇਗਾ ਕਿ ਜੇਕਰ ਮਰਨ ਵਾਲੇ ਨੂੰ ਕਿਸੇ ਨੇ ਕਰਜ਼ਾ ਵਗੈਰਾ ਦੇਣਾ ਹੈ ਤੇ ਉਹ ਹੀ ਉਨ੍ਹਾਂ ਨੂੰ ਨੋਟਿਸ ਵਗੈਰਾ ਭੇਜੇਗਾ ਆਦਿ। ਚਲੋ ਆਪਾਂ ਇਸ ਵਿਸ਼ੇ ਨੂੰ ਦੂਰ ਰੱਖੀਏ! ਕਿਉਂਕਿ ਆਪਾਂ ਹੁਣ ਕੋਈ ਕਿਤਾਬ ਨਹੀਂ ਲਿਖਣ ਲੱਗੇ। ਸਿਰਫ ਮੁਢਲੀ ਜਾਣਕਾਰੀ ਹਾਸਲ ਕਰ ਰਹੇ ਹਾਂ।

ਵੱਡਾ ਜ਼ਰੂਰੀ ਸਵਾਲ ਇਹ ਹੈ ਕਿ ਕੀ ਤੁਹਾਡੇ ਲਈ ਵਸੀਅਤ ਬਣਾਉਣੀ ਕਿਉਂ ਜ਼ਰੂਰੀ ਹੁੰਦੀ ਹੈ? ਭਾਵੇਂ ਆਪ ਨੂੰ ਕੋਈ ਫੋਰਸ ਨਹੀਂ ਕਰ ਸਕਦਾ ਕਿ ਵਸੀਅਤ ਜ਼ਰੂਰ ਬਣਾਓ। ਪਰ ਇਸ ਦਾ ਹੋਣਾ ਬਹੁਤ ਜ਼ਰੂਰੀ ਹੈ। ਪਹਿਲੀ ਤਾਂ ਗੱਲ ਇਹ ਹੈ ਕਿ ਜੇ ਤੁਸੀਂ ਵਸੀਅਤ ਨਹੀਂ ਬਣਾਉਂਦੇ ਜਾਂ ਵਸੀਅਤ Will ਬਣਾਉਣ ਤੋਂ ਬਿਨਾਂ ਚਲੇ ਜਾਂਦੇ ਹੋ ਤਾਂ ਅਕਸਰ ਤੁਹਾਡੀ ਇਸਟੇਟ ਦੀ ਵੰਡ ਤਾਂ ਹੋਣੀ ਹੀ ਹੈ ਜਾਂ ਕਿਸੇ ਨਾ ਕਿਸੇ ਨਾਮ ਤੇ ਤਾਂ ਜਾਣੀ ਹੈ। ਜੇ ਤੁਸੀਂ ਨਹੀਂ ਬਣਾਉਂਦੇ ਤਾਂ ਇਹ ਵਸੀਅਤ ਤੁਹਾਡੀ ਇਸਟੇਟ ਮਿਲਣ ਜਾਂ ਵੰਡਣ ਜਾ ਫੈਸਲਾ ਹੋਣ ਵਿਚ ਦੇਰ ਲੱਗ ਜਾਵੇਗੀ। ਤੁਹਾਡੇ ਪਰਵਾਰ ਲਈ ਬਹੁਤ ਮੁਸ਼ਕਿਲ ਬਣੀ ਰਹੇਗੀ। ਉਹ ਕਿਸੇ ਪਾਸੇ ਕੁਝ ਕਰਨ ਜੋਗੇ ਨਹੀਂ ਰਹਿਣਗੇ। ਇਸੇ ਕਰਕੇ ਕਈ ਵਾਰ ਪਿੰਡਾਂ ਵਿਚ ਲੋਕਾਂ ਨੂੰ ਕਹਿੰਦਿਆਂ ਸੁਣਿਆ ਹੋਵੇਗਾ ਕਿ 'ਯਾਰ ਬੁੜਾ ਮਰਿਆ ਵੀ ਸਾਨੂੰ ਤਕਲੀਫ ਵਿਚ ਪਾ ਗਿਆ, ਦੋ ਪੈਸਿਆਂ ਦੀ ਇਕ ਵਸੀਅਤ ਨਹੀਂ ਕਰਕੇ ਗਿਆ ਹੁਣ ਇੰਤਕਾਲ ਨਹੀਂ ਹੁੰਦਾ, ਤਸੀਲਦਾਰ ਕੁੱਤੇ ਦੀ ਪੂਛ ਪੈਸੇ ਮੰਗਦੈ ਕਹਿੰਦਾ ਇੰਤਕਾਲ ਮੈਂ ਨਹੀਂ ਕਰਨਾ ਜਾਂ ਆਪਣੀਆਂ ਸਾਰੀਆਂ ਭੈਣਾਂ ਭੂਆ ਆਦਿ ਨੂੰ ਲਿਆਓ ਆ ਕੇ ਬਿਆਨ ਦੇਣ ਕਿ ਸਾਨੂੰ ਹਿਸਾ ਨਹੀਂ ਚਾਹੀਦਾ। ਪਟਵਾਰੀ ਕਹਿੰਦਾ ਹੈ ਕਿ ਪਹਿਲਾਂ ਮੇਰੇ ਨਾਲ ਗੱਲ ਕਰੋ। ਜੇ ਵਸੀਅਤ ਹੁੰਦੀ ਸਿੱਧੇ ਤਸੀਲਦਾਰ ਦੇ ਜਾਂਦੇ ਸਾਰਾ ਕੰਮ ਮੁੱਕ ਜਾਣਾ ਸੀ।' ਆਦਿ ਆਦਿ। (ਚਲਦਾ)

# ਕਮਿਊਨਿਸਟ ਆਗੂ ਦਾ ਕਾਤਲ ਗ੍ਰਿਫਤਾਰ

ਚੰਡੀਗੜ੍ਹ — ਅੰਮ੍ਰਿਤਸਰ ਜ਼ਿਲੇ ਦੇ ਅਟਾਰੀ ਇਲਾਕੇ ਵਿਚ ਵਿਸ਼ੇਸ਼ ਛਾਪਿਆਂ ਦੌਰਾਨ ਸੁਰੱਖਿਆ ਦਸਤਿਆਂ ਨੇ ਦੋ ਖਤਰਨਾਕ ਦਹਿਸ਼ਤਪਸੰਦਾਂ ਨੂੰ ਪਿੰਡ ਹੁਸ਼ਿਆਰ ਨਗਰ ਮਹਾਵਾ ਤੋਂ ਗ੍ਰਿਫਤਾਰ ਕੀਤਾ। ਫੜੇ ਗਏ ਦਹਿਸ਼ਤਪਸੰਦਾਂ ਵਿਚ ਬੀ ਸ਼੍ਰੇਣੀ ਦਾ ਬਲਬੀਰ ਸਿੰਘ ਤੇ ਜਗਤਾਰ ਸਿੰਘ ਉਰਫ ਭਾਈ ਜੋਗਾ ਸਿੰਘ ਸ਼ਾਮਲ ਹਨ। ਇਹਨਾਂ ਪਾਸੋਂ ਇਕ ਸਟੇਨਗੰਨ ਦੋ ਮੈਗਜ਼ੀਨ ਇਕ 455 ਦਾ ਰਿਵਾਲਵਰ ਇਕ 315 ਬੋਰ ਦੀ ਰਫਲ ਇਕ ਦੁਨਾਲੀ ਬੰਦੂਕ ਤੇ ਕੋਈ 150 ਕਾਰਤੂਸ ਬਰਾਮਦ ਹੋਏ।

ਨਕੋਦਰ ਦੇ ਪਿੰਡ ਰਹੀਮਪੁਰ ਵਿਚ ਦਹਿਸ਼ਤਗਰਦਾਂ ਨੇ ਹਵਾਈ ਸੈਨਾ ਦੇ ਪਾਇਲਟ ਸੁਰਜੀਤ ਸਿੰਘ ਨੂੰ ਹਲਾਕ ਕਰ ਦਿੱਤਾ। ਉਹਨਾਂ ਸੁਰਜੀਤ ਸਿੰਘ ਉਤੇ ਮੁਖਬਰੀ ਦਾ ਦੋਸ਼ ਲਾਇਆ ਸੀ।

ਗੁਰਦਾਸਪੁਰ ਪੁਲਸ ਨੇ ਰਾਜੂਬੇਲਾ ਦੇ ਨਿਸ਼ਾਨ ਸਿੰਘ ਨੂੰ ਗ੍ਰਿਫਤਾਰ ਕੀਤਾ ਹੈ ਉਸ ਨੇ ਤੁਗਲਕਵਾਲਾ ਦੇ ਕਮਿਊਨਿਸਟ ਆਗੂ ਹਰਭਜਨ ਸਿੰਘ ਮਾਸਟਰ ਤੇ ਉਸ ਦੇ ਦੋ ਸਾਥੀਆਂ ਦੀ ਹਤਿਆ ਦਾ ਇਕਬਾਲ ਕੀਤਾ ਹੈ।

ਸਾਥੀਓ ! ਜਿਵੇਂ ਤੁਸੀਂ
ਜੇਲ ਵਿਚ ਦਹਾੜਦੇ ਹੋ
ਇਸੇ ਤਰ੍ਹਾਂ ਸੰਸਾਰ ਵਿਚ ਵੀ
ਨਾਹਰੇ ਉਚੇ ਹੁੰਦੇ ਹਨ।

Non-smokers pay less for insurance.



Mohindar Singh Gill

MOHINDAR SINGH GILL
B. Comm., M.B.A.,C.G.A.
Life Underwriter

Ph. Off. 430-0455
Ph. Res. 433-1684

Suite 1206,
4330 Kingsway,
Burnaby, B.C.

SunLife OF CANADA

Get your life in shape.

MORTGAGE MONEY?

High mortgage amounts available on conventional basis
No insurance fees!
Purchasing or re-financing

Bad credit rating?
Turn Down?
NO PROBLEM
Residential, Commercial, Motels & Interim financing.
1st & 2nd Mortgages

1 & 2nd Mortgage up to 85-90%

AFRO-CANADIAN MORTGAGE LTD.
8 YEARS EXPERIENCE
SHERALI VELJI
Monday to Friday 9.30 to 5.30
Saturday 11-4

Ph. 433-6391
Ste. 300-3665 Kingsway Vancouver, B.C
Res: 433-7975

FIVE RIVERS FISH 'N CHIPS
ਫਾਈਵ ਰਿਵਰਜ਼ ਫਿਸ਼ ਐਂਡ ਚਿਪਸ

6591 Fraser St. (at 50th & Fraser) Vancouver, B.C. V5X 3T4 Ph. 327-7455

ਇੰਡੀਅਨ ਸਟਾਈਲ ਮਸਾਲੇਦਾਰ ਮੱਛੀ ਅਤੇ ਮੁਰਗੇ ਦਾ ਅਨੰਦ ਮਾਨਣ ਲਈ ਫਾਈਵ ਰਿਵਰਜ਼ ਫਿਸ਼ ਐਂਡ ਚਿਪਸ 'ਤੇ ਆਓ

ਸਪੈਸ਼ਲ ਲੌਂਗ-ਵੀਕਇੰਡ ਸੇਲ ਜੁਲਾਈ 1, 2, 3
ਹਰ ਦੋ ਪੌਂਡ ਮੱਛੀ ਖ੍ਰੀਦਣ ਵਾਲੇ ਨੂੰ
ਇਕ ਪਲੇਟ ਬੱਕਰੇ ਦਾ ਮੀਟ ਮੁਫਤ

ਇਸ ਤੋਂ ਇਲਾਵਾ ਅੰਗਰੇਜ਼ੀ ਸਟਾਈਲ ਦੀ ਮੱਛੀ, ਫਰਾਈਡ ਚਿਕਨ ਅਤੇ ਸੀ ਫੂਡ ਵੀ ਮਿਲਦਾ ਹੈ
ਤੁਸੀਂ ਫੋਨ 'ਤੇ ਵੀ ਆਰਡਰ ਕਰ ਸਕਦੇ ਹੋ
ਪਾਰਟੀਆਂ ਵਾਸਤੇ ਸਪੈਸ਼ਲ ਡਿਸਕਾਊਂਟ ਵੀ ਦਿੱਤਾ ਜਾਂਦਾ ਹੈ

ਠੰਡੀ ਬੀਅਰ ਅਤੇ ਹਰ ਕਿਸਮ ਦਾ ਮੀਟ ਦਾ ਆਚਾਰ ਇਥੋਂ ਮਿਲਦਾ ਹੈ

# The Manitoba Mirror

# ਮੈਨੀਟੋਬਾ ਦਰਪਣ


## BRAR NATURAL FLOUR MILLS

— ਸ਼ੇਰੇ-ਪੰਜਾਬ ਡੂਰਮ ਕਣਕ ਦਾ ਆਟਾ —

ਚਾਹੇ ਰੋਟੀਆਂ ਪਕਾਓ ਜਾਂ ਪੂਰੀਆਂ ਬਣਾਓ

ਵਧੀਆ ਮੱਕੀ ਪੀਸਣ ਵਾਲੀਆਂ ਅਤੇ
ਵਧੀਆ ਵੇਸਣ ਪੀਸਣ ਵਾਲੀਆਂ ਚੱਕੀਆਂ
ਨਵੀਆਂ ਲੱਗ ਰਹੀਆਂ ਹਨ

ਫ਼ੋਨ : 204-632-5360

ਗਰੌਸਰੀ ਦੀਆਂ ਸਾਰੀਆਂ ਵਸਤਾਂ ਵਾਜਬ ਭਾਅ 'ਤੇ

ਮੂਵੀਆਂ — ਟੇਪਾਂ ਵੀ ਇਥੋਂ ਮਿਲਦੀਆਂ ਹਨ

**Ph. 775-6989**

830 - NOTRE DAME AVE. WINNIPEG, MAN.

ਵਿੰਨੀਪੇਗ ਵਿਚ ਹਰ ਪ੍ਰਕਾਰ ਦੀ ਪ੍ਰਾਪਰਟੀ ਖ਼੍ਰੀਦਣ ਜਾਂ ਵੇਚਣ ਲਈ

ਮਿਤਰਤਾ ਭਰੀ, ਈਮਾਨਦਾਰ ਅਤੇ ਤਜਰਬੇਕਾਰ ਸਲਾਹ ਲਈ

ਅਵਤਾਰ ਟਿਵਾਣਾ ਨੂੰ ਮਿਲੋ ਜਾਂ ਫੋਨ ਕਰੋ :

**Ph. Off: (204) 694-5000**

**Res: 694-3198**

Pager 942-7788 #02284



Sales Representative

## REMAX REALTY

10 - 2230 McPhillps St., Winnipeg, MB R2V 3C8



ਵੀਡੀਓ ਮੂਵੀਆਂ ਵੀ ਇੱਥੋਂ ਲੈ ਸਕਦੇ ਹੋ

ਵਿੰਨੀਪੇਗ ਵਿਚ ਕੱਪੜੇ ਤੇ ਗਹਿਣਿਆਂ ਦੀ ਦੁਕਾਨ

## ਕੋਹਿਨੂਰ ਜਿਊਲਰਜ਼ ਤੇ ਫੈਬਰਿਕ ਸੈਂਟਰ



ਦਾਜ-ਵਰੀ ਦੇ ਗਹਿਣੇ ਇਕੋ ਹੀ ਥਾਂ ਤੋਂ ਬਣਵਾਓ

ਆਪਣੇ ਮਨਪਸੰਦ ਦੇ ਗਹਿਣੇ ਬਨਵਾਉਣ ਲਈ ਵੀ

ਕੋਹਿਨੂਰ ਜਿਊਲਰਜ਼ ਅਤੇ ਫੈਬਰਿਕ ਸੈਂਟਰ ਤੇ ਪਹੁੰਚੋ



ਵੰਨ ਸਵੰਨੇ ਸੂਟ ਤੇ ਸਾੜ੍ਹੀਆਂ ਦੀ ਚੋਣ ਅਤੇ ਦਾਜ-ਵਰੀ ਲਈ ਯਾਦ ਰੱਖੋ

ਕੋਹਿਨੂਰ ਜਿਊਲਰਜ਼ ਤੇ ਫੈਬਰਿਕ ਸੈਂਟਰ



ਵਧੀਆ ਕੁਆਲਿਟੀ, ਵਾਜਬ ਕੀਮਤਾਂ, ਦੋਸਤਾਨਾ ਵਰਤਾਓ ਅਤੇ ਤਸੱਲੀਬਖਸ਼ ਚੀਜ਼ਾਂ ਮਿਲਦੀਆਂ ਹਨ

**Kohinoor Jewellers & Fabric Centre**

New Location — 724 - Sargent Ave., Winnipeg, MAN.

**Ph. Bus. 772-3937**

**Res. 633-6567**

## REDWOOD MOTORS LTD.

ਕਾਰਾਂ ਦੀ ਜਨਰਲ ਮੁਰੰਮਤ — ਬਰੇਕਾਂ ਦੀ ਸਪੈਸ਼ਲ ਸਰਵਿਸ



**Automotive Repairs — Alignment and Wheel Balancing**

ਹਰ ਤਰ੍ਹਾਂ ਦੀ ਕਾਰ ਦੀ ਮੁਰੰਮਤ ਜਲਦੀ ਕਰਵਾਉਣ ਲਈ ਰੈਡਵੁੱਡ ਮੋਟਰਜ਼ ਉਤੇ ਪਹੁੰਚੋ



**PH. 582-7138**

600 - Redwood Ave. WINNIPEG, MAN.

# "ਦੇ ਕੇ ਖਤ ਮੂੰਹ ਦੇਖਤਾ ਹੈ ਨਾਮਾਂਵਰ ਕੁਛ ਤੋ ਪੈਗਾਮੇ ਜਵਾਨੀ ਔਰ ਹੈ"

ਡਾ: ਪ੍ਰੀਤਮ ਸਿੰਘ ਖਾਨਖਾਨਾ

ਦੂਜੀ ਵੱਡੀ ਜੰਗ ਦੇ ਖਤਮ ਹੋਣ ਦੇ ਨਾਲ ਹੀ ਐਟਮੀ ਜੁਗ ਸ਼ੁਰੂ ਹੋ ਗਿਆ। ਜਰਮਨ ਫੌਜਾਂ ਰੂਸੀ ਮੋਰਚੇ ਤੇ ਜ਼ਬਰਦਸਤ ਹਾਰ ਖਾ ਰਹੀਆਂ ਸਨ ਅਤੇ ਲੜਾਈ ਜਰਮਨੀ ਦੀ ਰਾਜਧਾਨੀ ਬਰਲੇਨ ਤੇ ਹੋ ਰਹੀ ਸੀ। ਇਧਰ ਜਾਪਾਨੀ ਫੌਜਾਂ ਬਰਮਾ ਆਸਾਮ ਦੇ ਮੋਰਚਿਆਂ ਤੇ ਪਿਛੇ ਹਟ ਰਹੀਆਂ ਸਨ। ਜ਼ਾਹਰ ਸੀ ਕਿ ਹੁਣ ਇਤਹਾਦੀਆਂ ਦੀ ਜਿਤ ਹੋਣ ਵਿਚ ਕੁਝ ਹੀ ਹਫਤੇ ਲਗਣਗੇ। ਉਸ ਵਕਤ ਇਕ ਰਾਤ ਨੂੰ ਜਦ ਨਾਗਾਸ਼ਾਕੀ ਤੇ ਹੀਰੋਸ਼ੀਮਾ ਦੇ ਲੱਖਾਂ ਲੋਕ ਆਪਣੇ ਘਰਾਂ ਵਿਚ ਸੌਂ ਰਹੇ ਸਨ। ਹਜ਼ਾਰਾਂ ਬੱਚਿਆਂ ਨੇ ਦਿਨ ਚੜ੍ਹਦੇ ਸਕੂਲਾਂ ਨੂੰ ਜਾਣਾ ਸੀ। ਛੋਟੇ ਬੱਚਿਆਂ ਨੂੰ ਮਾਵਾਂ ਆਪਣੀ ਛਾਤੀ ਨਾਲ ਲਾ ਕੇ ਸੌਂ ਰਹੀਆਂ ਸਨ ਚੰਦ ਹੀ ਮਿੰਟਾਂ ਵਿਚ ਇਨ੍ਹਾਂ ਜਾਪਾਨੀ ਸ਼ਹਿਰਾਂ ਤੇ ਆਫਤ ਤੇ ਤਬਾਹੀ ਟੁਟ ਪਈ। ਅਮਰੀਕਾ ਨੇ ਦੋ ਬੰਬ ਇਨ੍ਹਾਂ ਦੋਹਾਂ ਸ਼ਹਿਰਾਂ ਤੇ ਸੁਟ ਕੇ ਇਕ ਪਲ ਵਿਚ ਹੀ ਨਾਗਾਸਾਕੀ ਤੇ ਹੀਰੋਸ਼ੀਮਾ ਸਫਾਏ ਹਸਤੀ ਤੋਂ ਮਿਟਾ ਦਿਤੇ। ਸਭ ਕੁਝ ਹੀ ਖਤਮ ਹੋ ਗਿਆ। ਇਨਸਾਨ ਪੰਛੀ ਪਸ਼ੂ ਦਰਖਤ ਫਸਲ ਕੁਛ ਬਾਕੀ ਨਹੀਂ ਬਚਿਆ ਇਸ ਤਰ੍ਹਾਂ ਏਹ ਐਟਮੀ ਯੁਗ ਆਪਣੀ ਤਬਾਹੀ ਦੀਆਂ ਬਰਕਤਾਂ ਲੈ ਕੇ ਸ਼ੁਰੂ ਹੋਇਆ। ਜਰਮਨ ਤੇ ਜਾਪਾਨੀ ਫੌਜਾਂ ਵੈਸੇ ਹੀ ਹਾਰ ਰਹੀਆਂ ਸਨ ਫੇਰ ਏਹ ਐਡੀ ਵੱਡੀ ਤਬਾਹੀ ਕਰਨ ਦੀ ਕੀ ਲੋੜ ਪੈ ਗਈ ਇਸ ਦਾ ਇਕ ਖਾਸ ਰਾਜਸੀ ਮਕਸਦ ਸੀ ਤਾਂ ਕਿ ਜੰਗ ਤੋਂ ਬਾਅਦ ਸਾਰੀ ਦੁਨੀਆਂ ਤੇ ਅਮਰੀਕਾ ਦੀ ਸਰਦਾਰੀ ਕਾਇਮ ਕਰ ਦਿੱਤੀ ਜਾਵੇ। ਖਾਸ ਕਰਕੇ ਸੋਸ਼ਲਿਸਟ ਬਲਾਕ ਜਿਸਦੀ ਅਗਵਾਈ ਸੋਵੀਅਤ ਕਰ ਰਿਹਾ ਸੀ। ਆਪਣੀ ਮਰਜ਼ੀ ਦੀਆਂ ਸ਼ਰਤਾਂ ਮਨਵਾਈਆਂ ਜਾਣ। ਇਸ ਐਟਮੀ ਯੁਗ ਨੇ ਜਿਥੇ ਜਾਨ ਮਾਲ ਦੀ ਤਬਾਹੀ ਕੀਤੀ ਓਥੇ ਆਰਥਕ ਤੌਰ ਤੇ ਵੀ ਧਰਤੀ ਦੇ ਆਮ ਲੋਕਾਂ ਨੂੰ ਤੇ ਮਿਹਨਤੀ ਜਮਾਤ ਨੂੰ ਭੁੱਖ ਗਰੀਬੀ ਦੇ ਮੋੜ ਤੇ ਲਿਆ ਖੜ੍ਹਾ ਕੀਤਾ ਅਤੇ ਹਰ ਮੁਲਕ ਨੇ ਏਸ ਐਟਮੀ ਦੌੜ ਵਿਚ ਲਗ ਕੇ ਬੇਸ਼ੁਮਾਰ ਧਨ ਦੌਲਤ ਐਟਮੀ ਹਥਿਆਰਾਂ ਦੇ ਬਨਾਉਣ ਤੇ ਲਗਣੀ ਸ਼ੁਰੂ ਹੋ ਗਈ। ਤੇ ਇਸ ਸਾਇੰਸ ਤੇ ਰੌਸ਼ਨੀ ਦੀ ਦੁਨੀਆਂ ਵਿਚ ਆਮ ਇਨਸਾਨ ਗਰੀਬ ਮਜ਼ਦੂਰ ਤੇ ਮਿਹਨਤੀ ਜੰਤਾ ਦੇ ਘਰਾਂ ਵਿਚ ਅੰਧੇਰਾ ਹੋਰ ਵਧ ਗਿਆ ਕਰੋੜਾਂ ਅਰਬਾਂ ਡਾਲਰ ਜੰਗੀ ਸਾਮਾਨ ਤੇ ਖਰਚ ਕੀਤੇ ਜਾ ਰਹੇ ਹਨ। ਅਤੇ ਵੱਡੀਆਂ ਸਾਮਰਾਜੀ ਤਾਕਤਾਂ ਇਸ ਧਰਤੀ ਤੇ ਜੰਗ ਦੇ ਹਾਲਾਤ ਪੈਦਾ ਕਰ ਦਿੰਦੀਆਂ ਹਨ ਤੇ ਇਨ੍ਹਾਂ ਛੋਟੇ ਮੁਲਕਾਂ ਨੂੰ ਹਥਿਆਰ ਵੇਚ ਕੇ ਬੇਸ਼ੁਮਾਰ ਮੁਨਾਫਾ ਕਮਾ ਰਹੀਆਂ ਹਨ। ਇਹ ਸਾਰਾ ਬੋਝ ਗਰੀਬ ਜਨਤਾ ਤੇ ਪੈਂਦਾ ਹੈ ਤੇ ਇਨ੍ਹਾਂ ਦੇ ਬੱਚੇ ਭੁੱਖ ਤੇ ਬੀਮਾਰੀਆਂ ਦਾ ਸ਼ਿਕਾਰ ਬਣਦੇ ਹਨ। ਅਜ ਇਸ ਧਰਤੀ ਤੇ ਕਰੋੜਾਂ ਲੋਕ ਐਸੇ ਹਨ ਜਿਨ੍ਹਾਂ ਪਾਸ ਸਿਰ ਲੁਕਾਣ ਲਈ ਘਰ ਨਹੀਂ, ਦਵਾਈਆਂ ਖ੍ਰੀਦਣ ਲਈ ਪੈਸੇ ਨਹੀਂ ਲੱਖਾਂ ਬੱਚੇ ਭੁੱਖੇ ਸੌਂਦੇ ਹਨ ਜਾਂ ਹੋਟਲਾਂ ਦੇ ਬਾਹਰ ਜੂਠੇ ਸਿੱਟੇ ਹੋਏ ਰੋਟੀ ਦੇ ਟੁਕੜਿਆਂ ਲਈ ਕੁਤਿਆਂ ਨਾਲ ਲੜਦੇ ਹਨ ਅਤੇ ਜਵਾਨ ਹੋਣ ਤੋਂ ਪਹਿਲਾਂ ਹੀ ਮਰ ਜਾਂਦੇ ਹਨ।

ਦੂਸਰੇ ਪਾਸੇ ਗਰੀਬ ਮੁਲਕ ਵੀ ਐਟਮੀ ਹਥਿਆਰਾਂ ਦੀ ਦੌੜ ਵਿਚ ਲੱਗੇ ਹੋਏ ਹਨ ਥੋੜ੍ਹੇ ਦਿਨਾਂ ਦੀ ਹੀ ਖਬਰ ਹੈ ਕਿ ਪਾਕਿਸਤਾਨ ਨੇ ਇਕ ਐਸਾ ਰਾਕਟ ਬਣਾਇਆ ਹੈ ਜੋ ਐਟਮ ਬੰਬ ਲਿਜਾ ਸਕਦਾ ਹੈ ਅਤੇ ਗਵਾਂਢੀ ਮੁਲਕ ਦੇ ਕਿਸੇ ਵੀ ਟਿਕਾਣੇ ਤੇ ਗਿਰਾ ਸਕਦਾ ਹੈ। ਜ਼ਰੂਰਤ ਤਾਂ ਏਸ ਗੱਲ ਦੀ ਹੈ ਕਿ ਭੁਖੇ ਮਰਦੇ ਇਨਸਾਨਾਂ ਨੂੰ ਰੋਟੀ ਦਾ ਟੁਕੜਾ ਦਿਤਾ ਜਾਵੇ ਜਿਹੜਾ ਰੋਟੀ ਦਾ ਟੁਕੜਾ ਇਹਨਾਂ ਦੀ ਜ਼ਿੰਦਗੀ ਬਚਾ ਸਕੇ। ਲੋੜ ਹੈ ਬੀਮਾਰਾਂ ਨੂੰ ਦਵਾਈ ਦਿੱਤੀ ਜਾਵੇ, ਲੋੜ ਹੈ ਨੰਗਿਆਂ ਦੇ ਤਨ ਢਕੇ ਜਾਣ। ਪਰ ਇਹ ਰਾਕਟ ਤੇ ਐਟਮ ਬਚਾਉਣ ਲਈ ਨਹੀਂ ਸਗੋਂ ਇਨਸਾਨੀਅਤ ਨੂੰ ਖਤਮ ਕਰਨ ਲਈ ਬਣਾਏ ਜਾ ਰਹੇ ਹਨ। ਇਸ ਧਰਤੀ ਨੂੰ ਸਵਰਗ ਬਨਾਉਣ ਦੀ ਬਜਾਏ ਦੋਜ਼ਖ ਬਨਾਉਣ ਦੀਆਂ ਤਿਆਰੀਆਂ ਹੋ ਰਹੀਆਂ ਹਨ। ਜੇ ਐਟਮੀ ਹਥਿਆਰਾਂ ਦੀ ਦੌੜ ਖਤਮ ਨਾ ਕੀਤੀ ਗਈ ਤਾਂ ਕਿਸੇ ਵੀ ਵਕਤ ਕਿਸੇ ਦੀ ਇਕ ਬੇਵਕੂਫੀ ਦੇ ਕਾਰਨ ਕਿਆਮਤ ਆ ਸਕਦੀ ਹੈ। ਇਹ ਸਹਿਮ ਜੋ ਧਰਤੀ ਦੇ ਇਨਸਾਨਾਂ ਤੇ ਪੈ ਗਿਆ ਹੈ ਅਤੇ ਨਵੀਂ ਪੀੜ੍ਹੀ ਖਾਸ ਕਰ ਪੱਛਮੀ ਦੇਸ਼ਾਂ ਦੇ ਬੱਚੇ ਜ਼ਰਾਇਮ ਪੇਸ਼ਾ ਬਣਦੇ ਜਾ ਰਹੇ ਹਨ। ਬੇਸ਼ਕ ਓਹ ਰੀਗਨ ਤੇ ਥੈਚਰ ਨੂੰ ਬੜੇ ਬੜੇ ਜਲੂਸ ਕੱਢ ਕੇ ਇਹ ਨਾਹਰਾ ਸੁਣਾ ਰਹੇ ਹਨ ਕਿ ਸਾਨੂੰ ਵੀ ਆਪਣੀ ਉਮਰ ਭੋਗ ਕੇ ਆਪਣੇ ਜਿੰਨੇ ਬੁਢੇ ਹੋਣ ਦਿਓ। ਐਟਮੀ ਹਥਿਆਰਾਂ ਦੀ ਦੌੜ ਬੰਦ ਕਰੋ। ਪਰ ਫੇਰ ਇਹ ਬੱਚੇ ਸੋਚਦੇ ਹਨ ਕਿ ਪਤਾ ਨਹੀਂ ਕਿਸ ਵੇਲੇ ਇਹ ਜੰਗ ਸ਼ੁਰੂ ਹੋ ਜਾਵੇ ਤਾਂ ਇਹ ਬੱਚੇ ਜ਼ੁਰਮ ਕਰਦੇ ਹਨ ਇਕ ਦੂਸਰੇ ਨੂੰ ਮਾਰਦੇ ਹਨ ਕਿਲਰ ਗੈਂਗ ਬਣਦੇ ਹਨ।

ਸਭ ਸਿਆਣੇ ਲੋਕ ਇਹੋ ਹੀ ਆਖਦੇ ਹਨ ਕਿ ਬੱਚੇ ਦੇਸ਼ ਦੀ ਅਸਲੀ ਦੌਲਤ ਹਨ ਪਰ ਜੇ ਇਸ ਦੌਲਤ ਦੀ ਹਿਫਾਜ਼ਤ ਨਾ ਕੀਤੀ ਜਾਵੇ ਇਹ ਸੜਕਾਂ ਤੇ ਆਵਾਰਾ ਭੁਖੇ ਰੋਟੀ ਦੀ ਤਲਾਸ਼ ਵਿਚ ਘੁੰਮਦੇ ਫਿਰਨ। ਤੁਸੀਂ ਖਿਆਲ ਕਰੋ ਕਿ ਇਹ ਬੱਚੇ ਅੱਗੇ ਜਾ ਕੇ ਕੀ ਬਣਨਗੇ? ਸਾਡੇ ਦੇਸ਼ ਵਿਚ ਲੱਖਾਂ ਬੱਚੇ ਹੋਟਲਾਂ ਚਾਹ ਦੀਆਂ ਦੁਕਾਨਾਂ ਤੇ ਘਰਾਂ ਵਿਚ ਨੌਕਰੀ ਕਰਦੇ ਹਨ। ਹੋਟਲਾਂ ਤੇ ਹਲਵਾਈਆਂ ਦੀਆਂ ਦੁਕਾਨਾਂ ਤੇ ਜੋ ਬੱਚੇ ਕੰਮ ਕਰਦੇ ਹਨ ਇਨ੍ਹਾਂ ਦੀ ਹਾਲਤ ਬੜੀ ਤਰਸਯੋਗ ਹੈ। ਇਨ੍ਹਾਂ ਨੂੰ ਤੜਕੇ 4 ਬਜੇ ਜਗ੍ਹਾ ਦਿੱਤਾ ਜਾਂਦਾ ਹੈ ਸਵੇਰ ਤੋਂ ਭਾਰੀਆਂ ਬਾਲਟੀਆਂ ਲੈ ਕੇ ਪਾਣੀ ਢੋਂਦੇ ਹਨ। ਦੁਕਾਨਾਂ ਸਾਫ ਕਰਦੇ ਹਨ ਭਾਂਡੇ ਚਕਣੇ ਤੇ ਧੋਣੇ ਤੇ ਮਾਲਕ ਦੀਆਂ ਗਾਲ੍ਹਾਂ ਖਾਣੀਆਂ। ਇਨ੍ਹਾਂ ਵਿਚਾਰਿਆਂ ਨੂੰ ਕਦੇ ਆਪਣਾ ਸਰੀਰ ਸਾਫ ਕਰਨ ਦਾ, ਨਾਹੁਣ ਦਾ ਕੱਪੜੇ ਧੋਣ ਦਾ ਕੋਈ ਵਕਤ ਹੀ ਨਹੀਂ ਮਿਲਦਾ। ਇਨ੍ਹਾਂ ਦੇ ਜਿਸਮ ਤੇ ਅਤੇ ਕੱਪੜਿਆਂ ਤੇ ਮੋਟੀ ਮੈਲ ਦੀ ਤਹਿ ਜੰਮ ਜਾਂਦੀ ਹੈ। ਜਦ ਕਦੇ ਨਹਾਉਣ ਦਾ ਮੌਕਾ ਮਿਲਦਾ ਹੈ ਇਨ੍ਹਾਂ ਨੂੰ ਨਹਾਉਣ ਲਈ ਕਪੜੇ ਧੋਣ ਵਾਲਾ ਸੋਡਾ ਤੇ ਇਕ ਇੱਟ ਜਾਂ ਵੱਟਾ ਮਿਲਦਾ ਹੈ ਤੇ ਇਹ ਰਗੜ ਕੇ ਜਿਸਮ ਚੋਂ ਖੂਨ ਕੱਢ ਲੈਂਦੇ ਹਨ। ਕੰਮ ਦਾ ਟਾਈਮ ਕੋਈ ਨਹੀਂ। ਸਵੇਰੇ 4 ਬਜੇ ਤੋਂ ਰਾਤ ਦੇ 12 ਬਜੇ ਤੱਕ ਇਹ ਕੰਮ ਕਰਦੇ ਹਨ ਜਿਹੜੇ 4 ਘੰਟੇ ਸੌਣ ਲਈ ਮਿਲਦੇ ਹਨ ਉਹ ਚੂਹਿਆਂ ਦੀ ਦੌੜ ਭੱਜ ਵਿਚ ਨੀਂਦ ਨਹੀਂ ਆਉਂਦੀ। ਇਹ ਹਾਲਤ ਹੈ ਸਾਡੇ ਦੇਸ਼ਾਂ ਦੀ। ਇਨ੍ਹਾਂ ਤੋਂ ਇਲਾਵਾ ਲੱਖਾਂ ਬੱਚੇ ਉਹ ਹਨ ਜੋ ਬੇਘਰ ਭੁਖੇ ਹਨ ਨੰਗੇ ਹਨ ਅਤੇ ਸੜਕਾਂ ਤੇ ਫੁਟਪਾਥਾਂ ਤੇ ਸੌਂਦੇ ਹਨ। ਇਹ ਮੈਂ ਇਸ ਕਰਕੇ ਲਿਖਿਆ ਹੈ ਕਿ ਇਸ ਰੌਸ਼ਨੀ ਦੇ ਜ਼ਮਾਨੇ ਵਿਚ ਅਸੀਂ ਕਿੰਨੇ ਹਨੇਰੇ ਵਿਚ ਵਸ ਰਹੇ ਹਾਂ। ਕੀ ਇਕ ਆਜ਼ਾਦ ਦੇਸ਼ ਲਈ ਇਹ ਸ਼ਰਮ ਦੀ ਗੱਲ ਨਹੀਂ ਕਿ ਦੇਸ਼ ਦੇ ਲੱਖਾਂ ਕਰੋੜਾਂ ਮਰਦ ਔਰਤਾਂ ਬੱਚੇ ਜਾਨਵਰਾਂ ਵਾਲੀ ਜ਼ਿੰਦਗੀ ਗੁਜ਼ਾਰ ਰਹੇ ਹਨ। ਪਰ ਤਸਵੀਰ ਦਾ ਦੂਜਾ ਪਾਸਾ ਵੀ ਹੈ। ਸ਼ਾਨਦਾਰ ਬੰਗਲੇ, ਸ਼ਾਨਦਾਰ ਕਾਰਾਂ ਕਲੱਬਾਂ ਵਿਚ ਡਾਂਸ, ਕਰੋੜਾਂ ਰੁਪਏ ਦਾ ਕਾਲਾ ਧਨ ਬਾਹਰਲੇ ਦੇਸ਼ਾਂ ਵਿਚ ਲੱਖਾਂ ਡਾਲਰਾਂ ਦੇ ਬੈਂਕ ਅਕਾਊਂਟ ਮਿੱਲ ਮਾਲਕਾਂ ਤੇ ਸਰਮਾਏਦਾਰਾਂ ਦੇ ਬੇਸ਼ੁਮਾਰ ਮੁਨਾਫੇ ਜੋ ਦਿਨੋਂ ਦਿਨ ਹੋਰ ਵਧ ਰਹੇ ਹਨ ਅਤੇ ਤਿੰਨ ਬਹੀਆਂ ਦਾ ਹਿਸਾਬ ਰੱਖ ਕੇ ਲੱਖਾਂ ਰੁਪਏ ਟੈਕਸ ਦੀ ਚੋਰੀ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਅਰਬਾਂ ਰੁਪਏ ਦੋਵੇਂ ਦੇਸ਼ ਹਥਿਆਰਾਂ ਤੇ ਖਰਚ ਕਰ ਰਹੇ ਹਨ।

ਮੈਂ ਉਪਰ ਦੱਸ ਆਇਆ ਹਾਂ ਕਿ ਜਿਸ ਡਰ ਕਰਕੇ ਕਾਂਗਰਸੀ ਲੀਡਰਾਂ ਨੇ ਤੇ ਬਾਕੀ ਪਾਰਟੀਆਂ ਨੇ ਪਾਕਿਸਤਾਨ ਬਣਨਾ ਮਨਜ਼ੂਰ ਕੀਤਾ ਸੀ, ਕਿ ਹਮੇਸ਼ਾ ਲਈ ਇਹ ਝਗੜਾ ਖਤਮ ਕੀਤਾ ਜਾ ਸਕੇਗਾ ਓਹ ਡਰ ਕਈ ਗੁਣਾਂ ਵਧ ਕੇ ਸਾਹਮਣੇ ਆ ਗਿਆ। ਜਿਸ ਦਾ ਕੋਈ ਇਲਾਜ ਹਾਲ ਦੀ ਘੜੀ ਤਾਂ ਨਜ਼ਰ ਨਹੀਂ ਆ ਰਿਹਾ। ਅੰਗਰੇਜ਼ ਨੂੰ ਇਸ ਗੱਲ ਦਾ ਪਹਿਲਾਂ ਹੀ ਪਤਾ ਸੀ। ਹੁਣ ਫੇਰ ਸਾਮਰਾਜੀ ਤਾਕਤਾਂ ਮੁਲਕ ਨੂੰ ਫੇਰ ਟੁਕੜੇ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ ਅਤੇ ਦੇਸ਼ ਦੇ ਅੰਦਰ ਇਨ੍ਹਾਂ ਤਾਕਤਾਂ ਦੇ ਏਜੰਟ ਸਾਮਰਾਜੀਆਂ ਦੀ ਇਸ ਕੋਸ਼ਿਸ਼ ਨੂੰ ਕਾਮਯਾਬ ਕਰਨ ਲਈ ਇਹਨਾਂ ਦੀ ਮੱਦਦ ਕਰ ਰਹੇ ਹਨ ਅਤੇ ਰੋਜ਼ਾਨਾ ਕਿੰਨੇ ਹੀ ਬੇਗੁਨਾਹ ਕਤਲ ਹੋ ਰਹੇ ਹਨ। ਇਨ੍ਹਾਂ ਵਿਚ ਤਿੰਨ ਸਾਲ, ਪੰਜ ਸਾਲ ਦੇ ਬੱਚੇ ਵੀ ਹੁੰਦੇ ਹਨ ਅਤੇ ਨੌਜਵਾਨ ਲੜਕੀਆਂ ਔਰਤਾਂ ਨੂੰ ਵੀ ਬੇਰਹਿਮੀ ਨਾਲ ਕਤਲ ਕੀਤਾ ਜਾਂਦਾ ਹੈ। ਇਨ੍ਹਾਂ ਸਭ ਲਾਹਨਤਾਂ ਨੂੰ ਰੋਕਣ ਲਈ ਮੁਲਕ ਦੀ ਏਕਤਾ ਨੂੰ ਕਾਇਮ ਰੱਖਣ ਲਈ ਮੁਲਕ ਵਿਚੋਂ ਜ਼ੁਲਮ ਗਰੀਬੀ ਕਤਲੋਗਾਰਤ ਖਤਮ ਕਰਨ ਲਈ ਉਹਨਾਂ ਪਾਰਟੀਆਂ ਨੂੰ ਇਕ ਮੁਕਾਮ ਤੇ ਇਕੱਠੇ ਹੋ ਕੇ ਦੇਸ਼ ਦੀ ਏਕਤਾ ਤੇ ਖੁਸ਼ਹਾਲੀ ਲਈ ਲੜਨਾ ਚਾਹੀਦਾ ਹੈ ਜਿਹੜੀਆਂ ਪਾਰਟੀਆਂ ਦੇਸ਼ ਨੂੰ ਇਸ ਸੰਕਟ ਵਿਚੋਂ ਕੱਢਣਾ ਚਾਹੁੰਦੀਆਂ ਹਨ ਤਾਂ ਕਿ ਦੇਸ਼ ਵਿਚ ਵਸਣ ਵਾਲੇ ਇਨਸਾਨਾਂ ਨੂੰ ਰੋਟੀ ਕੱਪੜਾ ਤੇ ਮਕਾਨ ਮਿਲ ਸਕੇ ਤੇ ਮੁਲਕ ਦੇ ਲੱਖਾਂ ਭੁਖੇ ਬੱਚਿਆਂ ਨੂੰ ਇਨਸਾਨਾਂ ਵਾਲੀ ਜ਼ਿੰਦਗੀ ਮਿਲ ਸਕੇ ਤੇ ਕਤਲਾਂ ਤੋਂ ਸਹਿਮੀਆਂ ਹੋਈਆਂ ਮਾਵਾਂ ਭੈਣਾਂ ਨੂੰ ਸੁਖ ਦਾ ਸਾਹ ਆ ਸਕੇ। ਬੇਗੁਨਾਹ ਇਨਸਾਨਾਂ ਦਾ ਕਤਲੇਆਮ ਬੰਦ ਕੀਤਾ ਜਾ ਸਕੇ ਇਹ ਤਾਂ ਹੀ ਹੋ ਸਕਦਾ ਹੈ ਜੇ ਇਕ ਵਿਸ਼ਾਲ ਅੱਗੇ ਵਧੂ ਮੋਰਚਾ ਕਾਂਗਰਸ ਦੇ ਬਦਲ ਵਜੋਂ ਸਾਹਮਣੇ ਆ ਸਕੇ।

ਯਾਦ ਰਹੇ ਇਹ ਤਾਂ ਹੀ ਹੋ ਸਕਦਾ ਹੈ ਜੇ ਸਾਡੀ ਸੋਚ ਪਿਛਾਂਹ ਖਿਚੂ ਤੇ ਫਿਰਕੂ ਤਾਕਤਾਂ ਦੇ ਮੁਤਅਲਕ ਬਿਲਕੁਲ ਸਾਫ ਹੋ ਜਾਵੇ ਨਹੀਂ ਤਾਂ ਇਹ ਫਰੰਟ ਜ਼ਿਆਦਾ ਦੇਰ ਤਕ ਨਹੀਂ ਚਲ ਸਕੇਗਾ। ਕਿਉਂਕਿ ਜਦ ਅਸੀਂ ਕਾਂਗਰਸ ਦਾ ਨਿਰਣਾ ਕਰਦੇ ਹਾਂ ਉਸ ਵੇਲੇ ਪਿਛਾਂਹ ਖਿਚੂ ਤੇ ਫਿਰਕੂ ਤਾਕਤਾਂ ਦਾ ਵਿਰੋਧ ਨਰਮ ਜ਼ਬਾਨ ਨਾਲ ਕਰਦੇ ਹਾਂ ਤੇ ਇਨ੍ਹਾਂ ਦੀਆਂ ਘਨਾਉਣੀਆਂ ਸਾਜ਼ਸ਼ਾਂ ਤੇ ਪਰਦਾ ਪਾਉਣ ਦੀ ਕੋਸ਼ਿਸ਼ ਕਰਦੇ ਹਾਂ। ਕਿਉਂਕਿ ਹਿੰਦੁਸਤਾਨ ਦੀਆਂ ਫਿਰਕੂ ਪਾਰਟੀਆਂ ਮੁਲਕ ਨੂੰ ਟੁਕੜੇ ਕਰਨ ਦੀ ਪੂਰੀ ਕੋਸ਼ਿਸ਼ ਕਰ ਰਹੀਆਂ ਹਨ ਅਤੇ ਹਿੰਦ-ਸੋਵੀਅਤ ਦੋਸਤੀ ਨੂੰ ਖਤਮ ਕਰਨ ਦੀ ਕੋਸ਼ਿਸ਼ ਵਿਚ ਹਨ ਅਤੇ ਇਨ੍ਹਾਂ ਨਾਲ ਕੁਝ ਉਹ ਪਾਰਟੀਆਂ ਵੀ ਸ਼ਾਮਲ ਹਨ ਜੋ ਆਪਣੇ ਆਪ ਨੂੰ ਸੋਸ਼ਲਿਸਟ ਤੋਂ ਨੈਸ਼ਲਿਸਟ ਕਹਿੰਦੀਆਂ ਹਨ। ਸੋ ਅੱਗੇ ਵਧੂ ਫਰੰਟ ਨੂੰ ਇਹ ਨਿਰਣਾ ਲੈਣਾ ਪਵੇਗਾ ਅਤੇ ਇਹ ਪਿਛਾਂਹ ਖਿਚੂ ਫਰੰਟ ਜਿਥੇ ਸੋਵੀਅਤ ਨਾਲੋਂ ਤੁਅਲਕ ਤੋੜ ਕੇ ਸਾਮਰਾਜ ਨਾਲ ਗੰਢਣਾ ਚਾਹੁੰਦਾ ਹੈ ਓਥੇ ਦੇਸ਼ ਵਿਚ ਹੋਈ ਕੌਮੀ ਮਲਕੀਅਤ ਦੇ ਵੀ ਵਿਰੁਧ ਹੈ। ਸੋ ਇਨ੍ਹਾਂ ਨੂੰ ਦੱਬੀ ਜ਼ਬਾਨ ਨਾਲ ਕੋਸਣਾ ਤੇ ਕਦੇ ਕਦੇ ਇਨ੍ਹਾਂ ਨਾਲ ਰਲ ਕੇ ਕੁਝ ਕਰਨ ਦਾ ਰੁਝਾਨ ਨਿਹਾਇਤ ਖਤਰਨਾਕ ਹੈ। ਸਾਨੂੰ ਇਨ੍ਹਾਂ ਗੱਲਾਂ ਤੋਂ ਬਚਣਾ ਚਾਹੀਦਾ ਹੈ।

ਹੋਵੇ ਕੀ ਜਿਸ ਵਰਗ ਦਾ ਮੈਂ ਉਪਰ ਜ਼ਿਕਰ ਕੀਤਾ ਹੈ ਜੋ ਗਰੀਬੀ ਦੇ ਪੱਧਰ ਤੋਂ ਵੀ ਕਿਤੇ ਹੇਠ ਹੈ ਇਸ ਵਰਗ ਦਾ ਫਾਇਦਾ ਦੇਸ਼ ਦੇ ਦੁਸ਼ਮਣ ਉਠਾਉਂਦੇ ਹਨ ਉਹਨਾਂ ਅੰਦਰ ਮਜ਼ਹਬੀ ਜਨੂੰਨ ਪੈਦਾ ਕਰਕੇ ਉਹਨਾਂ ਨੂੰ ਗਲਤ ਰਸਤੇ ਤੇ ਪਾ ਦਿੰਦੇ ਹਨ। ਸਾਮਰਾਜੀ, ਤਾਕਤਾਂ ਗਰੀਬ ਮੁਲਕਾਂ ਦੀ ਗਰੀਬੀ ਦਾ ਫਾਇਦਾ ਉਠਾ ਜਾਂਦੀਆਂ ਹਨ ਅਤੇ ਇਨ੍ਹਾਂ ਨੂੰ ਜ਼ਾਤਪਾਤ ਧਰਮ ਤੇ ਮਜ਼ਹਬ ਦੇ ਨਾਂ ਤੇ ਉਕਸਾ ਕੇ ਮੁਲਕ ਅੰਦਰ ਗੜਬੜ ਕਰਾ ਦਿੰਦੀਆਂ ਹਨ ਅਤੇ ਆਮ ਜਨਤਾ ਨੂੰ ਇਹ ਪਤਾ ਹੀ ਨਹੀਂ ਲਗਣ ਦਿਤਾ ਜਾਂਦਾ ਕਿ ਤੁਹਾਡਾ ਅਸਲ ਦੁਸ਼ਮਣ ਕਿਥੇ ਲੁਕਿਆ ਹੈ। ਲੋੜ ਏਸ ਗੱਲ ਦੀ ਹੈ ਕਿ ਸਾਡੀ ਪਹੁੰਚ ਇਸ ਦੱਬੇ ਤੇ ਕੁਚਲੇ ਹੋਏ ਵਰਗ ਤਕ ਹੋਵੇ ਤੇ ਇਨ੍ਹਾਂ ਦੀਆਂ ਤਕਲੀਫਾਂ ਤੇ ਦੁਖਾਂ ਨੂੰ ਸੁਣ ਕੇ ਇਸ ਦਾ ਇਲਾਜ ਸੋਚਿਆ ਜਾਵੇ। ਇਨ੍ਹਾਂ ਦੀਆਂ ਮੰਗਾਂ ਲੈ ਕੇ ਇਸ ਜਮਾਤ ਨੂੰ ਜਥੇਬੰਦ ਕੀਤਾ ਜਾਵੇ ਤੇ ਸਰਕਾਰ ਦਾ ਧਿਆਨ ਇਸ ਪਾਸੇ ਦੁਆਇਆ ਜਾਵੇ। ਇਸ ਤਰ੍ਹਾਂ ਕਰਨ ਨਾਲ ਜਮਾਤੀ ਸੂਝ ਪੈਦਾ ਹੋਵੇਗੀ ਤੇ ਇਸ ਗੱਲ ਦਾ ਵੀ ਇਲਮ ਹੋ ਜਾਵੇਗਾ ਕਿ ਸਾਡਾ ਅਸਲ ਦੁਸ਼ਮਣ ਨਾ ਹਿੰਦੂ, ਨਾ ਸਿੱਖ ਤੇ ਨਾ ਹੀ ਮੁਸਲਿਮ ਹੈ ਬਲਕਿ ਓਹ ਸਰਮਾਏਦਾਰ ਤਾਕਤ ਹੈ ਜਿਨ੍ਹਾਂ ਦੀਆਂ ਤਜੋਰੀਆਂ ਨੋਟਾਂ ਨਾਲ ਭਰੀਆਂ ਹੋਈਆਂ ਹਨ। ਜਿਥੇ ਬੇਸ਼ੁਮਾਰ ਦੌਲਤ ਜਮ੍ਹਾਂ ਪਈ ਹੈ। ਮੁਲਕ ਦੀ ਖੁਸ਼ਹਾਲੀ ਵਾਸਤੇ ਇਕ ਗੱਲ ਹੋਰ ਵੀ ਜ਼ਰੂਰੀ ਹੈ ਕਿ ਦੋਵੇਂ ਗੁਆਂਢੀ ਮੁਲਕ ਪਾਕਿਸਤਾਨ ਤੇ ਹਿੰਦੁਸਤਾਨ ਜੰਗ ਦਾ ਰਸਤਾ ਛੱਡ ਕੇ ਅਮਨ ਦਾ ਰਾਹ ਅਪਨਾਣ ਅਤੇ ਮੁਆਦਾ ਕਰਨ ਕਿ ਜਿੰਨੇ ਵੀ ਆਪਸੀ ਝਗੜੇ ਹਨ ਉਹ ਇਕ ਜਗ੍ਹਾ ਬੈਠ ਕੇ ਗੱਲਬਾਤ ਨਾਲ ਨਿਪਟਾਏ ਜਾਣ। ਨੰਬਰ ਦੋ: ਇਕ ਐਸਾ ਸਮਝੌਤਾ ਕੀਤਾ ਜਾਵੇ ਜਿਸ ਵਿਚ ਜੰਗ ਨਾ ਕਰਨ ਦਾ ਫੈਸਲਾ ਕੀਤਾ ਜਾਵੇ। ਇਸ ਤਰ੍ਹਾਂ ਕਰਨ ਨਾਲ ਅਰਬਾਂ ਡਾਲਰ ਜੋ ਜੰਗੀ ਹਥਿਆਰਾਂ ਤੇ ਖਰਚ ਕੀਤੇ ਜਾਂਦੇ ਹਨ ਦੋਨੋਂ ਮੁਲਕ ਗਰੀਬੀ ਦੂਰ ਕਰਨ ਤੇ ਖਰਚ ਕਰ ਸਕਦੇ ਹਨ ਜੇ ਉਹ ਐਸਾ ਕਰਨਾ ਚਾਹੁੰਦੇ ਹੋਣ। ਨਹੀਂ ਤਾਂ ਗਾਹਕ ਹੋਣਾ ਚਾਹੀਦਾ ਹੈ ਹਥਿਆਰਾਂ ਦੀ ਕਮੀ ਨਹੀਂ ਹਥਿਆਰ ਵੇਚਣ ਵਾਲਾ ਵਿਉਪਾਰੀ ਬੜਾ ਹੁਸ਼ਿਆਰ ਹੈ। ਉਹ ਸੁਲਾਹ ਕਰਨ ਦੀ ਸਲਾਹ ਨਹੀਂ ਦੇਵੇਗਾ ਬਲਕਿ ਐਟਮੀ ਮੀਜ਼ਾਇਲਾਂ ਬਣਾਉਣ ਲਈ ਟੈਕਨੀਕਲ ਸਹੂਲਤਾਂ ਮੁਹੱਈਆ ਕਰੇਗਾ ਤਾਂ ਕਿ 40 ਸਾਲ ਤੋਂ ਲਾਈ ਹੋਈ ਇਹ ਅੱਗ ਬੁਝਣੀ ਨਾ ਪਏ।

ਸਾਨੂੰ ਕੀ ਕਰਨਾ ਚਾਹੀਦਾ ਹੈ ਕਿ ਦੋਹਾਂ ਦੇਸ਼ਾਂ ਦੀ ਜੰਤਾ ਇਕ ਅਮਨ ਲਹਿਰ ਚਲਾਏ ਜਿਸ ਦਾ ਮੰਤਵ ਹੋਵੇ ਕਿ ਅਸੀਂ ਜੰਗ ਨਹੀਂ ਚਾਹੁੰਦੇ। ਹਥਿਆਰਾਂ ਦੀ ਇਹ ਦੌੜ ਬੰਦ ਕੀਤੀ ਜਾਵੇ। ਅਤੇ ਗਰੀਬ ਲੋਕਾਂ ਨੂੰ ਰੋਟੀ ਕੱਪੜਾ ਮਕਾਨ ਦਿਤਾ ਜਾਵੇ। ਆਪਣੀਆਂ ਆਪਣੀਆਂ ਸਰਕਾਰਾਂ ਨੂੰ ਲੱਖਾਂ ਲੋਕਾਂ ਦੇ ਦਸਤਖਤ ਕਰਾ ਕੇ ਮੈਮੋਰੈਂਡਮ ਦਿੱਤੇ ਜਾਣ। ਇਸ ਤਰ੍ਹਾਂ ਦੋਹਾਂ ਮੁਲਕਾਂ ਨੂੰ ਤਬਾਹ ਹੋਣ ਤੋਂ ਬਚਾਇਆ ਜਾ ਸਕਦਾ ਹੈ।

"ਯੇਹ ਤੋਂ ਮਾਨਾਂ ਕਿ ਤਗ਼ਾਫਲ ਨਾਂ ਕਰੋਗੇ ਲੇਕਿਨ
ਖਾਕ ਹੋ ਜਾਏਂਗੇ ਹਮ ਤੁਮ ਕੋ ਖਬਰ ਹੋਨੇਂ ਤੱਕ।"


PAUL'S PLUMBING, ELECTRICAL & HEATING SUPPLY





Plumbing & Bathroom Fixtures & Supplies
Hot Water Tanks
Hot Water Heating & Supplies And Instalations

*We cut and thread galvanized pipe*
*We Cut keys also.*

"Free customer parking at rear"

4578 Main St., At 30th Ave., Vancouver, B.C.
Sales: 872-3118
Service: 872-7227
HINDI, Punjabi Spoken



Thinking of Buying or Selling

New Houses, Lots, Building Contracts

Specializing :

Resale New Housing Lot Sales and Farms



Don't delay call now :
Hardeep S. Bhangav
Medellion Club Award Winner

ਰਹਾਇਸ਼ੀ ਘਰਾਂ, ਅਤੇ ਕਮਰਸ਼ਲ ਪਰਾਪਰਟੀ ਲਈ ਹਰਦੀਪ ਸਿੰਘ ਭੰਗਵ ਨੂੰ ਫੋਨ ਕਰੋ

HOMELIFE BENCHMARK REALTY CORPORATION

Ph. Off: 594-4141
Pager 438-2333 #1596
Bench Mark Realty Corp.
10 - 6830 King George HWY. Surrey

# The Manitoba Mirror

# ਮੈਨੀਟੋਬਾ ਦਰਪਣ


## V.I.P. SUPERMARKET

**Ph. 774-8671**

ਭਾਰਤੀ ਗਰੌਸਰੀ, ਤਾਜ਼ੀਆਂ ਸਬਜ਼ੀਆਂ,
ਬੱਕਰੇ ਦਾ ਤਾਜ਼ਾ ਮੀਟ, ਨਵੇਂ ਗਾਣਿਆਂ ਦੀਆਂ ਟੇਪਾਂ

ਗੋਲਗੱਪੇ ਅਤੇ ਸਮੋਸਾ ਮੇਕਰ
ਤੁਹਾਨੂੰ ਵੀ. ਆਈ. ਪੀ. ਸੁਪਰਮਾਰਕੀਟ ਤੋਂ ਹੀ
ਮਿਲ ਸਕਦੇ ਹਨ
ਸਭ ਤੋਂ ਪੁਰਾਣਾ ਗਰੌਸਰੀ ਸਟੋਰ ਜੋ 12 ਸਾਲ ਤੋਂ ਏਸੇ ਥਾਂ ਹੈ :

**V.I.P. SUPERMARKET**
739, Elice Ave. WINNIPEG, MAN.

## Moti Flour Industries

620 - Sophia St., SELKIRK — MAN.

**Ph. 204-482-4111**
**Or. 204-785-1054**

**100% ਡੁਰਮ ਕਣਕ ਦਾ ਆਟਾ**

ਵੇਸਣ, ਦਲੀਆ, ਮੱਕੀ ਦਾ ਆਟਾ ਹੋਲਸੇਲ ਕੀਮਤਾਂ ਉਤੇ

GRIND YOUR OWN MASALA

ਆਟਾ ਤੁਹਾਨੂੰ ਵੀ. ਆਈ. ਪੀ. ਸੁਪਰਮਾਰਕਿਟ ਤੋਂ ਵੀ ਮਿਲ ਸਕਦਾ ਹੈ

## Bombay Fashions & Fabrics

720 — SARGENT AVE. WINNIPEG, MAN. R3E 0B2 **PH. 783-0904**

ਵਿਨੀਪੈਗ ਸ਼ਹਿਰ ਵਿਚ ਨਵੇਂ ਨਵੇਂ ਲੇਟੇਸਟ ਡੀਜ਼ਾਇਨਾਂ ਅਤੇ ਭਾਰੀ ਵਰਾਇਟੀ ਦਾ
ਸਭ ਤੋਂ ਵੱਡਾ ਇਕੋ ਇਕ ਸਟੋਰ ਜਿਥੇ ਹਰ ਸਮੇਂ ਮਿਲਦੇ ਹਨ

- ਪੰਜਾਬੀ ਇਕ ਪੀਸ, ਦੋ ਪੀਸ ਤੇ ਤਿੰਨ ਪੀਸ ਸੂਟ
- ਹਰ ਤਰ੍ਹਾਂ ਦੀਆਂ ਇੰਡੀਆਂ ਦੀ ਸਿਲਕ ਦੀਆਂ ਅਤੇ ਜਾਪਾਨੀ ਸਾੜ੍ਹੀਆਂ
- ਵਿਆਹ ਸ਼ਾਦੀ ਦਾ ਸਾਰਾ ਸਮਾਨ ਲਹਿੰਗੇ, ਸੂਟ ਅਤੇ ਸਾੜ੍ਹੀਆਂ ਵੀ
- ਹਿੰਦੁਸਤਾਨੀ ਹਾਰ ਸ਼ਿੰਗਾਰ ਦਾ ਸਾਰਾ ਸਮਾਨ
- ਬੱਚਿਆਂ ਲਈ ਫੈਨਸੀ ਲਹਿੰਗੇ ਸੂਟ
- ਆਦਮੀਆਂ ਅਤੇ ਮੁੰਡਿਆਂ ਲਈ ਰੈਡੀਮੇਡ ਕੁੜਤੇ ਪਜਾਮੇ
- ਲੇਡੀਜ ਦੇ ਰੈਡੀਮੇਡ ਸੂਟ
- ਸ਼ਾਲ ਅਤੇ ਬਹੁਤ ਵਰਾਇਟੀ ਵਿਚ ਗੋਟਾ-ਕਿਨਾਰੀ

ਕੁਆਲਿਟੀ ਵਧੀਆ ਅਤੇ ਕੀਮਤਾਂ
ਬਿਲਕੁਲ ਵਾਜਬ
ਆਉ ਤੇ ਅਜ਼ਮਾ ਕੇ ਦੇਖੋ !!

**ਬੰਬੇ ਫੈਸ਼ਨਜ਼ ਅਤੇ ਫੈਬਰਿਕਸ**



## NORTH AMERICAN LIFE ASSURANCE CO.

**To Your Needs Which You Can Afford**

ਕੇਵਲ ਤਿੰਨ ਜਾਂ ਚਾਰ ਜਾਂ ਪੰਜ ਸਾਲਾਂ ਵਿਚ ਆਪਣੀ ਜ਼ਿੰਦਗੀ ਭਰ ਦੀ ਇਨਸ਼ੋਰੈਂਸ ਖ਼੍ਰੀਦਣ ਲਈ



Sukhjinder S. Dhillon
Res: 669-2573

**ਰਾਜ ਸਿੰਘ ਮਾਨ**
ਜਾਂ
**ਸੁਖਜਿੰਦਰ ਸਿੰਘ ਢਿੱਲੋਂ**
ਨੂੰ ਮਿਲੋ

● ਲਾਈਫ਼ ਇਨਸ਼ੋਰੈਂਸ ● ਗਰੁੱਪ ਇਨਸ਼ੋਰੈਂਸ ● ਮਾਰਗੇਜ ਇੰਨਸ਼ੋਰੈਂਸ
● ਬੱਚਿਆਂ ਦੀ ਪੜ੍ਹਾਈ ਦੀ ਇੰਨਸ਼ੋਰੈਂਸ

■ Personal ■ Children's ■ Group ■ Annuities

**Ph. 943-1526**

1507 - 330 Portage Ave. WINNIPEG, MAN. R3C 0C4



Raj Singh Maan Sales Manager
Res. 694-0731
Commissioner for oaths




# ਮੈਂ ਤਾਂ ਡਾਕਟਰ ਬਣਨਾ ਚਾਹੁੰਦੀ ਸਾਂ — ਸਵਪਨਾ

ਦੋ ਅਰਥੇ ਸੰਵਾਦ, ਊਲ-ਜਲੂਲ ਘਟਨਾ ਪ੍ਰਧਾਨ ਫਿਲਮਾਂ ਬਣਾਉਣ ਵਾਲੇ ਦਾਦਾ ਕੌਂਡਕੇ ਨੇ ਆਪਣੀ ਫਿਲਮ ਜਿਸ ਦਾ ਨਾਂ ਉਸ ਨੇ ਪਹਿਲਾਂ 'ਪੀਛੇ ਕੀ ਛੋੜ ਆਗੇ ਕੀ ਸੋਚ' ਰੱਖਿਆ ਸੀ, ਪਿਛੋਂ ਸੈਂਸਰ ਦੇ ਝੰਜਟ ਤੋਂ ਬਚਣ ਲਈ ਫਿਲਮ ਦਾ ਨਾਂ ਰੱਖਿਆ ਗਿਆ 'ਆਗੇ ਕੀ ਸੋਚ' ਮੁਕੰਮਲ ਕੀਤੀ। ਵਿਸ਼ਾ ਵਸਤੂ ਅਤੇ ਪੱਧਰ ਦੀ ਦ੍ਰਿਸ਼ਟੀ ਤੋਂ ਜੇ ਇਸ ਫਿਲਮ ਵਿਚ ਦਾਦਾ ਕੌਂਡਕੇ ਦੀਆਂ ਬਾਕੀ ਫਿਲਮਾਂ ਨਾਲੋਂ ਕੁਝ ਵੱਖਰਾ ਹੈ, ਤਾਂ ਉਹ ਹੈ ਇਸ ਫਿਲਮ ਦੀ ਹੀਰੋਇਨ। ਪਹਿਲਾਂ ਰਿਲੀਜ਼ ਹੋਈਆਂ ਦਾਦਾ ਕੌਂਡਕੇ ਦੀਆਂ ਦੋਵੇਂ ਹਿੰਦੀ ਫਿਲਮਾਂ ਦੀ ਹੀਰੋਇਨ ਊਸ਼ਾ ਚਵਾਨ ਦੀ ਥਾਂ ਤੇ 'ਆਗੇ ਕੀ ਸੋਚ' ਵਿਚ ਸਵਪਨਾ ਨੂੰ ਬਤੌਰ ਹੀਰੋਇਨ ਲੈ ਲਿਆ ਹੈ। ਅਜਿਹੀ ਹਾਲਤ ਵਿਚ 'ਸਵਪਨਾ' ਵਲ ਸਾਰਿਆਂ ਦਾ ਧਿਆਨ ਪਰਤਣਾ ਸੁਭਾਵਕ ਹੀ ਸੀ।

ਸਵਪਨਾ ਨੂੰ ਅਜੇ ਹਿੰਦੀ ਫਿਲਮ ਜਗਤ ਵਿਚ ਆਇਆਂ ਤਿੰਨ ਕੁ ਵਰ੍ਹੇ ਹੋਏ ਹਨ, ਪਰ ਅਜੇ ਤਕ ਉਹਨੂੰ ਅਜਿਹੀ ਸਫਲਤਾ ਪ੍ਰਾਪਤ ਨਹੀਂ ਹੋਈ ਹੈ, ਜਿਸ ਕਰਕੇ ਸਵਪਨਾ ਦੇ ਫਿਲਮੀ ਕੈਰੀਅਰ ਬਾਰੇ ਕੁਝ ਪੱਕੇ ਤੌਰ 'ਤੇ ਆਖਿਆ ਜਾ ਸਕੇ। ਸਵਪਨਾ ਦੀ ਪਹਿਲੀ ਹਿੰਦੀ ਫਿਲਮ 'ਏਕ ਦਿਨ ਬਹੂ ਕਾ' ਸੀ। ਇਹ ਫਿਲਮ ਬਾਕਸ ਆਫਿਸ ਉਤੇ ਤਾਂ ਝੰਡੇ ਨਹੀਂ ਗੱਡ ਸਕੀ, ਸਗੋਂ ਨਾਇਕਾ ਪ੍ਰਧਾਨ ਫਿਲਮ ਹੋਣ ਕਰਕੇ ਸਵਪਨਾ ਦੇ ਅਭਿਨੈ ਨੂੰ ਜ਼ਰੂਰ ਸਰਾਹਿਆ ਗਿਆ ਸੀ ਅਤੇ ਇਹੀ ਸਵਪਨਾ ਦੀ ਸਫਲਤਾ ਸੀ।

1980 ਵਿਚ ਜਦੋਂ ਸਵਪਨਾ ਬੀ. ਅਸ. ਸੀ. ਵਿਚ ਪੜ੍ਹ ਰਹੀ ਸੀ ਤਾਂ ਕਾਲਜ ਰੋਡ ਮਦਰਾਸ ਵਿਖੇ ਮਕ[illegible] ਵਿਚ ਆਪਣੇ ਇੰਜੀਨੀਅਰ ਮਾਮਾ ਨਾਲ ਰਹਿੰਦੀ ਹੁੰਦੀ ਸੀ, ਉਦੋਂ ਇਕ ਪੋਸਟਲ ਇੰਟਰਵਿਊ ਦੇ ਮਾਧਿਅਮ ਰਾਹੀਂ ਸਵਪਨਾ ਨੇ ਇਹ ਤੀਬਰ ਇੱਛਾ ਪ੍ਰਗਟ ਕੀਤੀ ਸੀ ਕਿ ਉਹ ਹਰ ਹਾਲਤ ਵਿਚ ਆਪਣੀ ਬੀ. ਐਸ. ਸੀ. ਦੀ ਪੜ੍ਹਾਈ ਪੂਰੀ ਕਰਨੀ ਚਾਹੁੰਦੀ ਹੈ। ਪਰ ਪ੍ਰਸਿੱਧ ਫਿਲਮ ਨਿਰਮਾਤਾ ਦਾਸਾਰੀ ਨਾਰਾਇਣ ਰਾਵ ਨੇ 'ਸਵਪਨਾ' ਨਾਂ ਨਾਲ ਹੀ ਇਕ ਫਿਲਮ ਬਣਾਈ ਅਤੇ ਉਸ ਦੀ ਹੀਰੋਇਨ ਬਣਾਇਆ 1980 ਦੀ 'ਮਦਰਾਸ ਕਵੀਨ' ਸਵਪਨਾ ਨੂੰ। ਫਿਲਮ ਦੀ ਸ਼ੂਟਿੰਗ ਸ਼ੁਰੂ ਹੁੰਦਿਆਂ ਹੀ ਸਵਪਨਾ ਦੱਖਣ ਦੀਆਂ ਫਿਲਮਾਂ ਦੀ ਸਟਾਰ ਬਣ ਗਈ ਅਤੇ ਧੜਾਧੜ ਫਿਲਮਾਂ ਮਿਲਣ ਲੱਗੀਆਂ।

ਸਵਪਨਾ ਦੀ ਪਹਿਲੀ ਗੈਰ ਹਿੰਦੀ ਫਿਲਮ 'ਸਵਪਨਾ' ਸੁਪਰ ਹਿੱਟ ਹੋਈ ਅਤੇ ਉਸ ਦਾ ਬੀ. ਐਸ. ਸੀ. ਦੀ ਡਿਗਰੀ ਹਾਸਲ ਕਰਨ ਦਾ ਸੁਪਨਾ ਧਰਿਆ ਧਰਾਇਆ ਰਹਿ ਗਿਆ। ਦੱਖਣ ਵਿਚ ਸਵਪਨਾ ਦੀ ਸਫਲਤਾ ਦਾ ਅਨੁਮਾਨ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ 1986 ਤਕ ਉਹ ਦੱਖਣ 'ਚ 60-70 ਫਿਲਮਾਂ ਵਿਚ ਕੰਮ ਕਰ ਚੁਕੀ ਸੀ।

ਦੱਖਣ ਸਿਨੇਮਾ ਵਿਚ ਆਪਣੀ ਥਾਂ ਬਣਾ ਲੈਣ ਪਿਛੋਂ ਹਿੰਦੀ ਫਿਲਮਾਂ ਵਿਚ ਪੈਰ ਧਰਨ ਬਾਰੇ ਸਵਪਨਾ ਦਾ ਕਹਿਣਾ ਹੈ, "ਹਿੰਦੀ ਫਿਲਮਾਂ ਵਿਚ ਆਉਣ ਲਈ ਮੈਂ ਬਿਲਕੁਲ ਕੋਸ਼ਿਸ਼ ਨਹੀਂ ਕੀਤੀ ਹੈ। 'ਏਕ ਦਿਨ ਬਹੂ ਕਾ' ਵਿਚ ਹੀਰੋਇਨ ਦੀ ਆਫਰ ਲੈ ਕੇ ਇਬਰਾਹੀਮ ਨਾਡਿਆਡਵਾਲਾ ਖੁਦ ਸਾਡੇ ਮਦਰਾਸ ਸਥਿਤ ਘਰ ਆਏ ਸਨ, ਇਹ ਮੇਰੇ ਲਈ ਇਕ ਚੰਗਾ ਮੌਕਾ ਸੀ ਅਤੇ ਮੈਂ ਇਸ ਨੂੰ ਗੁਆਉਣਾ ਠੀਕ ਨਹੀਂ ਸਮਝਿਆ।"

ਨਿਰਸੰਦੇਹ ਸਵਪਨਾ ਇਕ ਪ੍ਰਤਿਭਾਵਾਨ ਵਿਦਿਆਰਥਣ ਰਹੀ ਹੈ ਵਰਤਮਾਨ ਸਥਿਤੀ ਦੇ ਬਿਲਕੁਲ ਉਲਟ ਸਵਪਨਾ ਨੇ ਕਦੇ ਕਿਸੇ ਨਾਟਕ ਵਿਚ ਬਚਪਨ ਤੋਂ ਨਾ ਹਿਸਾ ਹੀ ਲਿਆ ਅਤੇ ਨਾ ਹੀ ਕੋਈ ਨਾਟਕ ਦੇਖਿਆ। ਹਾਂ, ਵੰਨ-ਸੁਵੰਨੇ ਕੱਪੜੇ ਪਾਉਣ ਦਾ ਸ਼ੌਕ ਉਸ ਨੂੰ ਜ਼ਰੂਰ ਰਿਹਾ ਹੈ। 1986 ਦੇ ਸ਼ੁਰੂ ਵਿਚ ਸਵਪਨਾ ਨੂੰ ਕਈ ਚੰਗੀਆਂ ਹਿੰਦੀ ਫਿਲਮਾਂ ਮਿਲ ਗਈਆਂ ਤਾਂ ਉਸ ਨੇ ਬੰਬਈ ਵਿਚ ਹੀ ਰਹਿਣ ਦਾ ਫੈਸਲਾ ਕੀਤਾ। ਬੰਬਈ ਦੇ ਉਪ ਨਗਰ ਵਰਸੋਵਾ ਵਿਚ ਇਕ ਫਲੈਟ ਖਰੀਦ ਲੈਣ ਪਿਛੋਂ ਸਵਪਨਾ ਨੇ ਇਕ ਮੁਲਾਕਾਤ ਵਿਚ ਦੱਸਿਆ ਸੀ, "ਮੇਰੀ ਅਸਲ ਇੱਛਾ ਡਾਕਟਰ ਬਣਨ ਦੀ ਸੀ, ਇਸ ਲਈ ਮੈਂ ਬਾਇਲੋਜੀ ਗਰੁਪ ਵਿਚ ਬੀ ਐਸ ਸੀ ਕਰਨਾ ਚਾਹੁੰਦੀ ਸਾਂ। ਪਰ ਮੈਂ ਡਾਕਟਰ ਨਾ ਬਣ ਸਕੀ। ਇਸ ਦਾ ਮੈਨੂੰ ਅੱਜ ਵੀ ਅਫਸੋਸ ਹੈ। ਮੈਂ ਕਦੇ ਵੀ ਫਿਲਮਾਂ ਵਿਚ ਆਉਣ ਬਾਰੇ ਸੋਚਿਆ ਵੀ ਨਹੀਂ ਸੀ।"

ਨਾਲ ਹੀ ਸਵਪਨਾ ਨੇ ਇਸ ਗੱਲ ਉਤੇ ਤਸੱਲੀ ਪ੍ਰਗਟ ਕੀਤੀ ਸੀ ਕਿ ਜਿਹੜਾ ਕੰਮ ਉਹ ਨਾ ਕਰ ਸਕੀ ਉਸ ਦੀ ਛੋਟੀ ਭੈਣ ਕਰ ਰਹੀ ਹੈ। ਮਦਰਾਸ ਵਿਚ ਐਮ ਬੀ ਬੀ ਐਸ ਵਿਚ ਪਿਛਲੇ ਸਾਲ ਸਵਪਨਾ ਦੀ ਛੋਟੀ ਭੈਣ ਨੂੰ ਪ੍ਰਵੇਸ਼ ਮਿਲ ਗਿਆ ਸੀ।

ਸਵਪਨਾ ਨੇ ਜਿਨ੍ਹਾਂ ਹਿੰਦੀ ਫਿਲਮਾਂ ਵਿਚ ਕੰਮ ਕੀਤਾ ਹੈ ਉਹ ਹਨ — ਧਰਮਿੰਦਰ ਦੀ ਸੁਪਰ ਹਿੱਟ ਫਿਲਮ 'ਹਕੂਮਤ' ਸ਼ਸ਼ੀ ਕਪੂਰ ਅਤੇ ਰਾਜ ਬੱਬਰ ਨਾਲ 'ਹਕੀਕਤ' ਵਿਚ ਅਤੇ ਹੁਣ ਦਾਦਾ ਕੌਂਡਕੇ ਨਾਲ 'ਆਗੇ ਕੀ ਸੋਚ' ਵਿਚ ਕੰਮ ਕਰ ਰਹੀ ਹੈ। ਦਾਦਾ ਕੌਂਡਕੇ ਅਤੇ ਉਨ੍ਹਾਂ ਦੀ ਫਿਲਮ



*ਆਗੇ ਕੀ ਸੋਚ ਦੀ ਨਾਇਕਾ ਸਵਪਨਾ*

ਬਾਰੇ ਜਦੋਂ ਸਵਪਨਾ ਤੋਂ ਪੁਛਿਆ ਗਿਆ ਤਾਂ ਉਸ ਨੇ ਆਖਿਆ, "ਮੈਂ ਕਦੇ ਬੁਰੀਆਂ ਆਦਤਾਂ ਵਿਚ ਨਹੀਂ ਪਈ ਅਤੇ ਨਾ ਹੀ ਅਸ਼ਲੀਲ ਪ੍ਰਦਰਸ਼ਨ ਵਿਚ ਯਕੀਨ ਰੱਖਦੀ ਹਾਂ। ਦਾਦਾ ਕੌਂਡਕੇ ਵਰਗੇ ਸੁਲਝੇ ਹੋਏ ਫਿਲਮਕਾਰ ਲਈ ਇਹ ਕਹਿਣਾ ਮੈਂ ਠੀਕ ਨਹੀਂ ਸਮਝਦੀ ਕਿ ਉਹ ਕੁਝ ਅਸ਼ਲੀਲ ਦ੍ਰਿਸ਼ ਜਾਂ ਸੰਵਾਦ ਫਿਲਮਾਉਂਦੇ ਹਨ। ਜਿਥੋਂ ਤੱਕ ਦੋ-ਅਰਥੇ ਡਾਇਲਾਗ ਦਾ ਪ੍ਰਸ਼ਨ ਹੈ ਤਾਂ ਫਿਲਮ ਦੀ ਸਫਲਤਾ ਲਈ ਵੀ ਕੁਝ ਕਰਨਾ ਤਾਂ ਹੁੰਦਾ ਹੀ ਹੈ। ਬੇਹਤਰ ਇਹ ਹੈ ਕਿ ਇਸ ਬਾਰੇ ਤੁਸੀਂ ਮੈਨੂੰ ਇਸ ਫਿਲਮ ਦੇ ਪਿਛੋਂ ਪੁਛੋ ...।"

ਰਾਂਚੀ (ਬਿਹਾਰ) ਵਿਚ ਜੰਮੀ, ਬੰਬਈ ਅਤੇ ਮਦਰਾਸ ਵਿਚ ਪਲੀ-ਪੜ੍ਹੀ ਸਵਪਨਾ ਦੇ ਸੁਪਨੇ ਕਾਫੀ ਉਚੇ ਹਨ। ਸਫਲਤਾ ਦੀਆਂ ਕਿੰਨੀਆਂ ਪੌੜੀਆਂ ਉਹ ਚੜ੍ਹ ਸਕੇਗੀ। ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ। ਹਾਂ, ਸਵਪਨਾ ਬਾਰੇ ਇਕ ਗੱਲ ਕੁਝ ਲੀਕ ਨਾਲੋਂ ਹਟਕੇ ਹੈ ਕਿ ਕਈ ਵਰ੍ਹੇ ਬੰਬਈ ਫਿਲਮ ਉਦਯੋਗ ਵਿਚ ਰਹਿ ਕੇ ਵੀ ਅਜੇ ਤਕ ਕਿਸੇ ਹੀਰੋ ਨਾਲ ਉਸ ਦੇ ਰੁਮਾਂਸ ਦੇ ਚਰਚੇ ਨਹੀਂ ਹੋਏ। ਸਵਪਨਾ ਅਨੁਸਾਰ ਤਾਂ ਅਜਿਹਾ ਉਸਦੇ ਹਿੱਤ ਵਿਚ ਹੀ ਹੈ। ਦੇਖਣਾ ਇਹ ਹੈ ਕਿ ਕਿੰਨੇ ਦਿਨਾਂ ਤਕ ਸਵਪਨਾ ਆਪਣੇ ਆਪ ਨੂੰ ਸਾਂਭਦੀ ਹੈ।

ਅਨਿਲ ਸ਼ਰਮਾ ਦੀ ਫਿਲਮ 'ਹਕੂਮਤ' ਨੇ ਸਵਪਨਾ ਦੀ ਕਿਸਮਤ ਹੀ ਬਦਲ ਕੇ ਰੱਖ ਦਿੱਤੀ ਹੈ। ਬੰਬਈ ਸਥਿਤ ਉਸ ਦੇ ਘਰ ਵਿਚ ਹੋਈ ਗੱਲਬਾਤ ਦੇ ਮੁਖ ਅੰਸ਼ ਇਥੇ ਪੇਸ਼ ਹਨ :

ਫਿਲਮੀ ਦੁਨੀਆਂ ਵਿਚ ਤੁਹਾਡੇ ਚੰਗੇ ਪ੍ਰਦਰਸ਼ਨ ਦੇ ਬਾਵਜੂਦ ਤੁਹਾਡੇ ਸਫਲਤਾ ਪ੍ਰਾਪਤ ਕਰਨ ਵਿਚ ਇੰਨੀ ਦੇਰ ਕਿਉਂ ਲੱਗੀ ?

ਜਦੋਂ ਮੇਰੀ ਫਿਲਮ 'ਏਕ ਦਿਨ ਬਹੂ ਕਾ' ਰਿਲੀਜ਼ ਹੋਈ ਤਾਂ ਬਾਕਸ ਆਫਿਸ ਉਤੇ ਇਸ ਤੋਂ ਕਾਫੀ ਆਸਾਂ ਰੱਖੀਆਂ ਗਈਆਂ ਸਨ। ਇਸ ਵਿਚ ਮੈਂ ਆਪਣੀ ਉਚ ਕੋਟੀ ਦਾ ਅਭਿਨੈ ਵੀ ਕੀਤਾ ਸੀ। ਅਤੇ ਹਾਲਾਂਕਿ ਇਸ ਫਿਲਮ ਵਿਚ ਮੇਰੇ ਅਭਿਨੈ ਦੀ ਸ਼ਲਾਘਾ ਕੀਤੀ ਗਈ ਅਤੇ ਲੋਕਾਂ ਦੀਆਂ ਨਜ਼ਰਾਂ ਵਿਚ ਮੈਂ ਚੜ੍ਹ ਵੀ ਗਈ ਪਰ ਜਦੋਂ ਮੈਨੂੰ ਕੁਝ ਕਾਂਟਰੈਕਟ ਪੂਰੇ ਕਰਨ ਲਈ ਮਦਰਾਸ ਜਾਣਾਂ ਪੈ ਗਿਆ ਜਿਸ ਕਰਕੇ ਲੋਕਾਂ ਨੂੰ ਮੇਰੇ ਬਾਰੇ ਬਹੁਤ ਗਲਤ ਫਹਿਮੀਆਂ ਪੈਦਾ ਹੋ ਗਈਆਂ ਅਤੇ ਉਨ੍ਹਾਂ ਨੇ ਸਮਝ ਲਿਆ ਕਿ ਪਹਿਲੀ ਫਿਲਮ ਅਸਫਲ ਹੋ ਜਾਣ ਪਿਛੋਂ ਮੈਂ ਆਪਣਾ ਬੋਰੀ ਬਿਸਤਰਾ ਚੁਕ ਕੇ ਇਥੋਂ ਦਫਾ ਹੋ ਗਈ ਹਾਂ। ਮੈਂ ਵੀ ਫੈਸਲਾ ਕਰ ਲਿਆ ਕਿ ਮੈਂ ਉਨ੍ਹਾਂ ਦੀ ਧਾਰਨਾ ਨੂੰ ਗਲਤ ਸਿੱਧ ਕਰਕੇ ਦਿ ਖਾਵਾਂਗੀ। ਇਸ ਲਈ ਮੈਂ ਪਰਤ ਆਈ, ਸੰਘਰਸ਼ ਕੀਤਾ ਅਤੇ ਸਿੱਟਾ ਤੁਹਾਡੇ ਸਾਹਮਣੇ ਹੈ। ਅੱਜ ਮੇਰੇ ਕੋਲ ਬਹੁਤ ਚੰਗੀਆਂ ਅਤੇ ਵੱਡੇ ਬੈਨਰ ਦੀਆਂ ਫਿਲਮਾਂ ਹਨ। ਜਿਨ੍ਹਾਂ ਵਿਚ ਮੇਰੇ ਰੋਲ ਕਾਫੀ ਤਗੜੇ ਹਨ। ਇਸ ਦੌਰਾਨ ਮੀਡੀਆ ਨੇ ਮੈਨੂੰ ਬਦਨਾਮ ਕਰਨ ਦੀ ਕਾਫੀ ਕੋਸ਼ਿਸ਼ ਕੀਤੀ ਹੈ ਪਰ ਮੇਰੀ ਨਿੱਜੀ ਜ਼ਿੰਦਗੀ ਮੇਰੀ ਆਪਣੀ ਹੈ ਅਤੇ ਕਿਸੇ ਨੂੰ ਇਸ ਬਾਰੇ ਫਿਕਰ ਕਿਉਂ ਹੋਵੇ ?

ਕੀ ਸਿਰਫ ਆਪਣਾ ਅਕਸ ਉਭਾਰਨ ਲਈ ਤੁਸੀਂ ਅਨਿਲ ਸ਼ਰਮਾ ਉਤੇ ਡੋਰੇ ਨਹੀਂ ਪਾ ਰਹੇ। ਨਹੀਂ ਤਾਂ ਤੁਹਾਨੂੰ 'ਫਰਿਸ਼ਤੇ' ਵਿਚ ਰੋਲ ਕਿਵੇਂ ਮਿਲਦਾ ?

ਮੈਂ ਅਜਿਹੀਆਂ ਅਫਵਾਹਾਂ ਉਤੇ ਸਿਰਫ ਹੱਸ ਹੀ ਸਕਦੀ ਹਾਂ। ਮੈਂ ਪਹਿਲਾਂ ਹੀ ਆਪਣੀ ਪ੍ਰਤਿਭਾ ਸਿੱਧ ਕਰ ਚੁਕੀ ਹਾਂ। ਹੁਣ ਕੋਈ ਇੰਨਾ ਮੂਰਖ ਤਾਂ ਨਹੀਂ ਹੋਵੇਗਾ ਕਿ ਬਿਨਾਂ ਪ੍ਰਤਿਭਾ ਦੇ ਕਿਸੇ ਨੂੰ ਅੱਖਾਂ ਉਤੇ ਬਿਠਾਉਂਦਾ ਫਿਰੇ। ਦੱਖਣ ਭਾਰਤ ਵਿਚ ਲਗਭਗ ਸਾਰੇ ਵੱਡੇ ਅਭਿਨੇਤਾਵਾਂ ਨਾਲ ਅਤੇ ਲਗਪਗ 70 ਖੇਤਰੀ ਫਿਲਮਾਂ ਵਿਚ ਕੰਮ ਕਰ ਚੁਕੀ ਹਾਂ ਜੋ ਕਿ ਕਿਸੇ ਵੀ ਨਜ਼ਰੀਏ ਤੋਂ ਕੋਈ ਮਾਮੂਲੀ ਪ੍ਰਾਪਤੀ ਨਹੀਂ ਹੈ। ਇਸ ਲਈ ਅੱਜ ਜੇ ਮੈਂ ਬੰਬਈ ਵਿਚ ਵੱਡੇ ਵੱਡੇ ਅਭਿਨੇਤਾਵਾਂ ਨਾਲ ਕੰਮ ਕਰ ਰਹੀ ਹਾਂ ਤਾਂ ਇਸ ਦਾ ਮਤਲਬ ਇਹ ਕਿਵੇਂ ਕੱਢਿਆ ਜਾ ਸਕਦਾ ਹੈ ਕਿ ਇਹ ਅਨਿਲ ਸ਼ਰਮਾ ਨਾਲ ਚਕਰ ਚਲਾਉਣ ਦਾ ਸਿੱਟਾ ਹੈ। ਹੁਣ 'ਫਰਿਸ਼ਤੇ' ਵਿਚ ਤਾਂ ਧਰਮ ਜੀ ਵੀ ਹਨ ਜਿਨ੍ਹਾਂ ਨੇ ਅਨਿਲ ਦੀ 'ਹਕੂਮਤ' ਵਿਚ ਵੀ ਕੰਮ ਕੀਤਾ ਸੀ। ਇਸ ਤਰ੍ਹਾਂ ਦੀਆਂ ਕਹਾਣੀਆਂ ਘੜਨ ਦਾ ਭਲਾ ਕੀ ਲਾਭ ਹੈ 'ਫਰਿਸ਼ਤੇ' ਵਿਚ ਮੈਂ ਇਸ ਲਈ ਹਾਂ ਕਿਉਂਕਿ ਕਹਾਣੀ ਅਨੁਸਾਰ ਉਸ ਵਿਚ ਸਵਪਨਾ ਦੀ ਲੋੜ ਸੀ ਅਤੇ ਮੈਂ 'ਫਰਿਸ਼ਤੇ' ਦੇ ਨਿਰਮਾਤਾਵਾਂ ਦੀ ਸਪੱਸ਼ਟ ਪਸੰਦ ਸਾਂ। ਅਨਿਲ ਸ਼ਰਮਾ ਨਾਲ ਮੇਰੇ ਚੱਕਰਾਂ ਅਤੇ ਰੁਮਾਂਸ ਦੀਆਂ ਸਾਰੀਆਂ ਗੱਲਾਂ ਬਕਵਾਸ ਹਨ। ਉਹ ਸਿਰਫ ਮੇਰੇ ਇਕ ਚੰਗੇ ਦੋਸਤ ਹਨ। ਆਸ਼ਕ ਤਾਂ ਉਹ ਹੁੰਦਾ ਹੈ ਜੋ ਮਾਸ਼ੂਕ ਉਤੇ ਪੂਰੀ ਫਿਲਮ ਬਣਾਏ। ਜੇ ਅਨਿਲ ਸ਼ਰਮਾ ਮੇਰਾ ਆਸ਼ਿਕ ਹੁੰਦਾ ਤਾਂ ਕੀ ਉਹ ਅਜਿਹੀ ਫਿਲਮ ਨਾ ਬਣਾਉਂਦਾ ਜੋ ਸਾਰੀ ਦੀ ਸਾਰੀ ਮੇਰੇ ਇਰਦ-ਗਿਰਦ ਘੁੰਮਦੀ।

SALE!

# Ambika

## 5125 Victoria Drive, Vancouver, B.C.

# Anniversary

## SALE STARTS FROM 25th

| | | | | |
|---|---|---|---|---|
| ATTA | Atta<br>ਫਰੀਨ ਆਟਾ<br>10 kg. 4.99 | Chana Flour<br>ਬੇਸਣ<br>2 kg. 1.89 | All Purpose Flour<br>ਮੈਦਾ<br>4.99<br>10 kg. | SPICES |
| OIL | Veg. Oil<br>ਵੈਜੀਟੇਬਲ ਤੇਲ<br>3 lit 2.39 | Sun Flower Oil ਸਨ-ਫਲਾਵਰ ਤੇਲ<br>3 lit 2.99 | Mazola Oil<br>ਮਜੌਲਾ ਤੇਲ<br>3 lit 4.99 | Haldi<br>ਹਲਦੀ<br>89¢<br>lb. |
| MEAT | Chicken Legs<br>ਚਿਕਨ ਲਿਗਜ਼<br>79¢ lb | Lamb Chops<br>ਲੈਂਬ ਚੌਪ<br>99¢ lb | Chicken Wings<br>ਚਿਕਨ ਵਿੰਗਜ਼<br>99¢ lb | Mirch<br>ਮਿਰਚ<br>89¢<br>lb. |
| EXTRA | Pick Me Up Sauce<br>ਪਿਕ ਮੀ ਅਪ ਸੌਸ<br>99¢<br>Bottle | Pure Ceylon Tea<br>ਵਧੀਆ ਸੀਲੋਂਨ ਚਾਹ<br>99¢<br>Box 250 Gm | Rooh Afza<br>Hamadard<br>ਰੂਹ ਅਫਜ਼ਾ<br>1.99<br>Bottle | Dhania<br>ਧਨੀਆ<br>99¢<br>lb. |
| RICE | Long Grain Rice<br>ਲੌਂਗ ਗਰੇਨ ਚਾਵਲ<br>20 kg. 11.89 | Basmati Rice<br>ਬਾਸਮਤੀ ਚਾਵਲ<br>79¢<br>lb. | | Jeera<br>ਜ਼ੀਰਾ<br>1.89<br>lb. |

## Cash & Carry No Cheques

# Foods

## Ph. 327-0295

# Sale

ਸੇਲ!

## JUNE TO END OF JULY

| CAN PRODUCT | | | | | |
|---|---|---|---|---|---|
| | Tinda (Amrit Brand) ਟੀਂਡਾ 79¢ Tin | Karela ਕਰੇਲਾ 79¢ can | Zimikand ਜ਼ਿਮੀਕੰਦ 79¢ can | Pachranga Achar ਪਚਰੰਗਾ ਆਚਾਰ 99¢ can 800 gm. | Mango Pickle (Amrit Brand) ਅੰਬ ਦਾ ਆਚਾਰ 1.99 800 gm. can |

| DAIRY & FROZEN | | | | |
|---|---|---|---|---|
| | Milk ਦੁੱਧ 2.99 4 lit | Butter Milk ਦਹੀਂ 89¢ 1 lit. | Frozen Kasawa ਫਰੋਜ਼ਨ ਕਸਾਵਾ 69¢ Packet | Coconut Cream ਕੋਕੋਨਟ ਕਰੀਮ 39¢ Packet |

| NUTS | | | | |
|---|---|---|---|---|
| | Almonds ਬਦਾਮ 1.99 lb. | Pista ਪਿਸਤਾ 3.99 lb. | Kashew ਕਾਜੂ 5.89 lb. | Peanuts ਮੂੰਗਫਲੀ 59¢ lb. |

| BEANS & DALS | | | | |
|---|---|---|---|---|
| | Kabuli Chana ਕਾਬਲੀ ਛੋਲੇ 39¢ lb. | Black Chana ਕਾਲੇ ਛੋਲੇ 9¢ lb. | Manh ਮਾਂਹ 39¢ lb. | Massar ਮਸਰ 29¢ lb. |

| | |
|---|---|
| Peas ਮਟਰ 19¢ | **Grind Your Own Masala** (Extra charge) |

RIGHT TO LIMIT QUANTITY & CHANGE
PRICES WITHOUT NOTIC

# GILL AUTO SALES




7762 - Edmonds St., Burnaby, B.C.

DLR #8220

OPEN MON.—FRI. 9 AM-8 PM — SAT. 9 AM-6 PM — SUN. 10 AM-4 PM

## ਕਾਰਾਂ ਉਤੇ ਸਪੈਸ਼ਲ ਸੇਲ

ਸਾਡੇ ਕੋਲ ਹਰ ਮਾਡਲ ਦੀਆਂ ਕਾਰਾਂ ਹਨ — ਦੇਖਣ ਲਈ ਅੱਜ ਹੀ ਪੁੱਜੋ — ਵਾਜਬ ਕੀਮਤਾਂ

# GILL VANS




## Conversions & Accessories

| | |
|---|---|
| Bench Seats installed from ........................................ | $300 |
| Captain Chairs with swivel bases, custom made from ..... | pr. $390 |
| Sofa bed Deluxe from .................................................. | $475 |
| Bay Windows installed from ......................................... | $99 |
| Complete Van Interior from ........................................... | $725 |
| Raised Roof installed from ............................................. | $850 |
| Used Factory Seats with bases from | pr. $90 |

- Accessories
- Service
- Installations
- Auto Upholstery

CALL **522-2122** COLLECT